




Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 49; December 13, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਡੇਰਾ ਮੁਖੀ ਦਾ ਮੁਆਫ਼ੀਨਾਮਾ ਮਨਜ਼ੂਰ ਕਰਨ ਵਾਲੇ ਸਾਬਕਾ ਜਥੇਦਾਰ ਨੂੰ ਲੱਗੀ ਤਨਖ਼ਾਹ

### ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਵਿਅਕਤੀਆਂ ਨੂੰ ਸੁਣਾਈ ਗਈ ਧਾਰਮਿਕ ਸਜ਼ਾ





**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਨੂੰ ਮਾਫ਼ੀ ਦੇਣ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ, ਗੁਰਬਚਨ ਸਿੰਘ ਨੂੰ ਪੰਜ ਸਿੰਘ ਸਾਹਿਬਾਨ ਨੇ ਸੋਮਵਾਰ ਨੂੰ ਤਨਖਾਹੀਆ ਕਰਾਰ ਦਿੰਦੇ ਹੋਏ ਧਾਰਮਿਕ ਸਜ਼ਾ ਸੁਣਾਈ ਗਈ। ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ 'ਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਇਸ 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਲ ਸਨ। ਮੀਟਿੰਗ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਕਰਮਜੀਤ ਸਿੰਘ, ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ, ਨਿਰਵੈਰ ਖ਼ਾਲਸਾ ਜਥਾ ਯੂਕੇ ਦੇ ਪ੍ਰਚਾਰਕ ਭਾਈ ਹਰਿੰਦਰ ਸਿੰਘ ਸਮੇਤ ਕਈ ਮਾਮਲਿਆ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੋਕਤ ਸਾਰੇ ਵਿਅਕਤੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਗ਼ਲਤੀਆਂ ਮੰਨੀਆ ਤੇ ਮਾਫ਼ੀ ਮੰਗੀ। ਇਸ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹਾਂ ਲਗਾਈਆਂ ਗਈਆਂ। ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮਾਫ਼ੀ ਦੇਣ ਦੇ ਮਾਮਲੇ 'ਚ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਮਣੇ ਪੇਸ਼ ਹੋ ਕੇ ਗ਼ਲਤੀ ਮੰਨਦਿਆਂ ਖਿਮਾਂ ਜਾਚਨਾ ਕੀਤੀ, ਜਿਹੜੀ ਪੰਜ ਸਿੰਘ ਸਾਹਿਬਾਨ ਨੇ ਪ੍ਰਵਾਨ ਕਰ ਲਈ। ਇਸ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੂੰ ਧਾਰਮਿਕ ਸਜ਼ਾ ਸੁਣਾਈ ਗਈ। ਉਨ੍ਹਾਂ ਨੂੰ ਦੋ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ 'ਚ ਇਕ ਘੰਟਾ ਭਾਂਡੇ ਮਾਂਜਣ, ਇੱਕ ਘੰਟਾ ਜੋੜਾ ਘਰ

(ਬਾਕੀ ਸਫ਼ਾ 6 'ਤੇ)

## ਕਾਂਗਰਸ ਨੇ ਵੰਦੇ ਮਾਤਰਮ ਕੀਤਾ ਟੁਕੜੇ-ਟੁਕੜੇ: ਮੋਦੀ

**ਨਵੀਂ ਦਿੱਲੀ:** ਰਾਸ਼ਟਰ ਗੀਤ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ 'ਤੇ ਸੋਮਵਾਰ ਨੂੰ ਲੋਕ ਸਭਾ 'ਚ ਵਿਸ਼ੇਸ਼ ਚਰਚਾ ਦੀ ਸ਼ੁਰੂ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਤਿਹਾਸਕ ਤੱਥਾਂ ਦੇ ਸਹਾਰੇ ਕਾਂਗਰਸ ਨੂੰ ਇਕ ਵਾਰੀ ਮੁੜ ਕਟਹਿਰੇ 'ਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ।



ਰਾਸ਼ਟਰ ਗੀਤ ਦੀ ਪਾਵਨ ਭਾਵਨਾ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਹਾਲਾਤ ਨੂੰ ਵੀ ਸਾਡੀ ਨਵੀਂ ਪੀੜ੍ਹੀ ਦੀ ਲੋੜ ਦੱਸਣਾ ਸਾਡੀ ਜ਼ਿੰਮੇਵਾਰੀ ਹੈ, ਜਿਸ ਕਾਰਨ ਵੰਦੇ ਮਾਤਰਮ ਦੇ ਨਾਲ ਵਿਸ਼ਵਾਸਘਾਤ ਕੀਤਾ ਗਿਆ। ਉਨ੍ਹਾਂ ਦੋਸ਼ ਲਗਾਇਆ ਕਿ ਤੁਸ਼ਟੀਕਰਨ ਦੀ ਸਿਆਸਤ ਦੇ ਦਬਾਅ 'ਚ ਕਾਂਗਰਸ ਨੇ ਵੰਦੇ ਮਾਤਰਮ ਦੀ ਵੰਡ ਲਈ ਝੁਕੀ, ਇਸ ਲਈ ਕਾਂਗਰਸ ਨੂੰ ਇਕ ਦਿਨ ਭਾਰਤ ਦੀ ਵੰਡ ਲਈ ਝੁਕਣਾ ਪਿਆ। ਬਦਕਿਸਮਤੀ ਨਾਲ ਕਾਂਗਰਸ ਦੀਆਂ ਨੀਤੀਆਂ ਪਹਿਲੇ ਵਾਂਗ ਹੀ ਹਨ। ਅੱਜ ਵੀ ਜਿਨ੍ਹਾਂ-ਜਿਨ੍ਹਾਂ ਦੇ ਨਾਂ ਨਾਲ ਕਾਂਗਰਸ ਦੀਆਂ ਨੀਤੀਆਂ ਪਹਿਲੇ ਵਾਂਗ ਹੀ ਹਨ। ਅੱਜ ਵੀ ਜਿਨ੍ਹਾਂ-ਜਿਨ੍ਹਾਂ ਦੇ ਨਾਂ ਨਾਲ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਸਦ 'ਚ ਗੰਭੀਰ ਚਰਚਾ ਚੱਲ ਰਹੀ ਹੈ, ਪਰ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਸਦਨ 'ਚ ਮੌਜੂਦ ਨਹੀਂ ਹਨ। ਪਹਿਲਾਂ ਨਹਿਰੂ ਤੇ ਹੁਣ ਰਾਹੁਲ ਗਾਂਧੀ ਨੇ ਵੰਦੇ ਮਾਤਰਮ ਦਾ ਅਪਮਾਨ ਕੀਤਾ ਹੈ।

ਪ੍ਰਧਾਨ ਮੰਤਰੀ ਨੇ ਚਰਚਾ ਦੌਰਾਨ ਦਾਅਵਾ ਕੀਤਾ ਕਿ ਵੰਦੇ ਮਾਤਰਮ ਦੇ ਪ੍ਰਤੀ ਮੁਸਲਿਮ ਲੀਗ ਦੀ ਵਿਰੋਧ ਦੀ ਸਿਆਸਤ ਤੇਜ਼ ਹੁੰਦੀ ਜਾ ਰਹੀ ਸੀ। ਮੁਹੰਮਦ ਅਲੀ ਜਿੰਨਾ ਨੇ ਲਖਨਊ ਤੋਂ 15 ਅਕਤੂਬਰ, 1937 ਨੂੰ ਵੰਦੇ ਮਾਤਰਮ ਖ਼ਿਲਾਫ਼ ਨਾਅਰਾ ਬੁਲੰਦ ਕੀਤਾ ਸੀ। ਫਿਰ ਕਾਂਗਰਸ ਦੇ ਤੱਤਕਾਲੀ ਪ੍ਰਧਾਨ ਜਵਾਹਰ ਲਾਲ ਨਹਿਰੂ ਨੂੰ ਆਪਣੀ ਗੱਦੀ ਡੋਲਦੀ ਦਿਖੀ। ਨਹਿਰੂ ਜੀ ਨੇ ਮੁਸਲਿਮ ਲੀਗ ਦੇ ਬੇਬੁਨਿਆਦ ਬਿਆਨਾਂ ਨੂੰ ਤਗੜਾ ਜਵਾਬ ਦੇਣ ਤੇ ਉਸਦੇ ਬਿਆਨਾਂ ਦੀ ਨਿੰਦਾ ਕਰਨ ਦੀ ਬਜਾਏ ਵੰਦੇ ਮਾਤਰਮ ਦੀ ਹੀ ਪੜਤਾਲ ਸ਼ੁਰੂ ਕਰ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿਜਿੰਨਾ ਦੇ ਵਿਰੋਧ ਦੇ ਪੰਜ ਦਿਨਾਂ ਬਾਅਦ ਹੀ 20 ਅਕਤੂਬਰ ਨੂੰ ਨਹਿਰੂ ਜੀ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਚਿੱਠੀ ਲਿਖੀ। ਉਸ ਚਿੱਠੀ 'ਚ ਜਿੰਨਾ ਦੀ ਭਾਵਨਾ ਨਾਲ ਨਹਿਰੂ ਜੀ ਨੇ ਆਪਣੀ ਸਹਿਮਤੀ ਪ੍ਰਗਟਾਉਂਦੇ ਹੋਏ। ਲਿਖਿਆ ਕਿ ਵੰਦੇ

(ਬਾਕੀ ਸਫ਼ਾ 6 'ਤੇ)






# ਭਾਸ਼ਾ ਵਿਭਾਗ, ਪੰਜਾਬ ਵੱਲੋਂ ਰਾਜ ਪੱਧਰੀ ਪ੍ਰਸ਼ਨੋਤਰੀ ਮੁਕਾਬਲਾ





**ਮੋਗਾ:** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਦੀ ਅਗਵਾਈ ਹੇਠ ਮਨਾਏ ਗਏ ਪੰਜਾਬੀ 'ਮਾਹ-2025' ਦੇ ਸਮਾਗਮਾਂ ਦੀ ਲੜੀ ਤਹਿਤ ਇਸ ਸਾਲ ਦਾ ਰਾਜ ਪੱਧਰੀ ਬਾਲ ਗਿਆਨ ਪ੍ਰਸ਼ਨੋਤਰੀ ਮੁਕਾਬਲਾ ਸੈਕਰਡ ਹਾਰਟ ਸਕੂਲ, ਮੋਗਾ ਵਿਖੇ ਵੱਡੇ ਪੱਧਰ 'ਤੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦਾ ਸੰਚਾਲਨ ਭਾਸ਼ਾ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਸ੍ਰੀ ਆਲੋਕ ਚਾਵਲਾ ਜੀ ਦੀ ਦੇਖ-ਰੇਖ ਹੇਠ ਕੀਤਾ ਗਿਆ। ਇਸ ਮੁਕਾਬਲੇ ਦੀ ਵਿਸ਼ੇਸ਼ ਪ੍ਰਾਪਤੀ ਰੈਵੋ ਸੌਫਟਵੇਅਰ ਕੰਪਨੀ ਦੁਆਰਾ ਤਿਆਰ ਕੀਤਾ ਗਿਆ ਡਿਜੀਟਲ ਕੁਇਜ਼ ਬੋਰਡ ਅਤੇ ਸਕੋਰ ਬੋਰਡ ਸੀ, ਜੋ ਕਿ ਆਪਣੇ ਆਪ ਵਿੱਚ ਇਕ ਵਿਲੱਖਣ ਤਜ਼ਰਬਾ ਸੀ। ਇਸ ਸੌਫਟਵੇਅਰ ਦੀ ਮਦਦ ਨਾਲ ਮੰਚ ਉੱਪਰ ਲੱਗੀ ਵੱਡੀ ਸਕਰੀਨ ਉੱਤੇ ਪ੍ਰਤੀਯੋਗੀਆਂ ਨੂੰ ਪੁੱਛੇ ਜਾਣ ਵਾਲੇ ਸਵਾਲ ਅਤੇ ਉਨ੍ਹਾਂ ਦੁਆਰਾ ਹਾਸਿਲ ਕੀਤੇ ਜਾ ਰਹੇ ਅੰਕ ਅਤੇ ਨਤੀਜੇ ਪ੍ਰਦਰਸ਼ਿਤ ਕੀਤੇ ਗਏ, ਜੋ ਕਿ ਦਰਸ਼ਕਾਂ ਲਈ ਖਿੱਚ ਦੇ ਕੇਂਦਰ ਬਣੇ ਰਹੇ। ਪ੍ਰਸਿੱਧ ਪੰਜਾਬ ਵਿਅੰਗਕਾਰ ਸ੍ਰੀ ਕੇ. ਐੱਲ. ਗਰਗ ਦੀ ਪ੍ਰਧਾਨਗੀ ਹੇਠ ਆਯੋਜਿਤ ਇਸ ਸਮਾਗਮ ਮੌਕੇ ਮਾਣਯੋਗ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਅਤੇ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸਾਗਰ ਸੇਤੀਆ, ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸੰਧੂ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸ. ਗੁਰਦਿਆਲ ਸਿੰਘ ਅਤੇ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਬਲਦੇਵ ਸਿੰਘ ਸੜਕਨਾਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸੈਕਰਡ ਹਾਰਟ ਸਕੂਲ, ਮੋਗਾ ਦੇ ਚੇਅਰਮੈਨ ਸ੍ਰੀ ਚਾਰਲਸ ਜੇਬਾ ਕੁਮਾਰ, ਪ੍ਰਿੰਸੀਪਲ ਸ਼੍ਰੀਮਤੀ ਵਿਜਿਆ ਜੇਬਾਕੁਮਾਰ ਅਤੇ ਪ੍ਰਸ਼ਾਸਕ ਸ਼੍ਰੀਮਤੀ ਕੀਰਤ ਗਿੱਲ ਦੇ ਵਿਸ਼ੇਸ਼ ਸਹਿਯੋਗ ਨਾਲ ਆਯੋਜਿਤ ਇਸ ਸਮਾਗਮ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਅਤੇ ਭਾਸ਼ਾ ਵਿਭਾਗ, ਪੰਜਾਬ ਦੀ ਵਿਭਾਗੀ ਧੁਨੀ ਨਾਲ ਕੀਤੀ ਗਈ। ਮੰਚ ਸੰਚਾਲਨ ਕਰ ਰਹੇ ਖੋਜ ਅਫ਼ਸਰ, ਮੋਗਾ ਸ੍ਰੀ ਬਿਮਲ ਕੁਮਾਰ ਨੇ ਆਏ ਹੋਏ ਮਹਿਮਾਨਾਂ ਨਾਲ ਜਾਣ ਪਹਿਚਾਣ ਕਰਵਾਈ। ਉਪਰੰਤ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਅਜੀਤਪਾਲ ਸਿੰਘ ਜਟਾਣਾ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਇਸ ਰਾਜ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਦੇ ਮਹੱਤਵ ਬਾਰੇ ਚਾਨਣਾ ਪਾਉਂਦਿਆ ਕਿਹਾ ਕਿ ਇਸ ਸਾਲ ਦਾ ਇਹ ਸਮਾਗਮ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਹੈ। ਤਿੰਨੇ ਵਰਗਾਂ ਦੇ ਪਹਿਲੇ ਦੌਰ ਦੇ ਪ੍ਰਸ਼ਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਦੇਣ ਨਾਲ ਸੰਬੰਧਿਤ ਸਨ। ਇਸ ਮੌਕੇ ਰਿਹਾਨ ਮਨਚੰਦਾ ਦੀ ਕੰਪਨੀ ਰੈਵੋ ਸੌਫਟਵੇਅਰ ਦੁਆਰਾ ਤਿਆਰ ਕੀਤੇ ਗਏ ਰੈਵੋ ਕੁਇਜ਼ ਬੋਰਡ ਅਤੇ ਸਕੋਰਬੋਰਡ ਦਾ ਉਦਘਾਟਨ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਅਤੇ ਡਿਪਟੀ ਕਮਿਸ਼ਨਰ, ਮੋਗਾ ਸ੍ਰੀ ਸਾਗਰ ਸੇਤੀਆ ਦੁਆਰਾ ਕੀਤਾ ਗਿਆ। ਕੁਇਜ਼ ਮਾਸਟਰ ਰਿਸ਼ੀ ਮਨਚੰਦਾ ਦੁਆਰਾ ਇਹ ਸਾਫਟਵੇਅਰ ਭਾਸ਼ਾ ਵਿਭਾਗ, ਪੰਜਾਬ ਨੂੰ ਸਮਰਪਿਤ ਕੀਤਾ ਗਿਆ। ਇਸ ਮੁਕਾਬਲੇ ਦੀ ਪ੍ਰਸ਼ਨੋਤਰੀ ਸਟੇਟ ਅਵਾਰਡੀ ਸ.ਸ. ਮਾਸਟਰ ਸ. ਬੂਟਾ ਸਿੰਘ ਅਤੇ ਪ੍ਰਸਿੱਧ ਕਹਾਣੀਕਾਰ ਸ.ਸ. ਮਾਸਟਰ ਸ੍ਰੀ ਜਸਵਿੰਦਰ ਕੁਮਾਰ ਦੁਆਰਾ ਤਿਆਰ ਕੀਤੀ ਗਈ। ਤਿੰਨੇ ਕੁਇਜ਼ ਮਾਸਟਰਾਂ ਵੱਲੋਂ ਬੜੇ ਵਿਲੱਖਣ ਅਤੇ ਦਿਲਚਸਪ ਢੰਗ ਨਾਲ ਪ੍ਰਤਿਯੋਗੀਆਂ ਨਾਲ ਸਵਾਲ ਜਵਾਬ ਕੀਤੇ ਗਏ। ਸਕੋਰਰ ਦੀ ਭੂਮਿਕਾ ਸੈਕਰਡ ਹਾਰਟ ਦੀ ਵਿਦਿਆਰਥਣ ਰੀਹਮ ਮਨਚੰਦਾ ਅਤੇ ਰੈਵੋ ਕੰਪਨੀ ਦੀ ਮੈਨੇਜਰ ਤਮੰਨਾ ਸ਼ਰਮਾ ਨੇ ਪੂਰੀ ਕੁਸ਼ਲਤਾ ਨਾਲ ਨਿਭਾਈ। ਇਸ ਮੌਕੇ ਮੁੱਖ ਮਹਿਮਾਨ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਸਮੁੱਚੇ ਸਮਾਗਮ ਦੇ ਆਯੋਜਨ ਦੀ ਸ਼ਲਾਘਾ ਕਰਦਿਆਂ ਪੰਜਾਬੀ ਕੌਮ ਦੇ ਉੱਚ ਚਰਿੱਤਰ ਵਾਲੇ ਇਤਿਹਾਸ ਉੱਪਰ ਮਾਣ ਕਰਨ ਨੂੰ ਕਿਹਾ ਅਤੇ ਸਭ ਨੂੰ ਸਿੱਖ ਗੁਰੂਆਂ ਦੁਆਰਾ ਸੁਝਾਈ ਉੱਚ ਜੀਵਨ ਜਾਚ ਅਤੇ ਨੈਤਿਕ ਕਦਰਾਂ ਕੀਮਤਾਂ ਉੱਪਰ ਪਹਿਰਾ ਦੇਣ ਦਾ ਹੋਕਾ ਦਿੱਤਾ। ਮੋਬਾਈਲ ਫੋਨ ਰਾਹੀਂ ਮਾਣਯੋਗ ਸਿੱਖਿਆ ਮੰਤਰੀ, ਪੰਜਾਬ ਸ. ਹਰਜੋਤ ਸਿੰਘ ਬੈਂਸ ਦੁਆਰਾ ਸਿੱਧੇ ਪ੍ਰਸਾਰਣ ਵਜੋਂ ਪੰਜਾਬੀ ਮਾਹ ਦੇ ਮਹੱਤਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਸੰਬੰਧੀ ਸੰਦੇਸ਼ ਦਿੱਤਾ ਗਿਆ। ਡਿਪਟੀ ਕਮਿਸ਼ਨਸ਼ਨਰ, ਮੋਗਾ ਸ੍ਰੀ ਸਾਗਰ ਸੇਤੀਆ ਵੱਲੋਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਤਰੱਕੀ ਲਈ ਕੀਤੇ ਜਾ ਰਹੇ ਨਿਰੰਤਰ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ ਮੁੱਖ ਦਫ਼ਤਰ ਭਾਸ਼ਾ ਵਿਭਾਗ, ਪੰਜਾਬ ਤੋਂ ਆਏ ਕਾਰਜਕਾਰੀ ਭਾਸ਼ਾ ਅਫ਼ਸਰ ਮਨਜਿੰਦਰ ਸਿੰਘ, ਬਾਰ ਐਸੋਸੀਏਸ਼ਨ, ਮੋਗਾ ਦੇ ਸਾਬਕਾ ਪ੍ਰਧਾਨ ਐਡਵੋਕੇਟ ਹਰਦੀਪ ਸਿੰਘ ਲੋਧੀ, ਮਾਰਕੀਟ ਕਮੇਟੀ, ਮੋਗਾ ਦੇ ਪ੍ਰਧਾਨ ਹਰਜਿੰਦਰ ਸਿੰਘ ਰੋਡੇ, ਐਡਵੋਕੇਟ ਸ਼ਿਵਚਰਨ ਸਿੰਘ ਗਿੱਲ, ਡਾ. ਮਨਦੀਪ ਕੌਰ, ਲੈਕਚਰਾਰ ਅਮਰਪ੍ਰੀਤ ਕੌਰ, ਹੈੱਡ ਮਾਸਟਰ ਚਰਨਜੀਤ ਸਿੰਘ ਸਮਾਲਸਰ, ਹੈੱਡ ਮਾਸਟਰ ਪ੍ਰਮੋਦ ਗੁਪਤਾ, ਪੰਜਾਬੀ ਲੇਖਕ ਧਾਮੀ ਗਿੱਲ ਵਿਕਾਸ ਚੋਪੜਾ, ਬਲਵਿੰਦਰ ਸਿੰਘ ਦੌਲਤਪੁਰਾ, ਸਿਮਰਨਜੀਤ ਸਿੰਘ, ਬਲਵਿੰਦਰਪਾਲ ਸਿੰਘ, ਸੈਕਰਡ ਹਾਰਟ ਸਕੂਲ ਦੇ ਸੁਪਰਵਾਈਜ਼ਰ ਰਣਜੀਤ ਸਿੰਘ, ਆਈ.ਟੀ. ਵਿੰਗ ਦੇ ਮੈਂਬਰ, ਸਕੂਲ ਸਟਾਫ਼ ਅਤੇ ਵੱਧ ਗਿਣਤੀ ਵਿੱਚ ਹੋਰ ਸਰੋਤੇ ਹਾਜ਼ਰ ਸਨ।

## 'ਸਿੱਖ ਇਤਿਹਾਸ' ਕਿਤਾਬ ਮਾਮਲੇ 'ਚ ਵੀ ਕੇਸ ਦਰਜ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ 1999 'ਚ ਹਿੰਦੀ 'ਚ ਛਾਪੀ ਗਈ 722 ਪੰਨਿਆਂ ਦੀ ਕਿਤਾਬ 'ਸਿੱਖ ਇਤਿਹਾਸ' 'ਚ ਗਲਤ ਤੱਥ ਪੇਸ਼ ਕਰਨ ਦੇ ਮਾਮਲੇ 'ਚ ਵੀ ਪੁਲਿਸ ਨੇ ਐੱਫਆਈਆਰ ਦਰਜ ਕਰ ਲਈ ਹੈ।

ਐਤਵਾਰ ਨੂੰ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ 'ਤੇ ਧਰਨੇ 'ਚ ਪੁੱਜੇ ਬਲਦੇਵ ਸਿੰਘ ਸਿਰਸਾ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਕਿਤਾਬ 'ਚ ਗਲਤ ਤੱਥ ਪੇਸ਼ ਕਰਨ ਤੇ ਇਸ ਨੂੰ ਛਾਪਣ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਇਸ 'ਤੇ ਬੈਂਸ ਤੇ ਸੰਧਵਾਂ ਨੇ ਪੁਲਿਸ ਕਮਿਸ਼ਨਰ ਨੂੰ ਇਸ ਮਾਮਲੇ 'ਚ ਐੱਫਆਈਆਰ ਦਰਜ ਕਰ ਦੇ ਨਿਰਦੇਸ਼ ਦਿੱਤੇ। ਇਸ ਤਹਿਤ ਥਾਣਾ ਈ ਡਵੀਜ਼ਨ 'ਚ ਐੱਸਜੀਪੀਸੀ ਦੇ ਤੱਤਕਾਲੀ ਸਕੱਤਰ ਵਰਿਆਮ ਸਿੰਘ ਤੇ ਹਰਬੇਅੰਤ ਸਿੰਘ ਖ਼ਿਲਾਫ਼ ਧਾਰਾ 420, 465, 468, 471, 120. ਆਦਿ ਲਾਈ ਗਈ। ਸਿਰਸਾ ਨੇ ਇਸ ਲਈ ਸੰਧਵਾਂ ਤੇ ਬੈਂਸ ਦਾ ਧੰਨਵਾਦ ਕੀਤਾ ਹੈ ਤੇ ਆਸ ਪ੍ਰਗਟਾਈ ਹੈ ਕਿ ਇਸ ਮਾਮਲੇ ਵਿਚ ਜੋ ਵੀ ਵਿਅਕਤੀ ਦੋਸ਼ੀ ਹੋਵੇਗਾ ਉਸ ਖਿਲਾਫ ਸਖਤ ਕਾਰਵਾਈ ਹੋਵੇਗੀ।

## 328 ਪਾਵਨ ਸਰੂਪ ਗਾਇਬ ਹੋਣ ਦੇ ਮਾਮਲੇ 'ਚ 16 ਖ਼ਿਲਾਫ਼ ਕੇਸ ਦਰਜ

### ਧਰਨੇ 'ਚ ਪੁੱਜੇ ਸੰਧਵਾਂ ਤੇ ਬੈਂਸ ਨੇ ਦਿੱਤੇ ਕੇਸ ਦਰਜ ਕਰਨ ਦੇ ਨਿਰਦੇਸ਼

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸਿੱਖ ਸਦਭਾਵਨਾ ਦਲ ਦੇ ਧਰਨੇ ਮਗਰੋਂ ਆਖਰਕਾਰ ਪੰਜਾਬ ਪੁਲਿਸ ਨੇ 16 ਵਿਅਕਤੀਆਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰ ਲਈ। ਐਤਵਾਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਿਰਾਸਤੀ ਮਾਰਗ 'ਤੇ ਸਿੱਖ ਸਦਭਾਵਨਾ ਦਲ ਵੱਲੋਂ ਦਿੱਤੇ ਜਾ ਰਹੇ ਧਰਨੇ 'ਚ ਪੁੱਜ ਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਧਰਨਾਕਾਰੀਆਂ ਤੋਂ ਮੰਗ ਪੱਤਰ ਪ੍ਰਾਪਤ ਕਰਦਿਆ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਇਸ ਸਬੰਧੀ ਐੱਫਆਈਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਧਰਮ ਦੀ ਬੇਅਦਬੀ ਬਰਦਾਸ਼ਤ ਨਹੀਂ ਕਰੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਮਾਮਲਾ 2020 'ਚ ਸਾਹਮਣੇ ਆਇਆ ਸੀ। ਸ਼੍ਰੋਮਣੀ ਕਮੇਟੀ ਨੇ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਐਡਵੋਕੇਟ ਈਸ਼ਰ ਸਿੰਘ ਦੀ ਅਗਵਾਈ 'ਚ ਕਮੇਟੀ ਬਣਾ ਕੇ ਮਾਮਲੇ ਦੀ ਪੜਤਾਲ ਕਰਵਾਈ। ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਪੰਜ ਸਤੰਬਰ 2020 ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ 'ਤੇ ਇਸ 'ਚ ਜ਼ਿੰਮੇਵਾਰ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਕਰਵਾਈ ਕੀਤੀ ਸੀ। ਪਰ ਕੁਝ ਸੰਸਥਾਵਾਂ ਇਸ ਮਾਮਲੇ 'ਚ ਐੱਫਆਈਆਰ ਦਰਜ ਕਰਵਾ ਕੇ ਅਸਲ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਹੀਆਂ ਸਨ। ਇਸੇ ਤਹਿਤ ਸਿੱਖ ਸਦਭਾਵਨਾ ਦਲ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਿਰਾਸਤੀ ਮਾਰਗ 'ਤੇ ਧਰਨਾ ਦੇ ਕੇ ਕਾਨੂੰਨੀ ਪ੍ਰਕਿਰਆ ਜਾਰੀ ਰੱਖੀ। ਹਾਈ ਕੋਰਟ ਨੇ ਵੀ ਇਸ ਮਾਮਲੇ 'ਚ ਸਰਕਾਰ ਨੂੰ ਐੱਫਆਈਆਰ ਦਰਜ ਕਰ ਕੇ ਕਾਨੂੰਨੀ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਗਾਇਬ ਹੋਣ ਦੇ ਇਸ ਮਾਮਲੇ 'ਚ ਦਰਜ ਕੀਤੀ ਗਈ ਐੱਫਆਈਆਰ 'ਚ ਜਿਨ੍ਹਾਂ ਵਿਅਕਤੀਆਂ ਸ਼ਾਮਲ ਹਨ, ਉਨ੍ਹਾਂ 'ਚ ਸਤੰਬਰ 2020 ਦੌਰਾਨ ਕਮੇਟੀ ਦੇ ਮੁੱਖ ਸਕੱਤਰ ਰਹੇ ਡਾਕਟਰ ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਮਨਜੀਤ ਸਿੰਘ, ਮੀਤ ਸਕੱਤਰ ਗੁਰਬਚਨ ਸਿੰਘ, ਸਤਿੰਦਰ ਸਿੰਘ ਤੇ ਨਿਸ਼ਾਨ ਸਿੰਘ, ਇੰਚਾਰਜ ਪਰਮਜੀਤ ਸਿੰਘ, ਸੁਪਰਵਾਈਜਰ ਗੁਰਮੁੱਖ ਸਿੰਘ, ਅਕਾਊਂਟੈਂਟ ਜੁਝਾਰ ਸਿੰਘ, ਕਲਰਕ ਬਾਜ ਸਿੰਘ, ਹੈਲਪਰ ਦਲਬੀਰ ਸਿੰਘ, ਕਮਲਜੀਤ ਸਿੰਘ ਸਹਾਇਕ, ਕੁਲਵੰਤ ਸਿੰਘ ਤੇ ਜਸਪ੍ਰੀਤ ਸਿੰਘ ਜਿਲਤਸਾਜ, ਗੁਰਚਰਨ ਸਿੰਘ ਸਾਬਕਾ ਸੱਕਤਰ, ਸਤਿੰਦਰ ਸਿੰਘ ਕੋਹਲੀ ਚਾਰਟਰ ਅਕਾਊਂਟੈਂਟ ਤੇ ਅਮਰਜੀਤ ਸਿੰਘ ਸੇਵਾਦਾਰ ਅੰਗੀਠਾ ਸਾਹਿਬ ਗੋਇੰਦਵਾਲ ਸਾਹਿਬ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਇਸ ਮਾਮਲੇ 'ਚ ਸ਼ਾਮਲ ਰਹੇ ਕੁਝ ਅਣਪਛਾਤੇ ਵਿਅਕਤੀਆਂ ਦੇ ਨਾ ਵੀ ਦਰਜ ਕੀਤੇ ਗਏ ਹਨ।

## ਦੋ ਲੱਖ ਤੋਂ ਵੱਧ ਵਕਫ਼ ਜਾਇਦਾਦਾਂ ਨੂੰ ਮਨਜ਼ੂਰੀ




**ਨਵੀਂ ਦਿੱਲੀ:** ਉਮੀਦ ਪੋਰਟਲ 'ਤੇ 2,16,905 ਵਕਫ਼ ਜਾਇਦਾਦਾਂ ਨੂੰ ਮਨਜ਼ੂਰੀ ਮਿਲੀ ਹੈ। ਇਸ 'ਚ ਪੰਜਾਬ ਦੀਆਂ 24969 ਜਾਇਦਾਦਾਂ ਵੀ ਸ਼ਾਮਲ ਹਨ। ਭਾਰਤ 'ਚ ਵਕਫ਼ ਜਾਇਦਾਦਾਂ ਦੇ ਪ੍ਰਬੰਧਨ ਲਈ ਸ਼ੁਰੂ ਕੀਤਾ ਗਿਆ ਇਹ ਪੋਰਟਲ ਛੇ ਮਹੀਨੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਛੇ ਦਸੰਬਰ ਸ਼ਨਿਚਰਵਾਰ ਨੂੰ ਅਪਲੋਡ ਲਈ ਬੰਦ ਕਰ ਦਿੱਤਾ ਗਿਆ। ਇਹ ਫ਼ੈਸਲਾ ਉਮੀਦ (ਯੂਐੱਮਈਈਡੀ) ਐਕਟ 1995 ਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਲਿਆ ਗਿਆ ਹੈ। ਛੇ ਜੂਨ 2025 ਨੂੰ ਸ਼ੁਰੂ ਕੀਤੇ ਗਏ ਇਸ ਪੋਰਟਲ 'ਤੇ ਤੈਅ ਸਮੇਂ ਦੌਰਾਨ 5,17,040 ਵਕਫ਼ ਜਾਇਦਾਦਾਂ ਤਸਦੀਕ ਕੀਤੀਆਂ ਗਈ। 2,16,905 ਨੂੰ ਮਨਜ਼ੂਰੀ ਮਿਲੀ। 10,869 ਨਾਮਨਜ਼ੂਰ ਹੋਈਆਂ।


## ਪਾਕਿ 'ਚ ਅਦਾਲਤ ਦਾ ਬਾਈਕਾਟ ਕਰਨਗੇ ਵਕੀਲ

**ਇਸਲਾਮਾਬਾਦ:** ਪਾਕਿਸਤਾਨ 'ਚ ਵਕੀਲਾਂ ਨੇ ਸੰਵਿਧਾਨ ਦੀਆਂ 26ਵੀਆਂ ਅਤੇ 27ਵੀਆਂ ਸੋਧਾਂ ਨੂੰ ਨਾਮਨਜ਼ੂਰ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਦੇਸ਼ 'ਚ ਸੰਵਿਧਾਨ ਸਭ ਤੋਂ ਉੱਚਾ ਹੈ ਅਤੇ ਕ ਨਿਆਂਪਾਲਿਕਾ ਆਜ਼ਾਦ ਹੈ। ਵਕੀਲਾਂ ਨੇ ਤਜਵੀਜ਼ ਪਾਸ ਕਰਕੇ ਨਵੀਂ ਗਠਿਤ ਫ਼ੈਡਰਲ ਸੰਵਿਧਾਨਿਕ ਕੋਰਟ ਦਾ ਬਾਈਕਾਟ ਕਰਨ ਦਾ ਸੰਕਲਪ ਲਿਆ। ਵਕੀਲਾਂ ਦਾ ਸੰਮੇਲਨ ਲਾਹੌਰ ਹਾਈ ਕੋਰਟ ਬਾਰ ਐਸੋਸੀਏਸ਼ਨ ਅਤੇ ਲਾਹੌਰ ਬਾਰ ਐਸੋਸੀਏਸ਼ਨ ਨੇ ਸਾਂਝੇ ਤੌਰ 'ਤੇ ਕਰਵਾਇਆ ਗਿਆ ਕੀਤਾ ਸੀ। ਸੰਮੇਲਨ 'ਚ ਸਾਫ਼ ਤੌਰ 'ਤੇ ਦੋਹਾਂ ਸੰਵਿਧਾਨ ਸੋਧਾਂ ਨੂੰ ਨਾਮਨਜ਼ੂਰ ਕੀਤਾ ਗਿਆ। ਵਕੀਲਾਂ ਨੇ ਕਿਹਾ, ਇਹ ਬਦਲਾਅ ਸੰਵਿਧਾਨ ਨੂੰ ਨੁਕਸਾਨ ਪਹੁੰਚਾਉਣ ਅਤੇ ਨਿਆਂਪਾਲਿਕਾ ਨੂੰ ਬਰਬਾਦ ਕਰਨ ਦੇ ਟੀਚੇ ਨਾਲ ਕੀਤੇ ਗਏ ਹਨ। ਪੂਰਾ ਪਾਕਿਸਤਾਨ ਇਸ ਸਮੇਂ ਹਨੇਰੇ 'ਚ ਖੜ੍ਹਾ ਹੈ। ਸੰਮੇਲਨ 'ਚ ਸੰਵਿਧਾਨਿਕ ਕੋਰਟ ਨੂੰ ਗ਼ੈਰ-ਸੰਵਿਧਾਨਿਕ ਦੱਸਿਆ ਗਿਆ ਅਤੇ ਕ ਇਸਨੂੰ ਨਿਆਂਪਾਲਿਕਾ ਦੀ ਹੱਤਿਆ ਨਾਲ ਬਣੀ ਅਦਾਲਤ ਕਿਹਾ ਗਿਆ। ਸੰਮੇਲਨ 'ਚ ਹੋ ਗਾਇਬ ਲੋਕਾਂ ਦੀ ਗ਼ੈਰ ਕਾਨੂੰਨੀ ਕੈਦ ਤੋਂ 1 ਰਿਹਾਈ ਦੀ ਮੰਗ ਕੀਤੀ ਗਈ। ਨਾਲ ਹੀ ? ਪਾਕਿਸਤਾਨ ਤਹਰੀਕ-ਏ-ਇਨਸਾਫ (ਪੀਟੀਆਈ) ਦੇ ਸਥਾਪਕ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਸਣੇ ਸਾਰੇ 1 ਰਾਜਨੀਤਿਕ ਨੇਤਾਵਾਂ ਦੀ ਰਿਹਾਈ ਦੀ ਮੰਗ ਹੋਕੀਤੀ ਗਈ। ਕਿਹਾ ਗਿਆ ਕਿ ਇਨ੍ਹਾਂ ਸਾਰਿਆਂ ਦੀਆਂ ਗ੍ਰਿਫਤਾਰੀਆਂ ਫਰਜ਼ੀ ਮਾਮਲਿਆਂ ਵਿਚ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣ ਕਰਕੇ ਜੇਲ੍ਹ 'ਚ ਰੱਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਵਾਲਕਰ ਤੁਰਕ ਨੇ ਪਾਕਿਸਤਾਨ ਦੀਆਂ ਇਨ੍ਹਾਂ ਦੋਹਾਂ ਸੰਵਿਧਾਨਕ ਸੋਧਾਂ 'ਤੇ ਗੰਭੀਰ ਚਿੰਤਾ ਜਤਾਈ ਸੀ। ਉਨ੍ਹਾਂ ਨੇ ਕਿਹਾ, ਇਨ੍ਹਾਂ ਸੋਧਾਂ ਨਾਲ ਕਾਨੂੰਨ ਦੇ ਸ਼ਾਸਨ ਨੂੰ ਕਮਜ਼ੋਰ ਕੀਤਾ ਜਾਵੇਗਾ ਜਿਸ ਨਾਲ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀਆਂ ਘਟਨਾਵਾਂ ਵਧਣਗੀਆਂ। ਜਾਣਕਾਰੀ ਅਨੁਸਾਰ, ਪਾਕਿਸਤਾਨੀ ਸੰਸਦ ਨੇ ਨਵੰਬਰ 'ਚ ਸੰਵਿਧਾਨ ਸੋਧ ਕਰਕੇ ਸੁਪਰੀਮ ਕੋਰਟ ਦੇ ਅਧਿਕਾਰਾਂ ਵਿਚ ਕਟੌਤੀ ਕਰਦਿਆਂ ਫੈਡਰਲ ਸੰਵਿਧਾਨਿਕ ਕੋਰਟ ਦੇ ਗਠਨ ਦਾ ਪ੍ਰਸਤਾਵ ਪਾਸ ਕੀਤਾ ਸੀ। ਜਾਣਕਾਰੀ ਮੁਤਾਬਕ ਇਸ ਸੋਧ ਦੇ ਕਾਰਨ ਸੁਪਰੀਮ ਕੋਰਟ ਹੁਣ ਮਾਲ ਅਤੇ ਫ਼ੌਜਦਾਰੀ ਦੇ ਮੁਕੱਦਮਿਆਂ ਦੀ ਹੀ ਸੁਣਵਾਈ ਕਰ ਸਕੇਗੀ, ਇਸ ਤੋਂ ਇਲਾਵਾ ਹੋਰ ਮਹੱਤਵਪੂਰਨ ਮਾਮਲੇ ਸੰਵਿਧਾਨਿਕ ਕੋਰਟ ਸੁਣੇਗੀ।

## ਅੱਤਵਾਦੀ ਦੇ ਫ਼ਰਾਰ ਹੋਣ 'ਚ 4 ਮੁਲਾਜ਼ਮਾਂ 'ਤੇ ਕੇਸ

**ਬਟਾਲਾ:** ਕਾਂਗਰਸੀ ਆਗੂ ਦੇ ਸ਼ੋਅਰੂਮ 'ਤੇ ਗੋਲੀ ਚਲਾਉਣ ਤੇ ਦੋ ਕਰੋੜ ਦੀ ਰੰਗਦਾਰੀ ਮੰਗਣ ਵਾਲੇ ਬੱਬਰ ਖ਼ਾਲਸਾ। ਇੰਟਰਨੈਸ਼ਨਲ ਨਾਲ ਸਬੰਧਤ ਅੱਤਵਾਦੀ ਕੰਵਲਜੀਤ ਦੇ ਪੁਲਿਸ ਹਿਰਾਸਤ ਦੌਰਾਨ ਹਸਪਤਾਲ 'ਚੋਂ ਫ਼ਰਾਰ ਹੋਣ ਦੇ ਮਾਮਲੇ 'ਚ ਥਾਣਾ ਸਿਟੀ ਪੁਲਿਸ ਨੇ ਚਾਰ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਨ੍ਹਾਂ 'ਚ ਏਐੱਸਆਈ ਵਿਜੇ ਕੁਮਾਰ, ਹੈੱਡ ਕਾਂਸਟੇਬਲ ਚਮਕੌਰ ਸਿੰਘ, ਹੈੱਡ ਕਾਂਸਟੇਬਲ ਹਰਪਾਲ ਸਿੰਘ ਤੇ ਕਾਂਸਟੇਬਲ ਗੁਰਨਾਮ ਸਿੰਘ ਸ਼ਾਮਲ ਹਨ।

## ਠੱਗੀ ਮਾਮਲੇ 'ਚ ਵਿਕਰਮ ਭੱਟ ਤੇ ਪਤਨੀ ਗ੍ਰਿਫ਼ਤਾਰ



**ਉਦੈਪੁਰ:** ਰਾਜਸਥਾਨ ਪੁਲਿਸ ਨੇ 30 ਕਰੋੜ ਰੁਪਏ ਦੀ ਧੋਖਾਧੜੀ ਦੇ ਮਾਮਲੇ ਵਿਚ ਫਿਲਮ ਨਿਰਮਾਤਾ ਵਿਕਰਮ ਭੱਟ ਤੇ ਉਨ੍ਹਾਂ ਦੀ ਪਤਨੀ ਨੂੰ ਮੁੰਬਈ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁੰਬਈ ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਰਾਜਸਥਾਨ ਪੁਲਿਸ ਸੋਮਵਾਰ ਨੂੰ ਬਾਂਦਰਾ ਕੋਰਟ ਵਿਚ ਟਰਾਂਜ਼ਿਟ ਰਿਮਾਂਡ ਲਈ ਅਰਜ਼ੀ ਦੇਵੇਗੀ। ਇਹ ਕਾਰਵਾਈ ਉਦੈਪੁਰ ਦੇ ਡਾਕਟਰ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ ਜਿਸ ਵਿਚ ਭੱਟ ਤੇ ਉਨ੍ਹਾਂ ਦੀ ਪਤਨੀ ਸਣੇ ਅੱਠ ਲੋਕ ਦੋਸ਼ੀ ਹਨ। 29 ਨਵੰਬਰ ਨੂੰ ਪੁਲਿਸ ਨੇ ਭੱਟ, ਪਤਨੀ ਤੇ ਛੇ ਹੋਰਨਾਂ ਲੋਕਾਂ ਖ਼ਿਲਾਫ਼ ਲੁਕਆਊਟ ਨੋਟਿਸ ਜਾਰੀ ਕੀਤਾ ਸੀ।

**Singh Enterprises, LLC**

**ਰੈਸਟੋਰੈਂਟ ਦੇ ਸਾਮਾਨ ਦੇ ਹੋਲਸੇਲਰ ਸਪਲਾਇਰ**

**Restaurant/Retail (Manufacturer/Importer/Wholesaler)**

ਅਸੀਂ ਰੈਸਟੋਰੈਂਟ ਦੇ ਸਾਮਾਨ ਦੀ ਹੋਲਸੇਲ ਸਪਲਾਈ ਕਰਦੇ ਹਾਂ ਅਤੇ ਭਾਰਤੀ ਰੈਸਟੋਰੈਂਟ ਦੇ ਰਸੋਈ ਦੇ ਸਾਮਾਨ ਦੇ ਨਾਲ-ਨਾਲ ਆਪਣੇ ਤੰਦੂਰ ਵੀ ਬਣਾਉਂਦੇ ਹਾਂ। ਅਸੀਂ ਮਸਾਲੇ/ਦਾਲ/ਬਾਸਮਤੀ ਚਾਵਲ ਆਦਿ ਦੀਆਂ ਵੱਡੀਆਂ ਪੈਕਿੰਗਜ਼ ਇੰਪੋਰਟ ਕਰਦੇ ਹਾਂ ਅਤੇ ਦੇਸ਼ ਭਰ ਵਿਚ ਸਾਰੀਆਂ ਚੀਜ਼ਾਂ ਦੀ ਸਪਲਾਈ ਕੀਤੀ ਜਾਂਦੀ ਹੈ। ਰੈਸਟੋਰੈਂਟ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਪਲਾਈ ਲਈ ਸਾਡੇ ਨਾਲ ਸੰਪਰਕ ਕਰੋ।

Amardeep Singh (CEO) Ph: 303-645-3739, Cell-303-396-2536
Fax: 866-460-0303. www.singhenterprisesco.net
6769 East 50th Avenue, Commerce City, CO 80022.






**Immigration Law Offices of Antone, Casagrande & Adwers, P.C.**

**GURVIR KAUR BHULLAR**
**IMMIGRATION ATTORNEY**
(Fluent in English, ਪੰਜਾਬੀ, and हिंदी)

Contact details
(248) 406-4100 (Office)
(413) 216-0607 (Cell)
www.antone.com
gkb@antone.com
31555 W 14 Mile Rd, Suite 100
Farmington Hills, MI 48334

SERVING THE COMMUNITY WITH INTEGRITY AND CARE

- Work-based visas (H-1B, TN, E-2, L-1, O-1, etc.)
- Work-based green card (EB-1, EB-2, EB-3, PERM process, etc.)
- Family-based visas and green card
- Citizenship
- Change of status, waiver applications, consular visa services

*Since 1993, our firm has been assisting individuals, families, small businesses and multinational corporations with immigration matters. We assist clients anywhere in the U.S. and around the world.*


# Matrimonials

## ਲੜਕੇ ਦੀ ਲੋੜ ਹੈ

Looking for a suitable match (Green Card/Citizen only) for Lubana Sikh girl 28, 5'5", Pharmacist, USA-based. Preference for boys in business or medical field. Please contact Gopi at **gopidilpal@gmail.com** with picture and complete bio-data.

ਅਮਰੀਕਾ ਵਿਚ ਪੱਕੀ 42 ਸਾਲ 5'3" ਪੋਸਟ ਗਰੈਜੂਏਟ ਅੰਮ੍ਰਿਤਧਾਰੀ ਲੜਕੀ ਲਈ ਅਮਰੀਕਾ/ਕੈਨੇਡਾ ਵਿਚ ਪੱਕੇ ਲੜਕੇ ਦੀ ਲੋੜ ਹੈ, ਜੋ ਅੰਮ੍ਰਿਤਧਾਰੀ ਹੋਵੇ ਜਾਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਸਕਦਾ ਹੋਵੇ। ਉਮਰ 40-45 ਸਾਲ ਹੋਵੇ। ਜਾਤੀ ਬੰਧਨ ਨਹੀਂ। ਤਲਾਕਸ਼ੁਦਾ ਵੀ ਵਿਚਾਰਨ ਯੋਗ। ਚਾਹਵਾਨ ਨਿਊਯਾਰਕ ਸਮੇਂ ਅਨੁਸਾਰ ਸ਼ਾਮ 7 ਤੋਂ 9 ਵਜੇ ਤੱਕ ਫੋਨ ਨੰਬਰ +1 (734) 306-0580 'ਤੇ ਸੰਪਰਕ ਕਰਨ। ਫੋਟੋ ਨਾਲ ਬਾਇਓਡਾਟਾ E-Mail: kaurgurvinder1965@yahoo.com 'ਤੇ ਭੇਜ ਸਕਦੇ ਹੋ। 45-48

## ਲੜਕੀ ਦੀ ਲੋੜ ਹੈ

Jat Sikh parents looking for a suitable match for their 28, 6'-0" , US-born son, clean-shaven, vegetarian, non-drinker. He is currently working in the IT field for a multinational with Bachelor's of Science completed and resides in Chicago. Must be a U.S. Citizen or on H1B Visa with bachelors degree completed. Please contact Paul Singh at 1-224-545-104

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com

ਬ੍ਰਾਹਮਣ ਯੂ ਐਸ ਸਿਟੀਜ਼ਨ, ਉਮਰ 24 ਸਾਲ, ਕੱਦ 6 ਫੁਟ, 4 ਦਾ ਸਾਲ ਮੈਡੀਕਲ ਕੋਰਸ ਕਰਨ ਉਪਰੰਤ ਉਚੇਰੀ ਪੜ੍ਹਾਈ ਲਈ ਯੂਨਵਰਸਿਟੀ ਪੜ੍ਹ ਰਹੇ ਲੜਕੇ ਲਈ ਪੜ੍ਹੀ-ਲਿਖੀ ਸਿਟੀਜ਼ਨ ਲੜਕੀ ਦੀ ਲੋੜ ਹੈ, ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਮੈਡੀਕਲ ਲਾਈਨ ਵਿਚ ਹੋਵੇ ਤਾਂ ਪਰੈਫਰ ਕੀਤਾ ਜਾਏਗਾ। ਸੰਪਰਕ ਕਰੋ: ਫੋਨ 201-936-005 ਜਾਂ ਈਮੇਲ sanjeevkum@aol.com

Jatt, Gursikh family settled in the USA seeks an eligible Gursikh, educated, family-oriented bride from USA/Canada/India for their American-citizen son (born 1980), Gursikh, well-settled, divorced, working as an engineer in a top financial company. Please send the girl's biodata and family details via: E-mail: Amrit.Naam.2022@gmail.com WhatsApp (USA): +1-480-906-5614 47-50

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available



**UMA TRAVELS**

2535 West Devon Ave., Chicago, IL 60659

For Delhi-Bombay Ahmedabad, Hydrabad-Madras Call For Special Sale Fares

**Call: 773-338-5603**

# ਅਮਰੀਕਾ ਨੇ ਸਾਲ 'ਚ 3155 ਭਾਰਤੀ ਡਿਪੋਰਟ ਕੀਤੇ

## ਕੇਂਦਰ ਸਰਕਾਰ ਨੇ ਸੰਸਦ 'ਚ ਪੇਸ਼ ਕੀਤੇ ਅੰਕੜੇ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੰਸਦ ਵਿੱਚ ਦੱਸਿਆ ਕਿ 2025 ਵਿੱਚ 21 ਨਵੰਬਰ ਤੱਕ 3155 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲਿਖਤੀ ਜਵਾਬ ਵਿੱਚ ਦੱਸਿਆ ਕਿ ਡਿਪੋਰਟ ਕਰਨ ਤੋਂ ਪਹਿਲਾਂ ਸਬੰਧਤ ਵਿਅਕਤੀ ਦੀ ਭਾਰਤੀ ਨਾਗਰਿਕਤਾ ਦੀ ਪੂਰੀ ਪੜਤਾਲ ਕੀਤੀ ਜਾਂਦੀ ਹੈ।

ਮੰਤਰਾਲੇ ਅਨੁਸਾਰ ਅਮਰੀਕਾ ਆਮ ਤੌਰ 'ਤੇ ਉਨ੍ਹਾਂ ਨੂੰ ਵਾਪਸ ਭੇਜਦਾ ਹੈ ਜੋ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਏ ਹੋਣ, ਵੀਜ਼ਾ ਮਿਆਦ ਖਤਮ ਹੋਣ ਤੋਂ ਬਾਅਦ ਵੀ ਰਹਿ ਰਹੇ ਹੋਣ, ਬਿਨਾਂ ਦਸਤਾਵੇਜ਼ਾਂ ਤੋਂ ਫੜੇ ਜਾਣ ਜਾਂ ਜਿਨ੍ਹਾਂ 'ਤੇ ਕੋਈ ਅਪਰਾਧਿਕ ਕੇਸ ਦਰਜ ਹੋਵੇ।

ਅੰਕੜਿਆਂ ਮੁਤਾਬਕ ਡਿਪੋਰਟ ਕੀਤੇ ਗਏ ਭਾਰਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। 2024 ਵਿੱਚ ਇਹ ਅੰਕੜਾ 1368 ਸੀ ਅਤੇ 2023 ਵਿੱਚ ਸਿਰਫ਼ 617 ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਸੀ। ਮੰਤਰੀ ਨੇ ਦੱਸਿਆ ਕਿ ਡੰਕੀ ਰੂਟ ਰਾਹੀਂ ਜਾਣ ਵਾਲਿਆਂ ਦਾ ਵੱਖਰਾ ਰਿਕਾਰਡ ਨਹੀਂ ਰੱਖਿਆ ਜਾਂਦਾ ਕਿਉਂਕਿ ਜ਼ਿਆਦਾਤਰ ਦੇਸ਼



ਅਜਿਹੇ ਵੇਰਵੇ ਸਾਂਝੇ ਨਹੀਂ ਕਰਦੇ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਕੁਵੈਤ ਦੀਆਂ ਜੇਲ੍ਹਾਂ ਵਿੱਚ 31 ਅਕਤੂਬਰ 2025 ਤੱਕ 316 ਭਾਰਤੀ ਕੈਦੀ ਬੰਦ ਸਨ। ਇਸ ਤੋਂ ਇਲਾਵਾ ਭਾਰਤੀਆਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਵਿਦੇਸ਼ ਮੰਤਰਾਲੇ ਨੇ ਵਿੱਤੀ ਵਰ੍ਹੇ 2025 ਦੌਰਾਨ ਇਕੁਆਡੋਰ ਵਿੱਚ ਨਵਾਂ ਮਿਸ਼ਨ ਅਤੇ ਅਮਰੀਕਾ ਤੇ ਰੂਸ ਵਿੱਚ ਚਾਰ ਨਵੇਂ ਕੌਂਸਲੇਟ ਖੋਲ੍ਹੇ ਹਨ।

ਵਿਦੇਸ਼ ਰਾਜ ਮੰਤਰੀ ਨੇ ਸਪੱਸ਼ਟ ਕੀਤਾ ਕਿ ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਉਦੇਸ਼ ਦੁਨੀਆ ਭਰ ਵਿੱਚ ਭਾਰਤ ਦੀ ਮੌਜੂਦਗੀ ਵਧਾਉਣਾ ਅਤੇ ਦੋਸਤਾਨਾ ਦੇਸ਼ਾਂ ਨਾਲ ਮਿਲ ਕੇ ਵਿਕਾਸ ਲਈ ਸਾਜ਼ਗਾਰ ਮਾਹੌਲ ਸਿਰਜਣਾ ਹੈ। ਨਵੇਂ ਮਿਸ਼ਨ ਅਤੇ ਕੌਂਸਲੇਟ ਖੋਲ੍ਹਣ ਦਾ ਫੈਸਲਾ ਉਨ੍ਹਾਂ ਦੇਸ਼ਾਂ ਨਾਲ ਰਣਨੀਤਕ ਸਹਿਯੋਗ, ਵਪਾਰਕ ਸੰਭਾਵਨਾਵਾਂ ਅਤੇ ਉੱਥੇ ਵੱਸਦੇ ਭਾਰਤੀ ਭਾਈਚਾਰੇ ਦੀ ਗਿਣਤੀ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ।

# ਭਾਰਤ 'ਚ ਹਥਿਆਰਾਂ ਦੇ ਪੁਰਜ਼ੇ ਬਣਾਉਣ ਲਈ ਰੂਸ ਸਹਿਮਤ

## ਮੋਦੀ-ਪੂਤਿਨ ਮੀਟਿੰਗ ਦੌਰਾਨ ਰੱਖਿਆ ਸਹਿਯੋਗ ਵਧਾਉਣ 'ਤੇ ਜ਼ੋਰ


**ਨਵੀਂ ਦਿੱਲੀ:** ਭਾਰਤ ਅਤੇ ਰੂਸ ਨੇ ਰੱਖਿਆ ਖੇਤਰ ਵਿੱਚ ਸਹਿਯੋਗ ਨੂੰ ਨਵੀਂ ਦਿਸ਼ਾ ਦਿੰਦਿਆਂ ਅਹਿਮ ਸਮਝੌਤਾ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਕਾਰ ਸਿਖਰ ਵਾਰਤਾ ਦੌਰਾਨ ਰੂਸ ਇਸ ਗੱਲ ਲਈ ਸਹਿਮਤ ਹੋ ਗਿਆ ਹੈ। ਕਿ ਉਹ ਭਾਰਤ ਵਿੱਚ ਰੂਸੀ ਮੂਲ ਦੇ ਹਥਿਆਰਾਂ ਅਤੇ ਰੱਖਿਆ ਉਪਕਰਨਾਂ ਦੇ ਪੁਰਜ਼ਿਆਂ ਦਾ ਨਿਰਮਾਣ ਉਤਸ਼ਾਹਿਤ ਕਰੇਗਾ। ਇਹ ਕਦਮ 'ਮੇਕ ਇਨ ਇੰਡੀਆ' ਪ੍ਰੋਗਰਾਮ ਤਹਿਤ ਚੁੱਕਿਆ ਗਿਆ ਹੈ। ਭਾਰਤੀ ਹਥਿਆਰਬੰਦ ਸੈਨਾਵਾਂ ਦੀ ਲੰਮੇ ਸਮੇਂ ਤੋਂ ਸ਼ਿਕਾਇਤ ਸੀ ਕਿ ਰੂਸ ਤੋਂ ਪੁਰਜ਼ੇ ਆਉਣ ਵਿੱਚ ਦੇਰੀ ਹੋਣ ਕਾਰਨ ਫੌਜੀ ਪ੍ਰਣਾਲੀਆਂ ਦੀ ਸਾਂਭ-ਸੰਭਾਲ ਵਿੱਚ ਮੁਸ਼ਕਲ ਆਉਂਦੀ ਹੈ। ਸਾਂਝੇ ਬਿਆਨ ਮੁਤਾਬਕ ਦੋਵੇਂ ਦੇਸ਼ ਸਾਂਝੇ ਉੱਦਮ ਲਾਉਣ ਲਈ ਸਹਿਮਤ ਹੋਏ ਹਨ, ਜੋ ਨਾ ਸਿਰਫ਼ ਭਾਰਤੀ ਫੌਜ ਦੀਆਂ ਲੋੜਾਂ ਪੂਰੀਆਂ ਕਰੇਗਾ, ਬਲਕਿ ਤੀਜੇ ਦੇਸ਼ਾਂ ਨੂੰ ਬਰਾਮਦ ਵੀ ਕਰ ਸਕੇਗਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਆਪਣੇ ਰੂਸੀ ਹਮਰੁਤਬਾ ਆਂਦਰੇ ਬੇਲੋਸੋਵ ਨਾਲ ਮੀਟਿੰਗ ਦੌਰਾਨ ਐੱਸ-400 ਮਿਜ਼ਾਈਲ ਸਿਸਟਮ ਦੀਆਂ ਵਾਧੂ ਇਕਾਈਆਂ ਖਰੀਦਣ ਵਿੱਚ ਦਿਲਚਸਪੀ ਦਿਖਾਈ ਸੀ। ਭਾਰਤ ਪਹਿਲਾਂ ਹੀ 5 ਬਿਲੀਅਨ ਡਾਲਰ ਦੇ



ਸੌਦੇ ਤਹਿਤ ਐੱਸ-400 ਦੀਆਂ ਤਿੰਨ ਇਕਾਈਆਂ ਪ੍ਰਾਪਤ ਕਰ ਚੁੱਕਾ ਹੈ ਅਤੇ ਹੁਣ ਐੱਸ-500 ਸਿਸਟਮ 'ਤੇ ਵੀ ਵਿਚਾਰ ਕਰ ਸਕਦਾ ਹੈ। ਇਸ ਤੋਂ ਇਲਾਵਾ ਦੋਵੇਂ ਆਗੂ ਵਪਾਰਕ ਭੁਗਤਾਨਾਂ ਲਈ ਕੌਮੀ ਕਰੰਸੀਆਂ ਦੀ ਵਰਤੋਂ ਜਾਰੀ ਰੱਖਣ ਅਤੇ ਭੁਗਤਾਨ ਪ੍ਰਣਾਲੀਆਂ ਆਪਸ ਵਿੱਚ ਜੋੜਨ ਲਈ ਸਲਾਹ-ਮਸ਼ਵਰਾ ਕਰਨ 'ਤੇ ਵੀ ਸਹਿਮਤ ਹੋਏ ਹਨ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਿਵਾਰ ਸਮੇਤ ਨਤਮਸਤਕ ਹੋਏ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ

**ਅੰਮ੍ਰਿਤਸਰ:** ਸਾਬਕਾ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਅੱਜ ਆਪਣੀ ਪਤਨੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਤੇ ਵਿਸ਼ਵ ਵਿਚ ਸ਼ਾਂਤੀ, ਅਮਨ ਚੈਨ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਨਤਮਸਤਕ ਹੋਣ ਮੌਕੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਤਾਸਿਆਂ ਦਾ ਪ੍ਰਸ਼ਾਦ ਤੇ ਰੁਮਾਲਾ ਸਾਹਿਬ ਭੇਟ ਕੀਤਾ ਗਿਆ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੀ ਦਰਸ਼ਨ ਕੀਤੇ। ਬਾਅਦ ਵਿਚ ਘੰਟਾ ਘਰ ਪਲਾਜ਼ਾ ਵਿਖੇ ਪੱਤਰਕਾਰਾਂ ਨਾਲ ਸੰਖੇਪ ਗੱਲਬਾਤ ਕਰਦਿਆਂ ਸਾਬਕਾ ਰਾਸ਼ਟਰਪਤੀ ਨੇ ਕਿਹਾ



ਕਿ ਰਾਸ਼ਟਰਪਤੀ ਭਵਨ ਛੱਡਣ ਤੋਂ ਬਾਅਦ ਉਨ੍ਹਾਂ ਦਾ ਇਸ - ਪਾਵਨ ਅਸਥਾਨ ਵਿਖੇ ਦਰਸ਼ਨ ਕਰਨ ਆਉਣ ਦਾ ਸੁਪਨਾ ਸੀ, ਜੋ ਅੱਜ ਤਿੰਨ ਸਾਲ ਬਾਅਦ ਸਾਕਾਰ ਹੋਇਆ ਹੈ। ਇਸ ਦੌਰਾਨ ਸਾਬਕਾ ਰਾਸ਼ਟਰਪਤੀ ਨੂੰ ਸ਼੍ਰੋਮਣੀ ਕਮੇਟੀ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ... ਸਿੰਘ ਵਲੋਂ ਧਾਰਮਿਕ ਪੁਸਤਕਾਂ ਅਤੇ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਮੈਨੇਜਰ ਜਸਪਾਲ ਸਿੰਘ ਢੱਡੇ ਤੇ ਜਤਿੰਦਰਪਾਲ ਸਿੰਘ ਵੀ ਮੌਜੂਦ ਸਨ।

# ਰੂਸ 'ਚ ਵੀ ਵਿਕਣਗੇ ਪਤੰਜਲੀ ਦੇ ਉਤਪਾਦ



**ਨਵੀਂ ਦਿੱਲੀ:** ਯੋਗ ਗੁਰੂ ਬਾਬਾ ਰਾਮਦੇਵ ਦੀ ਅਗਵਾਈ ਹੇਠਲੇ ਪਤੰਜਲੀ ਗਰੁੱਪ ਨੇ ਅੱਜ ਰੂਸ ਸਰਕਾਰ ਨਾਲ ਸਮਝੌਤੇ (ਐੱਮ ਓ ਯੂ) 'ਤੇ ਦਸਤਖ਼ਤ ਕੀਤੇ ਹਨ, ਜਿਸ ਨਾਲ ਰੂਸ ਵਿੱਚ ਪਤੰਜਲੀ ਦੇ ਉਤਪਾਦਾਂ ਅਤੇ ਸੇਵਾਵਾਂ ਦਾ ਦਾਖ਼ਲਾ ਹੋਵੇਗਾ। ਇਸ ਸਮਝੌਤੇ 'ਤੇ ਬਾਬਾ ਰਾਮਦੇਵ ਅਤੇ ਰੂਸ ਦੇ ਵਪਾਰ ਮੰਤਰੀ ਸਰਗੇਈ ਚੈਰੇਮਿਨ ਨੇ ਦਸਤਖ਼ਤ ਕੀਤੇ। ਇਸ ਦਾ ਮਕਸਦ ਸਿਹਤ ਅਤੇ ਤੰਦਰੁਸਤੀ, ਹੈਲਥ ਟੂਰਿਜ਼ਮ, ਹੁਨਰਮੰਦ ਮਨੁੱਖੀ ਸਰੋਤਾਂ ਦਾ ਆਦਾਨ-ਪ੍ਰਦਾਨ ਅਤੇ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਹੈ। ਬਾਬਾ ਰਾਮਦੇਵ ਨੇ ਕਿਹਾ ਕਿ ਰੂਸ ਦੇ ਲੋਕ ਯੋਗ ਅਤੇ ਆਯੁਰਵੇਦ ਨੂੰ ਬਹੁਤ ਪਸੰਦ ਕਰਦੇ ਹਨ।

ਸਮਝੌਤੇ ਤਹਿਤ ਰੂਸ ਵਿੱਚ ਪਤੰਜਲੀ ਦੀਆਂ ਸੇਵਾਵਾਂ ਦਾ ਵਿਸਥਾਰ ਕੀਤਾ ਜਾਵੇਗਾ ਅਤੇ ਭਾਰਤ ਦੇ ਰਿਸ਼ੀ-ਮੁਨੀਆਂ ਦਾ ਗਿਆਨ ਉੱਥੇ ਪਹੁੰਚਾਇਆ। ਪਤੰਜਲੀ ਦਾ ਟੀਚਾ ਰੂਸ ਨੂੰ ਮੁੱਖ ਕੇਂਦਰ ਬਣਾ ਕੇ ਦੁਨੀਆ ਦੇ 200 ਦੇਸ਼ਾਂ ਵਿੱਚ ਯੋਗ ਅਤੇ ਆਯੁਰਵੇਦ ਦਾ ਪ੍ਰਸਾਰ ਕਰਨਾ ਹੈ।

# ਸੁਪਰੀਮ ਕੋਰਟ ਆਮ ਆਦਮੀ ਲਈ: ਚੀਫ਼ ਜਸਟਿਸ

## ਬਕਾਇਆ ਕੇਸਾਂ ਦੇ ਜਲਦੀ ਨਿਬੇੜੇ ਲਈ ਕੌਮੀ ਨੀਤੀ ਬਣਾਉਣ ਦਾ ਐਲਾਨ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਸੂਰੀਆ ਕਾਂਤ ਨੇ ਅੱਜ 'ਸਖ਼ਤ ਸੰਦੇਸ਼' ਦਿੰਦਿਆਂ ਕਿਹਾ ਕਿ ਸੁਪਰੀਮ ਕੋਰਟ ਸਿਰਫ਼ ਖਾਸ ਲੋਕਾਂ ਲਈ ਨਹੀਂ, ਸਗੋਂ ਆਮ ਆਦਮੀ ਲਈ ਬਣਿਆ ਵੈ। ਹਿੰਦੋਸਤਾਨ ਟਾਈਮਜ਼ ਲੀਡਰਸ਼ਿਪ ਸੰਮੇਲਨ ਵਿੱਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਬਕਾਇਆ ਮਾਮਲਿਆਂ ਦੇ ਜਲਦੀ ਨਿਬੇੜੇ ਲਈ ਕੌਮੀ ਨਿਆਂਇਕ ਨੀਤੀ ਅਤੇ ਨਿਰਧਾਰਤ ਸਮਾਂ ਸੀਮਾ ਤੈਅ ਕਰਨਾ ਹੈ। ਅਦਾਲਤ ਦਾ ਮਕਸਦ ਮੁਕੱਦਮੇਬਾਜ਼ੀ ਦੀ ਲਾਗਤ ਘਟਾਉਣਾ ਅਤੇ ਨਿਆਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣਾ ਹੈ।



ਚੀਫ ਜਸਟਿਸ ਕਾਂਤ ਨੇ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਸੁਪਰੀਮ ਕੋਰਟ ਵਿੱਚ ਕੁਝ ਸੁਧਾਰ ਲਿਆਉਣਗੇ, ਜਿਨ੍ਹਾਂ ਵਿੱਚ ਖਾਸ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਸੁਣਨਾ ਸ਼ਾਮਲ ਹੈ। ਉਨ੍ਹਾਂ ਕਿਹਾ, "ਮੈਂ ਇਹ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਵਿੱਚ ਹਰ ਆਮ ਮੁਕੱਦਮੇਬਾਜ਼ ਲਈ ਵੀ ਪੂਰੀ ਥਾਂ ਅਤੇ ਸਮਾਂ ਹੈ।" ਉਨ੍ਹਾਂ ਦੱਸਿਆ ਕਿ ਪੁਰਾਣੇ ਕੇਸਾਂ ਦੇ ਨਿਬੇੜੇ ਲਈ ਸਾਲਸੀ ਕਾਰਗਰ ਹਥਿਆਰ ਸਾਬਤ ਹੋ ਰਹੀ ਹੈ। ਨਿਆਂਪਾਲਿਕਾ ਦੀ ਆਜ਼ਾਦੀ ਬਾਰੇ ਪੁੱਛੇ ਜਾਣ 'ਤੇ ਚੀਫ ਜਸਟਿਸ ਨੇ ਕਿਹਾ ਕਿ ਸੰਵਿਧਾਨ ਨੇ ਨਿਆਂਪਾਲਿਕਾ, ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੇ ਰੋਲ ਬੜੇ ਵਧੀਆ ਢੰਗ ਨਾਲ ਤੈਅ ਕੀਤੇ ਹਨ ਤਾਂ ਜੋ ਕੋਈ ਇੱਕ-ਦੂਜੇ ਦੇ ਕੰਮ ਵਿੱਚ ਦਖਲ ਨਾ ਦੇਵੇ।

# ਵਾਰਤਾ ਦਰਮਿਆਨ ਯੂਕਰੇਨ 'ਤੇ ਜ਼ੋਰਦਾਰ ਹਮਲੇ

**ਕੀਵ:** ਕਰੀਬ ਚਾਰ ਸਾਲ ਤੋਂ ਚੱਲ ਰਹੀ ਜੰਗ ਖ਼ਤਮ ਕਰਨ ਲਈ ਚੱਲ ਰਹੀ ਵਾਰਤਾ ਦਰਮਿਆਨ ਰੂਸ ਨੇ ਸ਼ਨਿਚਰਵਾਰ ਨੂੰ ਯੂਕਰੇਨ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਜ਼ੋਰਦਾਰ ਹਮਲਾ ਕੀਤਾ। ਰੂਸ ਨੇ 653 ਡਰੋਨ ਅਤੇ 51 ਮਿਜ਼ਾਈਲਾਂ ਦਾਗ਼ੀਆਂ। ਇਹ ਹਮਲੇ ਉਸ ਸਮੇਂ ਹੋਏ ਜਦੋਂ ਯੂਕਰੇਨ ਹਥਿਆਰਬੰਦ ਬਲਾਂ ਬਾਰੇ ਦਿਵਸ ਮਨਾ ਰਿਹਾ ਹੈ। ਯੂਕਰੇਨ ਨੇ 585 ਡਰੋਨ ਅਤੇ 30 ਮਿਜ਼ਾਈਲਾਂ ਹਵਾ 'ਚ ਹੀ ਫੁੰਡ



ਦਿੱਤੀਆਂ। ਹਮਲਿਆਂ 'ਚ ਅੱਠ ਵਿਅਕਤੀ ਜ਼ਖ਼ਮੀ ਹੋਏ ਹਨ।- ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਊਰਜਾ ਪਲਾਂਟ ਰੂਸ ਦੇ ਨਿਸ਼ਾਨੇ 'ਤੇ ਸਨ। ਕੀਵ ਖ਼ਿੱਤੇ 'ਚ ਫਾਸਤੀਵ ਸ਼ਹਿਰ 'ਚ ਡਰੋਨ ਹਮਲੇ ਦੌਰਾਨ ਇਕ ਟਰੇਨ ਸਟੇਸ਼ਨ ਨੂੰ ਅੱਗ ਲੱਗ ਗਈ। ਰੂਸੀ ਰੱਖਿਆ ਮੰਤਰਾਲੇ ਨੇ ਵੀ ਕਿਹਾ ਕਿ ਉਨ੍ਹਾਂ ਆਪਣੇ ਇਲਾਕੇ 'ਚ 116 ਯੂਕਰੇਨੀ ਡਰੋਨ ਫੁੰਡੇ ਹਨ।

# ਟਰੰਪ ਪ੍ਰਸ਼ਾਸਨ ਨੇ ਛਾਂਟੀ ਕੀਤੇ ਜਾਣ ਵਾਲੇ ਮੁਲਾਜ਼ਮ ਵਾਪਸ ਸੱਦੇ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਸਿੱਖਿਆ ਵਿਭਾਗ ਦੇ ਉਨ੍ਹਾਂ ਦਰਜਨਾਂ ਮੁਲਾਜ਼ਮਾਂ ਨੂੰ ਵਾਪਸ ਕੰਮ 'ਤੇ ਸੱਦ ਲਿਆ ਹੈ, ਜਿਨ੍ਹਾਂ ਦੀ ਛਾਂਟੀ ਕੀਤੀ ਜਾਣੀ ਸੀ। ਵਿਭਾਗ ਨੇ ਇਹ ਫੈਸਲਾ ਸਕੂਲਾਂ ਅਤੇ ਕਾਲਜਾਂ ਵਿੱਚ ਵਿਤਕਰੇ ਦੀਆਂ ਵਧਦੀਆਂ ਸ਼ਿਕਾਇਤਾਂ : ਦੇ ਨਿਬੇੜੇ ਲਈ ਕੀਤਾ ਹੈ। ਇਹ ਕਰਮਚਾਰੀ 15 ਦਸੰਬਰ ਤੋਂ ਡਿਊਟੀ ਸੰਭਾਲਣਗੇ। ਜਾਣਕਾਰੀ ਅਨੁਸਾਰ ਸਿਵਲ ਰਾਈਟਸ ਦਫ਼ਤਰ ਵਿੱਚ ਕਰੀਬ 25,000 ਸ਼ਿਕਾਇਤਾਂ ਬਕਾਇਆ ਹਨ। ਜਦੋਂ ਟਰੰਪ ਨੇ ਅਹੁਦਾ ਸੰਭਾਲਿਆ ਸੀ ਤਾਂ 20,000 ਕੇਸ ਬਕਾਇਆ ਸਨ, ਪਰ ਸਟਾਫ ਘਟਾਉਣ ਕਾਰਨ ਇਹ ਗਿਣਤੀ ਹੋਰ ਵਧ ਗਈ। ਸਰਕਾਰ ਹਾਲੇ ਵੀ ਵਿਭਾਗ ਵਿੱਚ ਕਰਮਚਾਰੀ ਘਟਾਉਣ ਦੇ ਹੱਕ ਵਿੱਚ ਹੈ, ਪਰ ਕਾਨੂੰਨੀ ਅੜਿੱਕੇ ਦੂਰ ਹੋਣ ਤੱਕ ਕਰਮਚਾਰੀਆਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

# ਡਾ. ਨਵਜੋਤ ਕੌਰ ਸਿੱਧੂ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ

**ਚੰਡੀਗੜ੍ਹ:** ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਦੇ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਲਈ ਪਾਰਟੀ ਵੱਲੋਂ 500 ਕਰੋੜ ਰੁਪਏ ਲੈਣ ਦੇ ਬਿਆਨ ਤੋਂ . ਬਾਅਦ ਪਾਰਟੀ ਨੇ ਉਨ੍ਹਾਂ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਹਨ। ਮੁੱਅਤਲੀ ਤੋਂ ਪਹਿਲਾਂ ਡਾ. ਨਵਜੋਤ ਕੌਰ ਨੇ ਸੋਮਵਾਰ ਨੂੰ ਸੂਬਾ ਕਾਂਗਰਸ ਦੇ ਨੇਤਾਵਾਂ 'ਤੇ ਵੀ ਗੰਭੀਰ ਦੋਸ਼ ਲਗਾਏ। ਨਿੱਜੀ ਚੈਨਲ ਨਾਲ ਗੱਲਬਾਤ 'ਚ ਦੋਸ਼ ਲਗਾਇਆ ਕਿ ਤਰਨਤਾਰਨ ਵਿਧਾਨ ਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ 'ਚ ਪਾਰਟੀ ਉਮੀਦਵਾਰ ਕਰਨਬੀਰ ਸਿੰਘ ਤੋਂ ਟਿਕਟ ਦੇ ਨਾਂ 'ਤੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਵ ਸਿੰਘ ਬਾਜਵਾ ਨੇ 5-5 ਕਰੋੜ ਰੁਪਏ ਲਏ। ਡਾ. ਨਵਜੋਤ ਕੌਰ 'ਤੇ ਸਖ਼ਤ ਕਾਰਵਾਈ ਦੇ ਸੰਕੇਤ ਸਵੇਰੇ ਉਸ ਸਮੇਂ ਵੀ ਮਿਲੇ ਸਨ ਜਦੋਂ ਪਾਰਟੀ ਹਾਈ ਕਮਾਨ ਨੇ ਡਾ. ਸਿੱਧੂ ਦੀ ਬਿਆਨਬਾਜ਼ੀ ਪਿੱਛੋਂ ਪੰਜਾਬ ਭੇਜੇ ਗਏ ਪਾਰਟੀ ਸਕੱਤਰ ਤੇ ਪੰਜਾਬ ਦੇ ਸਕੱਤਰ ਇੰਚਾਰਜ ਰਵਿੰਦਰਾ ਡਾਲਵੀ ਨੇ ਇਹ ਕਿਹਾ ਕਿ ਪਾਰਟੀ 'ਚ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੋਮਵਾਰ ਨੂੰ ਚੰਡੀਗੜ੍ਹ ਪੁੱਜੇ ਡਾਲਵੀ ਨੇ ਕਿਹਾ ਸੀ ਕਿ 500 ਕਰੋੜ ਰੁਪਏ ਦੇ ਬਿਆਨ 'ਤੇ ਡਾ. ਸਿੱਧੂ ਤੋਂ ਸਪਸ਼ਟੀਕਰਨ ਮੰਗਿਆ ਸੀ। ਇਸ ਦਾ ਉਨ੍ਹਾਂ ਨੇ ਜਵਾਬ ਦੇ ਦਿੱਤਾ ਸੀ ਕਿ ਉਨ੍ਹਾਂ ਨੇ ਕਾਂਗਰਸ ਬਾਰੇ ਇਹ ਗੱਲ ਨਹੀਂ ਕਹੀ ਸੀ ਪਰ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਡਾ. ਸਿੱਧੂ ਹੁਣ ਨਵੇਂ ਦੋਸ਼ ਲਗਾ ਰਹੀ ਹੈ ਤਾਂ ਉਨ੍ਹਾਂ ਕਿਹਾ ਕਿ ਅਨੁਸ਼ਾਸਣਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੋਮਵਾਰ ਨੂੰ ਡਾ. ਸਿੱਧੂ ਨੇ ਕਿਹਾ ਕਿ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣਨ ਦੇ ਚਾਹਵਾਨ ਹਨ। ਉਨ੍ਹਾਂ ਨੇ ਹੀ ਪਾਰਟੀ ਦਾ ਬੇੜਾ ਗਰਕ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਬਾਜਵਾ ਭਾਜਪਾ ਨਾਲ ਤੇ ਵੜਿੰਗ ਭਗਵੰਤ ਮਾਨ ਨਾਲ ਮਿਲੇ ਹੋਏ ਹਨ। ਗੈਂਗਸਟਰਾਂ ਨਾਲ ਮਿਲੇ ਹੋਏ ਰੰਧਾਵਾ ਨੇ ਰਾਜਸਥਾਨ ਦੇ ਇੰਚਾਰਜ ਬਣ ਕੇ ਉੱਥੇ ਕਾਂਗਰਸ ਨੂੰ ਹਰਾਇਆ। ਸੂਬੇ 'ਚ ਕਾਂਗਰਸ ਵਿਰੋਧੀ ਧਿਰ ਦੀ ਭੂਮਿਕਾ ਨਹੀਂ ਨਿਭਾਅ ਰਹੀ। ਉਨ੍ਹਾਂ ਨੂੰ ਡਰ ਲੱਗਦਾ ਹੈ ਕਿ ਮੁੱਖ ਮੰਤਰੀ ਉਨ੍ਹਾਂ ਦੀ ਫਾਈਲ ਨਾ ਖੋਲ੍ਹ ਦੇਵੇ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ 2022 'ਚ ਕਾਂਗਰਸ ਦੇ ਆਗੂਆਂ ਨੇ ਨਵਜੋਤ ਸਿੰਘ ਸਿੱਧੂ ਨੂੰ ਚੋਣ ਹਰਵਾਉਣ ਲਈ ਪੈਸੇ ਦਿੱਤੇ। ਉਨ੍ਹਾਂ ਨੇ ਇਹ ਵੀ ਦੁਹਰਾਇਆ ਕਿ ਨਵਜੋਤ ਸਿੰਘ ਸਿੱਧੂ, ਪ੍ਰਿਅੰਕਾ ਵਾਡਰਾ ਨਾਲ ਖੜ੍ਹੇ ਹਨ ਤੇ ਰਹਿਣਗੇ।



## ਡਾ. ਨਵਜੋਤ ਬਾਰੇ ਕਾਂਗਰਸ ਦੇਵੇ ਜਵਾਬ: ਚੀਮਾ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਾਂਗਰਸ ਤੇ ਭਾਜਪਾ ਨੂੰ ਡਾ. ਨਵਜੋਤ ਸਿੱਧੂ ਤੇ ਸੁਨੀਲ ਜਾਖੜ ਵੱਲੋਂ ਲਗਾਏ ਦੋਸ਼ਾਂ 'ਤੇ ਪ੍ਰਤੀਕਿਰਿਆ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਕੌਮੀ ਪਾਰਟੀਆਂ ਦੀ ਚੁੱਪੀ ਕਈ ਸਵਾਲ ਖੜ੍ਹੇ ਕਰ ਰਹੀ ਹੈ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਬਾਰੇ ਉਨ੍ਹਾਂ ਕਿਹਾ ਕਿ ਉਹ ਕਾਂਗਰਸ 'ਚ ਦੋ ਮੁੱਖ ਮੰਤਰੀਆਂ ਦੀ



ਸਰਕਾਰ ਵਿਚ ਸ਼ਾਮਲ ਰਹੇ, ਜਿਨ੍ਹਾਂ 'ਤੇ ਹੁਣ 'ਅਹੁਦੇ ਖ਼ਰੀਦਣ' ਦੇ ਦੋਸ਼ ਲਗਾ ਰਹੇ ਹਨ। ਚੀਮਾ ਨੇ ਕਿਹਾ ਕਿ 1997 ਤੋਂ 2022 ਤੱਕ ਸੱਤਾ ਵਿਚ ਰਹਿਣ ਵਾਲੇ ਦਲਾਂ ਦੀ ਕਾਰਜਪ੍ਰਣਾਲੀ ਨੂੰ ਉਨ੍ਹਾਂ ਦੇ ਅਹੁਦੇਦਾਰ ਉਜਾਗਰ ਕਰ ਰਹੇ ਹਨ।

## ਰੰਧਾਵਾ ਨੇ ਪੁੱਛਿਆ, ਨਵਜੋਤ ਸਿੱਧੂ ਨੇ ਕਿੰਨੇ ਪੈਸੇ ਦਿੱਤੇ?



ਗੁਰਦਾਸਪੁਰ ਤੋਂ ਸੰਸਦ ਮੈਂਬਰ ਤੇ ਸਾਬਕਾ ਡਿਪਟੀ ਸੀਐੱਮ ਸੁਖਜਿੰਦਰ ਸਿੰਘ ਰੰਧਾਵਾ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਪੁੱਛਿਆ ਕਿ ਜਦੋਂ ਕਾਂਗਰਸ ਸਰਕਾਰ 'ਚ ਉਨ੍ਹਾਂ ਦੇ ਪਤੀ ਨੂੰ ਨੰਬਰ ਦੋ ਮੰਤਰੀ ਬਣਾਇਆ ਗਿਆ ਉਦੋਂ ਉਨ੍ਹਾਂ ਨੇ ਕਿੰਨੇ ਪੈਸੇ ਦਿੱਤੇ ਸਨ। ਉਨ੍ਹਾਂ ਕਿਹਾ ਕਿ ਚਾਰ ਸਾਲ ਸਿੱਧੂ ਪਰਿਵਾਰ ਘਰ ਤੋਂ ਬਾਹਰ ਨਹੀਂ ਨਿਕਲਿਆ, ਹੁਣ ਚੋਣਾਂ ਆ ਗਈਆਂ ਹਨ ਤਾਂ ਘਰੋਂ ਨਿਕਲ ਕੇ ਆ ਗਏ।

## ਡਾ. ਸਿੱਧੂ ਚੰਗੇ ਡਾਕਟਰ ਤੋਂ ਇਲਾਜ ਕਰਵਾਏ: ਬਾਜਵਾ

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਡਾ. ਨਵਜੋਤ ਕੌਰ ਸਿੱਧੂ ਨੂੰ ਕਿਸੇ



ਚੰਗੇ ਹਸਪਤਾਲ ਦੇ ਡਾਕਟਰ ਤੋਂ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ।

# 'ਵੱਡੇ ਮਗਰਮੱਛ' ਬਚਾਉਣ ਦੀ ਮੁੱਖ ਮੰਤਰੀ ਕੋਲ ਪੁੱਜੀ ਸ਼ਿਕਾਇਤ



**ਪਟਿਆਲਾ:** ਪੰਜਾਬੀ ਯੂਨੀਵਰਸਿਟੀ 'ਚ ਬਹੁ-ਕਰੋੜੀ ਰਿਸਰਚ ਸਕਾਲਰਜ਼ ਫਰਜ਼ੀ- ਬਿੱਲ ਘੁਟਾਲਾ ਯੂਨੀਵਰਸਿਟੀ ਅਥਾਰਟੀ ਲਈ ਗਲੇ ਦੀ ਹੱਡੀ ਬਣ ਗਿਆ ਹੈ। ਇਸ ਮਾਮਲੇ ਦੀ ਜਾਂਚ ਰਿਪੋਰਟ 'ਚ ਜੂਨੀਅਰ ਕਰਮਚਾਰੀਆਂ ਤੋਂ ਲੈ ਕੇ ਸੀਨੀਅਰ ਅਧਿਕਾਰੀਆਂ ਦੇ ਨਾਂ ਵੀ ਸਾਹਮਣੇ ਆਏ ਸਨ। ਯੂਨੀਵਰਸਿਟੀ ਵੱਲੋਂ ਜੂਨੀਅਰ ਅਧਿਕਾਰੀਆਂ ਖ਼ਿਲਾਫ਼ ਤਾਂ ਸਖ਼ਤ ਕਾਰਵਾਈ ਕੀਤੀ ਜਾ ਚੁੱਕੀ ਹੈ ਪਰ ਕੁਝ ਵੱਡੇ ਨਾਂ ਹਾਲੇ ਤੱਕ ਅੱਖੋਂ ਓਹਲੇ ਕੀਤੇ ਜਾ ਰਹੇ ਹਨ। ਜਾਂਚ ਰਿਪੋਰਟ ਦੇ ਆਧਾਰ 'ਤੇ ਕਾਰਵਾਈ 'ਚ ਦੇਰੀ ਕਰਨ ਅਤੇ ਵੱਡੇ ਨਾਵਾਂ ਨੂੰ ਬਚਾਉਣ ਸਬੰਧੀ ਇਕ ਲਿਖਤੀ ਸ਼ਿਕਾਇਤ ਹੁਣ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਪੁੱਜ ਗਈ ਹੈ। ਦੂਸਰੇ ਪਾਸੇ ਪੰਜਾਬੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਨੇ ਇਸ ਸਬੰਧੀ ਜਲਦ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਮੁੱਖ ਮੰਤਰੀ ਨੂੰ ਭੇਜੀ ਗਈ ਸ਼ਿਕਾਇਤ 'ਚ ਦੱਸਿਆ ਗਿਆ ਹੈ ਕਿ ਬਹੁ- ਕਰੋੜੀ ਫਰਜ਼ੀ-ਬਿੱਲ ਘੁਟਾਲੇ ਸੰਬੰਧੀ ਯੂਨੀਵਰਸਿਟੀ ਦੀ ਅੰਦਰੂਨੀ ਜਾਂਚ ਕਮੇਟੀ ਨੇ ਜੂਨ 2025 'ਚ ਆਪਣੀ ਰਿਪੋਰਟ ਮੌਜੂਦਾ ਵਾਈਸ-ਚਾਂਸਲਰ ਨੂੰ ਸੌਂਪ ਦਿੱਤੀ ਸੀ। ਨਿਯਮਾਂ ਮੁਤਾਬਕ ਉਨ੍ਹਾਂ ਕੋਲ ਇਸ 'ਤੇ ਕਾਰਵਾਈ ਕਰਨ ਦੀ ਮੁੱਖ ਕਾਨੂੰਨੀ ਜ਼ਿੰਮੇਵਾਰੀ ਹੈ ਪਰ ਕਈ ਮਹੀਨੇ ਬੀਤਣ ਦੇ ਬਾਵਜੂਦ ਕਾਰਵਾਈ ਠੰਢੇ ਬਸਤੇ 'ਚ ਪਈ ਹੈ। ਇਹ ਦੇਰੀ ਯੂਨੀਵਰਸਿਟੀ ਅਥਾਰਟੀ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦੀ ਹੈ।

ਸ਼ਿਕਾਇਤਕਰਤਾ ਅਨੁਸਾਰ, ਜਿੱਥੇ ਪੰਜਾਬ ਸਰਕਾਰ ਸੂਬੇ ਭਰ 'ਚ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾ ਰਹੀ ਹੈ, ਉੱਥੇ ਪੰਜਾਬੀ ਯੂਨੀਵਰਸਿਟੀ ਇਸ ਵਚਨਬੱਧਤਾ ਦੇ ਉਲਟ ਚੱਲ ਰਹੀ ਹੈ। ਵੱਡੇ ਪੱਧਰ 'ਤੇ ਵਿੱਤੀ ਬੇਨਿਯਮੀਆਂ ਵਾਲ਼ੀ ਰਿਪੋਰਟ 'ਤੇ ਕਾਰਵਾਈ ਕਰਨ ਦੀ ਬਜਾਏ ਮਾਮਲੇ ਨੂੰ ਦਬਾਉਣਾ ਹੈਰਾਨੀਜਨਕ ਹੈ। ਸ਼ਿਕਾਇਤ 'ਚ ਜ਼ਿਕਰ ਹੈ। ਕਿ ਇਸੇ ਘੁਟਾਲੇ 'ਚ ਕਈ ਜੂਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੁਅੱਤਲ ਜਾਂ ਬਰਖ਼ਾਸਤ ਕੀਤਾ ਗਿਆ ਹੈ, ਜਦੋਂ ਕਿ ਜਾਂਚ ਰਿਪੋਰਟ 'ਚ ਸ਼ਾਮਲ ਇਕ ਮੁੱਖ ਮੁਲਜ਼ਮ ਹਾਲੇ ਵੀ ਕਾਨੂੰਨੀ ਕਾਰਵਾਈ ਤੋਂ ਬਚਿਆ ਹੋਇਆ ਹੈ ਜਾਂ ਜਾਣਬੁੱਝ ਕੇ ਬਚਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਮਾਨ ਤੋਂ ਮੰਗ ਕੀਤੀ ਗਈ ਹੈ ਕਿ ਜੂਨ 2025 'ਚ ਪੇਸ਼ ਕੀਤੀ ਗਈ ਜਾਂਚ ਕਮੇਟੀ ਦੀ ਰਿਪੋਰਟ ਦੀ ਸਿੱਧੇ ਤੌਰ 'ਤੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ।

### ਇਹ ਹੈ ਮਾਮਲਾ

ਜ਼ਿਕਰਯੋਗ ਹੈ ਕਿ ਸਾਲ 2021 'ਚ 'ਪੰਜਾਬੀ ਜਾਗਰਣ' ਨੇ ਪੰਜਾਬੀ ਯੂਨੀਵਰਸਿਟੀ 'ਚ ਹੋਏ ਇਸ ਵੱਡੇ ਘਪਲੇ ਦਾ ਖੁਲਾਸਾ ਕੀਤਾ ਸੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਯੂਨੀਵਰਸਿਟੀ ਦੇ ਇਕ ਸੀਨੀਅਰ ਸਹਾਇਕ ਨੇ ਜਾਅਲੀ ਬਿੱਲ, ਮੋਹਰਾਂ ਅਤੇ ਦਸਤਖ਼ਤਾਂ ਦੀ ਵਰਤੋਂ ਕਰਕੇ ਕਰੋੜਾਂ ਰੁਪਏ ਦੀ ਸਰਕਾਰੀ ਰਾਸ਼ੀ ਆਪਣੇ ਅਤੇ ਹੋਰ ਸਾਥੀਆਂ ਦੇ ਨਿੱਜੀ ਬੈਂਕ ਖਾਤਿਆਂ 'ਚ ਜਮ੍ਹਾਂ ਕਰਵਾਈ ਸੀ। ਇਸ ਸਬੰਧੀ ਯੂਨੀਵਰਸਿਟੀ ਨੇ ਸ਼ੁਰੂਆਤੀ ਦੌਰ 'ਚ ਸੱਤ ਵਿਅਕਤੀਆਂ ਖ਼ਿਲਾਫ਼ ਪੁਲਿਸ ਮਾਮਲਾ ਦਰਜ ਕਰਵਾਇਆ ਸੀ। ਥਾਣਾ ਅਰਬਨ ਅਸਟੇਟ ਪੁਲਿਸ ਨੇ ਸੀਨੀਅਰ ਸਹਾਇਕ ਨਿਸ਼ੂ ਚੌਧਰੀ ਸਣੇ ਕੁੱਲ ਛੇ ਮੁਲਜ਼ਮਾਂ ਨੂੰ ਗ੍ਰਿਫਤਾਰ ਵੀ ਕੀਤਾ ਸੀ। ਯੂਨੀਵਰਸਿਟੀ ਨੇ ਆਪਣੇ ਪੱਧਰ 'ਤੇ ਜਾਂਚ ਜਾਰੀ ਰੱਖੀ ਅਤੇ ਸਰਕਾਰੀ ਰਕਮ ਹੜੱਪਣ ਵਾਲੇ ਮੁਲਾਜ਼ਮਾਂ ਦੀ ਸੂਚੀ ਤਿਆਰ ਕੀਤੀ, ਜਿਸ 'ਚ ਕਈ ਹੋਰ ਨਾਂ ਵੀ ਸਾਹਮਣੇ ਆਏ। ਹਾਲਾਂਕਿ, ਬਾਅਦ 'ਚ ਯੂਨੀਵਰਸਿਟੀ ਦੀ ਜਾਂਚ ਤਾਂ ਚੱਲੀ ਪਰ, ਕਈ ਵੱਡੇ ਨਾਂ ਸਾਹਮਣੇ ਆਉਣ ਦੀ ਬਜਾਏ ਪਰਦੇ ਪਿੱਛੇ ਹੀ ਰੱਖੇ ਗਏ ਹਨ।

## ਜਲਦ ਹੋਵੇਗੀ ਸਖ਼ਤ ਕਾਰਵਾਈ: ਵੀ.ਸੀ.



ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਇਸ ਚਰਚਿਤ ਮਾਮਲੇ ਸਬੰਧੀ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਜਲਦ ਹੀ ਸਖ਼ਤ ਕਦਮ ਚੁੱਕਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਇਹ ਮਾਮਲਾ ਕਾਫੀ ਪੁਰਾਣਾ ਹੈ ਅਤੇ ਪਹਿਲਾਂ ਵੀ ਇਸ ਦੀ ਵੱਖ- ਵੱਖ ਪੱਖਾਂ ਤੋਂ ਜਾਂਚ ਦੌਰਾਨ ਕਈਆਂ ਖ਼ਿਲਾਫ਼ ਕਾਰਵਾਈ ਹੋ ਚੁੱਕੀ ਹੈ ਪਰ ਹੁਣ ਇਕ ਨਵੀਂ ਰਿਪੋਰਟ 'ਚ ਕਈ ਗੰਭੀਰ ਤੱਥ ਸਾਹਮਣੇ ਆਏ ਹਨ। ਵੀਸੀ ਅਨੁਸਾਰ, ਇਸ ਨਵੀਂ ਰਿਪੋਰਟ 'ਤੇ ਅਗਲੇਰੀ ਕਾਰਵਾਈ ਕਰਨ ਲਈ ਕਾਨੂੰਨੀ ਮਾਹਿਰਾਂ ਦੀ ਸਲਾਹ ਮੰਗੀ ਗਈ ਸੀ। ਕਾਨੂੰਨੀ ਰਾਏ ਮਿਲਣ ਤੋਂ ਬਾਅਦ ਹੁਣ ਤਸਵੀਰ ਸਾਫ ਹੋ ਗਈ ਹੈ ਅਤੇ ਆਉਣ ਵਾਲੇ ਦਿਨਾਂ 'ਚ ਨਿਯਮਾਂ ਮੁਤਾਬਕ ਬਣਦੀ ਕਾਰਵਾਈ ਜ਼ਰੂਰ ਅਮਲ 'ਚ ਲਿਆਂਦੀ ਜਾਵੇਗੀ।

# ਗੋਆ ਨਾਈਟ ਕਲੱਬ ਦੇ ਮਾਲਕ ਦੇਸ਼ ਛੱਡ ਭੱਜੇ, ਮੈਨੇਜਰ ਕਾਬੂ




**ਪਣਜੀ:** ਗੋਆ ਦੇ ਅਰਪੋਰਾ ਪਿੰਡ ਸਥਿਤ ਜਿਸ ਨਾਈਟ ਕਲੱਬ 'ਚ ਸ਼ਨਿੱਚਰਵਾਰ ਰਾਤ ਨੂੰ ਅਗਨੀ ਕਾਂਡ ਹੋਇਆ, ਉਸ ਦੇ ਮਾਲਕ ਸੌਰਭ ਲੂਥਰਾ ਤੇ ਗੌਰਵ ਲੂਥਰਾ ਦੇਸ਼ ਛੱਡ ਕੇ ਥਾਈਲੈਂਡ ਭੱਜ ਗਏ ਹਨ। ਗੋਆ ਪੁਲਿਸ ਨੇ ਦਾਅਵਾ ਕੀਤਾ ਕਿ ਘਟਨਾ ਦੇ ਕੁਝ ਘੰਟਿਆਂ ਦੇ ਅੰਦਰ ਹੀ ਦੋਵੇਂ ਮੁਲਜ਼ਮਾਂ ਦੇ ਫੁਕੇਟ ਭੱਜਣ ਦੀ ਸੂਚਨਾ ਮਿਲੀ ਹੈ। ਮੁਲਜ਼ਮਾਂ ਦੀ ਭਾਲ ਵਿਚ ਪੁਲਿਸ ਨੇ ਇੰਟਰਪੋਲ ਨਾਲ ਸੰਪਰਕ ਕੀਤਾ ਹੈ। ਨਾਲ ਹੀ ਉਨ੍ਹਾਂ ਦੇ ਖਿਲਾਫ਼ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਸ਼ਨਿੱਚਰਵਾਰ ਨੂੰ ਨਾਈਟਕਲੱਬ 'ਚ ਹੋਏ ਅਗਨੀਕਾਂਡ ਵਿਚ 25 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿਚ ਨਾਈਟ ਕਲੱਬ ਦੇ 20 ਮੁਲਾਜ਼ਮ ਤੇ ਪੰਜ ਸੈਲਾਨੀ ਸਾਮਲ ਸਨ। ਪੰਜ ਜ਼ਖਮੀਆਂ ਦਾ ਗੋਆ ਮੈਡੀਕਲ ਕਾਲਜ ਐਂਡ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।



## ਹਰਿਆਣਾ ਵਿਧਾਨ ਸਭਾ ਦਾ ਇਜਲਾਸ 18 ਤੋਂ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦਾ ਸਰਦ-ਰੁੱਤ ਇਜਲਾਸ 18 ਦਸੰਬਰ ਤੋਂ ਸ਼ੁਰੂ ਹੋਵੇਗਾ। ਵਿਧਾਨ ਸਭਾ ਸੈਸ਼ਨ ਕਿੰਨੇ ਦਿਨ ਚੱਲੇਗਾ, ਇਸ ਬਾਰੇ ਫ਼ੈਸਲਾ ਵਿਧਾਨ ਸਭਾ ਦੀ ਬਿਜ਼ਨਸ ਅਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਕੀਤਾ



ਜਾਵੇਗਾ। ਇਹ ਆਸਾਰ ਹਨ ਕਿ 18 ਤੋਂ ਸ਼ੁਰੂ ਹੋ ਕੇ ਇਜਲਾਸ 22 ਦਸੰਬਰ ਤੱਕ ਜਾਰੀ ਰਹੇਗਾ। ਇਸ ਛੋਟੀ ਮਿਆਦ ਦੇ ਸਰਦ- ਰੁੱਤ ਇਜਲਾਸ ਇਜਲਾਸ ਦੇ ਹੰਗਾਮਾ ਭਰਪੂਰ ਰਹਿਣ ਦੇ ਆਸਾਰ ਹਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਹੁਣ ਗਿਦੜਬਾਹ ਤੋਂ ਸੁਖਬੀਰ ਸਿੰਘ ਬਾਦਲ ਲੜਨਗੇ ਚੋਣ



**ਗਿੱਦੜਬਾਹਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਉਹ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਗਿੱਦੜਬਾਹਾ ਤੋਂ ਚੋਣ ਲੜਨਗੇ। ਇਸ ਦੇ ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਕਿ ਪਾਰਟੀ ਨਾਲ ਗ਼ੱਦਾਰੀ ਕਰਨ ਵਾਲਿਆਂ ਨੂੰ ਮੁੜ ਪਾਰਟੀ 'ਚ ਨਹੀਂ ਲਿਆ ਜਾਵੇਗਾ।

ਸੁਖਬੀਰ ਬਾਦਲ ਸੋਮਵਾਰ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਪਾਰਟੀ ਦਫ਼ਤਰ ਦਾ ਉਦਘਾਟਨ ਕਰਨ ਇੱਥੇ ਪੁੱਜੇ ਸਨ। ਵਰਕਰਾਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਹਲਕੇ ਲੋਕਾਂ ਦੀ ਮੰਗ ਹੈ ਕਿ ਮੰਗ ਹੈ ਕਿ ਉਹ ਇਸ ਹਲਕੇ ਤੋਂ ਚੋਣ ਲੜਣ। ਇਸ ਲਈ ਉਹ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਗਿੱਦਬਾਹਾ ਤੋਂ ਵੀ ਚੋਣ ਲੜਨਗੇ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਹਰਦੀਪ ਸਿੰਘ ਡਿੰਪੀ ਢਿੱਲੋਂ ਸਮੇਤ ਜਿਨ੍ਹਾਂ ਵੀ ਹੋਰ ਲੋਕਾਂ ਨੂੰ ਦੋਬਾਰਾ ਪਾਰਟੀ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ। ਓਧਰ ਅਕਾਲੀ ਦਲ ਦੇ ਨੇਤਾਵਾਂ ਨੇ ਇਹ ਵੀ ਸਪਸ਼ਟ ਕਿਹਾ ਹੈ ਕਿ ਸੁਖਬੀਰ ਲੰਬੀ ਤੋਂ ਵੀ ਚੋਣ ਲੜਨਗੇ। ਯਾਨੀ ਸੁਖਬੀਰ ਬਾਦਲ ਗਿੱਦੜਬਾਹਾ ਤੇ ਲੰਬੀ ਦੋਵਾਂ ਸੀਟਾਂ ਤੋਂ ਚੋਣ ਲੜਨਗੇ। ਸੁਖਬੀਰ ਸਿੰਘ ਬਾਦਲ ਨੇ ਗਿੱਦੜਬਾਹਾ 'ਚ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲੜ ਰਹੇ ਪਾਰਟੀ ਉਮੀਦਵਾਰਾਂ ਨਾਲ ਗੱਲਬਾਤ ਕਰ ਦਿਆਂ ਕਿਹਾ ਕਿ ਇਹ ਚੋਣਾਂ ਪਾਰਟੀ ਲਈ ਅਗਨੀ ਪ੍ਰੀਖਿਆ ਹਨ ਤੇ ਪਾਰਟੀ ਵਰਕਰਾਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਇਨ੍ਹਾਂ ਚੋਣਾਂ 'ਚ ਪਾਰਟੀ ਉਮੀਦਵਾਰ ਜਿੱਤ ਹਾਸਲ ਕਰਨ।

## ਗੁਰੂ ਨੂੰ ਚੇਲੇ ਦੇ ਮੁਕਾਬਲੇ ਲੜਣਾ ਪਵੇਗਾ-ਡਿੰਪੀ

ਇਕ ਨਿੱਜੀ ਚੈਨਲ ਨਾਲ ਗੱਲਬਾਤ 'ਚ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ



ਕਿ ਮੇਰੇ ਪਾਰਟੀ ਛੱਡੇ ਜਾਣ ਅਕਾਲੀ ਦਲ ਨੂੰ ਮੇਰਾ ਬਦਲ ਨਹੀਂ ਮਿਲਿਆ। ਹੁਣ ਹਾਲਾਤ ਇਹ ਬਣ ਗੇ ਹਨ ਕਿ ਗੁਰੂ ਨੂੰ ਚੇਲੇ ਦੇ ਮੁਕਾਬਲੇ ਖ਼ੁਦ ਚੋਣ ਮੈਦਾਨ 'ਚ ਉਤਰਣਾ ਪੈ ਰਿਹਾ ਹੈ। ਮੇਰੇ ਲਈ ਇਹ ਖ਼ੁਸੀ ਦੀ ਗੱਲ ਹੈ। ਸੁਖਬੀਰ ਪ੍ਰਧਾਨ ਹਨ ਉਹ ਜਿੱਥੋਂ ਮਰਜ਼ੀ ਚੋਣ ਲੜ ਸਕਦੇ ਹਨ। ਮੈਂ ਤਿਆਰ ਹਾਂ ਉਹਨਾਂ ਦੇ ਮੁਕਾਬਲੇ ਚੋਣ ਲੜਣ ਲਈ। ਕਿਸੇ ਗੱਲ ਦਾ ਡਰ ਨਹੀਂ ਹੈ।

# ਲਾਲ ਕਿਲ੍ਹਾ ਧਮਾਕੇ ਦੇ ਚਾਰ ਮੁਲਜ਼ਮਾਂ ਦਾ ਰਿਮਾਂਡ ਵਧਿਆ

**ਨਵੀਂ ਦਿੱਲੀ:** ਜ਼ਿਲ੍ਹਾ ਤੇ ਸੈਸ਼ਨ ਅਦਾਲਤ ਨੇ ਲਾਲ ਕਿਲ੍ਹਾ ਕਾਰ ਬੰਬ ਧਮਾਕਾ ਮਾਮਲੇ ਵਿਚ ਐੱਨਆਈਏ ਦੇ ਰਿਮਾਂਡ 'ਤੇ ਚੱਲ ਰਹੇ ਮੁਲਜ਼ਮ ਡਾ. ਮੁਜ਼ੱਮਿਲ ਗ਼ਨੀ, ਅਦੀਲ ਰਾਥਰ, ਸ਼ਾਹੀਨ



ਸਈਦ, ਇਰਫ਼ਾਨ ਅਹਿਮਦ ਵਾਗੇ ਦਾ ਐੱਨਆਈਏ ਰਿਮਾਂਡ ਚਾਰ ਦਿਨਾਂ ਲਈ ਵਧਾ ਦਿੱਤਾ ਹੈ। 29 ਨਵੰਬਰ ਨੂੰ 10 ਦਿਨਾਂ ਦੇ ਐੱਨਆਈਏ ਰਿਮਾਂਡ ਦੀ ਮਿਆਦ ਸੋਮਵਾਰ ਨੂੰ ਖ਼ਤਮ ਹੋਣ ਮਗਰੋਂ ਚਾਰਾਂ ਜਣਿਆਂ ਨੂੰ ਪਟਿਆਲਾ' ਹਾਊਸ ਸਥਿਤ ਮੁੱਖ ਜ਼ਿਲ੍ਹਾ ਤੇ ਸੈਸ਼ਨ ਜੱਜ ਅੰਜੂ ਬਜਾਜ ਚਾਂਦਨਾ ਦੇ ਸਨਮੁੱਖ ਪੇਸ਼ ਕੀਤਾ ਗਿਆ। ਇਸ ਮਾਮਲੇ ਵਿਚ ਸੱਤ ਗ੍ਰਿਫ਼ਤਾਰੀਆਂ ਹੋਈਆਂ ਹਨ।

## ਡੇਰਾ ਮੁਖੀ ਦਾ ਮਾਫ਼ੀਨਾਮਾ...

**(ਪਹਿਲੇ ਸਫ਼ੇ ਦਾ ਬਾਕੀ)**

'ਚ ਸੰਗਤ ਦੇ ਜੋੜੇ ਝਾੜਣ, ਨਿਤਨੇਮ ਤੋਂ ਇਲਾਵਾ ਦੋ ਦਿਨ ਸ੍ਰੀ ਜਪੁਜੀ ਸਾਹਿਬ, ਆਸਾ ਦੀ ਵਾਰ, ਜਾਪੁ ਸਾਹਿਬ ਦੇ ਇਕ-ਇਕ ਪਾਠ ਕਰਨ ਦੀ ਧਾਰਮਿਕ ਸੇਵਾ ਲਗਾਈ ਗਈ। ਇਸ ਉਪਰੰਤ ਉਹ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਤੇ 1100 ਰੁਪਏ ਗੋਲਕ 'ਚ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣਗੇ।

## ਵੀਸੀ ਡਾ. ਕਰਮਜੀਤ ਸਿੰਘ ਨੂੰ ਸਜ਼ਾ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਕਰਮਜੀਤ ਸਿੰਘ 'ਤੇ ਦੱਖਣ ਭਾਰਤ 'ਚ ਹੋਏ ਸਮਾਗਮ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਚੇਅਰ ਦੇ ਸੋਧ ਕਾਰਜਾਂ ਰਾਹੀਂ ਸਿੱਖਾਂ ਦੀ ਵਿਲੱਖਣ ਹੋਂਦ ਖ਼ਿਲਾਫ਼ ਪ੍ਰਗਟਾਵਾ ਕਰਨ ਦਾ ਦੋਸ਼ ਲੱਗਾ ਸੀ। ਵੀਸੀ ਨੇ ਆਪਣੀ ਗ਼ਲਤੀ ਮੰਨੀ ਤੇ ਖਿਮਾ ਜਾਚਨਾ ਕੀਤੀ। ਇਸ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਡਾ. ਕਰਮਜੀਤ ਸਿੰਘ ਨੂੰ ਦੋ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਹਾਲ 'ਚ ਇਕ-ਇਕ ਘੰਟਾ ਜੂਠੇ ਭਾਂਡੇ ਮਾਂਜਣ, ਜੋੜਾ ਘਰ 'ਚ ਸੰਗਤ ਦੇ ਜੋੜੇ ਸਾਫ਼ ਕਰਨ, ਪੰਜ ਦਿਨ ਨਿਤਨੇਮ ਤੋਂ ਇਲਾਵਾ ਸ੍ਰੀ ਜਪੁਜੀ ਸਾਹਿਬ ਦਾ ਇਕ ਪਾਠ, ਆਸਾ ਦੀ ਵਾਰ, ਤ੍ਵ ਪ੍ਰਸਾਦਿ ਸਵੱਯੇ ਦਾ ਪਾਠ ਕਰਨ ਦੀ ਸੇਵਾ ਲਗਾਈ ਗਈ। ਇਸ ਦੇ ਨਾਲ ਹੀ ਡਾ. ਕਰਮਜੀਤ ਸਿੰਘ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖੀ ਪੁਸਤਕ 'ਹਮ ਹਿੰਦੂ ਨਹੀਂ ਪੜ੍ਹਨਗੇ ਤੇ ਇਸ ਪੁਸਤਕ ਦੀਆਂ 500 ਕਾਪੀਆਂ ਸੰਗਤ 'ਚ ਵੀ ਵੰਡਣਗੇ। ਤਨਖ਼ਾਹ ਪੂਰੀ ਹੋਣ 'ਤੇ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ਼ ਤੇ 1100 ਰੁਪਏ ਗੋਲਕ 'ਚ ਜਮ੍ਹਾਂ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਗੇ।

## ਕਾਂਗਰਸ ਨੇ ਵੰਦੇ ਮਾਤਰਮ..

**(ਪਹਿਲੇ ਸਫ਼ੇ ਦਾ ਬਾਕੀ)**

ਮਾਤਰਮ ਦਾ ਅਨੰਦ ਮੱਠ ਵਾਲਾ ਪਿਛੋਕੜ ਮੁਸਲਮਾਨਾਂ ਨੂੰ ਇਰੀਟੇਟ ਕਰ ਸਕਦਾ ਹੈ। ਪ੍ਰਧਾਨ ਮੰਤਰੀ ਨੇ ਪੰਡਤ ਨਹਿਰੂ ਦਾ ਬਿਆਨ ਪੜ੍ਹਿਆ, 'ਮੈਂ ਵੰਦੇ ਮਾਤਰਮ ਗੀਤ ਦਾ ਪਿਛੋਕੜ ਪੜ੍ਹਿਆ ਹੈ, ਇਸ ਨਾਲ ਮੁਸਲਮਾਨ ਭੜਕਣਗੇ।'' ਪ੍ਰਧਾਨ ਮੰਤਰੀ ਮੋਦੀ ਨੇ ਇਤਿਹਾਸਕ ਤੱਥਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਸ ਤੋਂ ਬਾਅਦ ਕਾਂਗਰਸ ਵੱਲੋਂ ਬਿਆਨ ਆਇਆ ਕਿ 26 ਅਕਤੂਬਰ ਤੋਂ ਕਾਂਗਰਸ ਵਰਕਿੰਗ ਕਮੇਟੀ ਦੀ ਇਕ ਬੈਠਕ ਕੋਲਕਾਤਾ 'ਚ ਹੋਵੇਗੀ, ਜਿਸ 'ਚ ਵੰਦੇ ਮਾਤਰਮ ਦੇ ਇਸਤੇਮਾਲ ਦੀ ਸਮੀਖਿਆ ਕੀਤੀ

## ਭਾਈ ਹਰਿੰਦਰ ਸਿੰਘ ਨੂੰ ਸਜ਼ਾ

ਨਿਰਵੈਰ ਖ਼ਾਲਸਾ ਜਥਾ ਯੂਕੇ ਤੋਂ ਭਾਈ ਹਰਿੰਦਰ ਸਿੰਘ ਨੇ ਗੁਰਮਤਿ ਪ੍ਰਤੀ ਕੀਤੀਆਂ ਗ਼ਲਤ ਬਿਆਨੀਆਂ ਲਈ ਖਿਮਾ ਜਾਚਨਾ ਕੀਤੀ। ਪੱਖ ਸੁਣਨ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਨੇ ਉਨ੍ਹਾਂ ਦੀ ਮੁਆਫ਼ੀ ਪ੍ਰਵਾਨ ਕਰਦਿਆਂ ਪ੍ਰਚਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਾਈ ਰੋਕ ਹਟਾ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਦੇਸ਼ ਕੀਤਾ ਕਿ ਭਾਈ ਹਰਿੰਦਰ ਸਿੰਘ ਅਗਾਂਹ ਲਈ ਪ੍ਰਚਾਰ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤ ਮਰਯਾਦਾ ਤੇ ਪੰਥਕ ਰਵਾਇਤਾਂ ਅਨੁਸਾਰ ਕਰਨਗੇ ਤੇ ਕਿਸੇ ਵੀ ਜਥੇਬੰਦੀ ਬਾਰੇ ਨਿੱਜੀ ਟਿੱਪਣੀ ਕਰਨ 'ਤੇ ਪਾਬੰਦੀ ਰਹੇਗੀ। ਉਨ੍ਹਾਂ ਨੂੰ ਸਿੱਖ ਸਾਖੀਆਂ ਤੇ ਗੁਰੂ ਇਤਿਹਾਸ ਰਾਹੀਂ ਸੰਗਤਾਂ 'ਚ ਸ਼ਰਧਾ ਪੈਦਾ ਕਰਨ ਦੇ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਨਿਰਦੇਸ਼ ਦਿੱਤੇ ਗਏ। ਭਾਈ ਹਰਿੰਦਰ ਸਿੰਘ ਦੋ ਦਿਨ ਸੱਚਖੰਡ ਘੰਟਾ ਜੂਠੇ ਭਾਂਡੇ ਮਾਂਜਣਗੇ ਤੇ ਇੱਕ ਘੰਟਾ ਸੰਗਤ ਦੇ ਜੋੜੇ ਝਾੜਣਗੇ। ਨਿਤਨੇਮ ਤੋਂ ਇਲਾਵਾ ਦੋ ਦਿਨ ਸ੍ਰੀ ਜਪੁਜੀ ਸਾਹਿਬ, ਸ੍ਰੀ ਅਨੰਦ ਸਾਹਿਬ 40 ਪਉੜੀਆਂ ਤੇ ਜ਼ਫ਼ਰਨਾਮਾ ਦਾ ਪਾਠ ਕਰਨਗੇ।

## ਜ਼ਫ਼ਰ ਨੂੰ 'ਇਤਿ ਜਿਨਿ ਕਰੀ- ਜੀਵਨ ਸ੍ਰੀ ਗੁਰੂ ਤੇਗ਼ ਬਹਾਦਰ ਜੀ' ਪੜ੍ਹਣ ਦਾ ਨਿਰਦੇਸ਼

ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਸ੍ਰੀਨਗਰ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਕਰਵਾਏ ਗਏ ਪ੍ਰੋਗਰਾਮ 'ਚ ਨਾਚ-ਗਾਣੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਖਿਮਾ ਜਾਚਨਾ ਕੀਤੀ। ਜ਼ਫ਼ਰ ਨੂੰ ਆਪਣੀਆਂ ਲਿਖਤਾਂ 'ਚ ਗੁਰੂ ਸਾਹਿਬਾਨ, ਸਤਿਕਾਰਤ ਸਿੱਖ ਸ਼ਖ਼ਸੀਅਤਾਂ ਬਾਰੇ ਲਿਖਣ/ ਬੋਲਣ ਲੱਗਿਆਂ ਅਦਬ ਤੇ ਸਤਿਕਾਰ ਦਾ ਪੂਰਨ ਖਿਆਲ ਰੱਖਣ ਦੇ ਆਦੇਸ਼ ਦਿੱਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਨੂੰ ਦੋ ਦਿਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਦੇ ਲੰਗਰ ਹਾਲ ਵਿਖੇ ਇੱਕ ਘੰਟਾ ਜੂਠੇ ਭਾਂਡੇ ਮਾਂਜਣ, ਇੱਕ ਘੰਟਾ ਸੰਗਤ ਦੇ ਜੋੜੇ ਝਾੜਣ, ਚਾਰ ਦਿਨ ਨਿਤਨੇਮ ਤੋਂ ਇਲਾਵਾ ਸ੍ਰੀ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਜਫਰਨਾਮਾ ਦਾ ਇੱਕ-ਇੱਕ ਪਾਠ ਕਰਨ ਦੀ ਧਾਰਮਿਕ ਸਜ਼ਾ ਸੁਣਾਈ ਗਈ। ਇਸ ਦੇ ਨਾਲ ਹੀ ਉਹ ਪ੍ਰਿੰ. ਸਤਬੀਰ ਸਿੰਘ ਦੀ ਲਿਖੀ ਪੁਸਤਕ 'ਇਤਿ ਜਿਨਿ ਕਰੀ- ਜੀਵਨ ਸ੍ਰੀਗੁਰੂ ਤੇਗ਼ ਬਹਾਦਰ ਜੀ ਪੜ੍ਹਣ ਤੇ ਇਸ ਦੀਆਂ 100 ਕਾਪੀਆਂ ਸੰਗਤ 'ਚ ਵੰਡਣ ਦਾ ਵੀ ਆਦੇਸ਼ ਕੀਤਾ ਗਿਆ ਹੈ। ਸੇਵਾ ਪੂਰੀ ਹੋਣ ਉਪਰੰਤ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗਤੇ ਗੋਲਕ'ਚ 1100 ਰੁਪਏ ਸੇਵਾ ਪਾ ਕੇ ਅਰਦਾਸ ਕਰਵਾਉਣਗੇ।

## ਵਿਰਸਾ ਸਿੰਘ ਵਲਟੋਹਾ 'ਤੇ ਅਕਾਲੀ ਦਲ 'ਚ ਲਗਾਈ 10 ਸਾਲ ਦੀ ਪਾਬੰਦੀ ਖ਼ਤਮ

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ 'ਤੇ ਸਿੰਘ ਸਾਹਿਬਾਨ ਖ਼ਿਲਾਫ਼ ਬੇਬੁਨਿਆਦ ਗੱਲਾਂ ਕਰਨ ਦਾ ਦੋਸ਼ ਸੀ। ਇਸ ਸਬੰਧੀ ਵਲਟੋਹਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਖਿਮਾ ਜਾਚਨਾ ਕੀਤੀ। ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਤਾ ਨੰਬਰ ਅ:ਤ/202 ਮਿਤੀ 15 ਅਕਤੂਬਰ 2024 ਅਨੁਸਾਰ ਵਲਟੋਹਾ 'ਤੇ ਸ਼੍ਰੋਮਣੀ ਅਕਾਲੀ ਦਲ 'ਚ ਦਸ ਸਾਲ ਦੀ ਲਗਾਈ ਗਈ ਰੋਕ ਹਟਾ ਦਿੱਤੀ ਹੈ। ਵਲਟੋਹਾ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਭਵਿੱਖ 'ਚ ਕਿਸੇ ਵੀ ਧਾਰਮਿਕ ਸ਼ਖ਼ਸੀਅਤ ਵਿਰੁੱਧ ਬਿਆਨਬਾਜ਼ੀ ਨਹੀਂ ਕਰਨਗੇ। ਵਲਟੋਹਾ ਤਿੰਨ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਦੋ ਦਿਨ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਤੇ ਇਕ-ਇਕ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇੱਕ-ਇੱਕ ਘੰਟਾ ਭਾਂਡੇ ਮਾਂਜਣਗੇ ਤੇ ਜੋੜੇ ਝਾੜਣਗੇ। ਨਿਤਨੇਮ ਤੋਂ ਇਲਾਵਾ 11 ਦਿਨ ਸ੍ਰੀ ਜਪੁਜੀ ਸਾਹਿਬ, ਕਬਿਯੋਬਾਚ ਬੇਨਤੀ ਚੌਪਈ ਤੇ ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀਂ ਦਾ ਇਕ ਪਾਠ ਕਰਨਗੇ। ਉਪਰੰਤ 1100 ਦੀ ਕੜਾਹ ਪ੍ਰਸ਼ਾਦ ਦੀ ਦੇਗ ਤੇ 1100 ਰੁਪਏ ਗੋਲਕ 'ਚ ਜਮ੍ਹਾਂ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣਗੇ।

## 'ਪਾਵਨ ਸਰੂਪਾਂ ਦੇ ਮਾਮਲੇ 'ਚ ਕਾਰਵਾਈ ਸਿਆਸਤ ਤੋਂ ਪ੍ਰੇਰਿਤ: ਜਥੇਦਾਰ

ਅੰਮ੍ਰਿਤਸਰ: ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੀ ਪਾਬੰਦੀਸ਼ੁਦਾ ਹਿੰਦੀ ਪੁਸਤਕ ਦੇ ਮਾਮਲੇ 'ਚ ਕਾਨੂੰਨੀ ਕਾਰਵਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿਆਸਤ ਤੋਂ ਪ੍ਰੇਰਿਤ ਤੇ ਸਿੱਖ ਸੰਸਥਾਵਾਂ 'ਚ ਸਿੱਧੀ ਦਖ਼ਲਅੰਦਾਜ਼ੀ ਕਰਾਰ



ਦਿੱਤਾ ਹੈ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਈਸ਼ਰ ਸਿੰਘ ਅਧਾਰਿਤ ਕਮਿਸ਼ਨ ਦੀ ਰਿਪੋਰਟ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੋਸ਼ੀ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰ ਦਿੱਤੀ ਹੈ। ਪਰ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਤੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਇਸ ਮਾਮਲੇ 'ਚ ਦਖ਼ਲਅੰਦਾਜ਼ੀ ਸਪੱਸ਼ਟ ਕਰਦੀ ਹੈ ਕਿ ਇਹ ਸਿਆਸਤ ਤੋਂ ਪ੍ਰੇਰਿਤ ਕਾਰਵਾਈ ਹੈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਦੀ ਇੱਕ ਸਾਜ਼ਸ਼ ਹੈ, ਜਿਸ ਨੂੰ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)

ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਰੰਮਤ ਤੋਂ ਬਾਅਦ ਸੋਨੇ ਦੇ ਨਵੇਂ ਪੱਤਰੇ ਲਗਾਉਣ ਦੀ ਸੇਵਾ ਆਰੰਭ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ (ਯੂ.ਕੇ.) ਵਲੋਂ ਚੱਲ ਰਹੀ ਸੋਨੇ ਦੇ ਪੱਤਰਿਆਂ ਅਤੇ ਮੀਨਾਕਾਰੀ ਦੀ ਸਾਂਭ-ਸੰਭਾਲ ਦੀ ਚੋਲ ਰਹੀ ਸੇਵਾ ਤਹਿਤ ਅੱਜ ਰਾਗੀ ਜਥਿਆਂ



ਵਾਲੇ ਪਾਸੇ ਲਹਿੰਦੇ ਪਾਸੇ ਦੀ ਬਾਹੀ ਵੱਲ ਸੋਨੇ ਦੇ ਪੱਤਰੇ ਮੁੜ ਲਗਾਉਣ ਦੀ ਅਰੰਭਤਾ ਕੀਤੀ ਗਈ। ਅਰਦਾਸ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਅਤੇ ਨਿਸ਼ਕਾਮ ਸੇਵਕ ਜਥਾ ਦੇ ਮੁਖੀ ਭਾਈ ਮਹਿੰਦਰ ਸਿੰਘ ਯੂ.ਕੇ. ਸੋਨੇ ਦੇ ਪੱਤਰੇ ਸਿਰ 'ਤੇ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਅਤੇ ਸ਼ਰਧਾ ਨਾਲ ਪੱਤਰੇ ਲਗਾਉਣ ਦੀ ਸੇਵਾ ਆਰੰਭ ਕਰਵਾਈ। ਸ਼੍ਰੋਮਣੀ ਕਮੇਟੀ ਵਲੋਂ ਸੇਵਾ ਮਿਲਣ 'ਤੇ ਸੰਤ ਮਹਿੰਦਰ ਸਿੰਘ ਯੂ.ਕੇ. ਦੀ ਅਗਵਾਈ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਤੇ ਗੁੰਬਦਾਂ ਦੇ ਉੱਪਰ ਸੋਨੇ ਦੇ ਪੱਤਰਿਆਂ ਦੀ ਧੁਵਾਈ ਦੀ ਸੇਵਾ ਪਿਛਲੇ ਕਈ ਸਾਲਾਂ ਤੋਂ ਕਰਵਾਈ ਜਾ ਰਹੀ ਹੈ ਪਰ ਸਲਾਬ ਕਾਰਣ ਨੁਕਸਾਨੇ ਅੰਦਰਲੇ ਹਿੱਸੇ ਦੇ ਸੋਨ ਪੱਤਰਿਆਂ ਦੀ ਕਾਰ ਸੇਵਾ ਲੰਬੇ ਸਮੇਂ ਤੋਂ ਨਹੀਂ ਸੀ ਹੋਈ। ਇਸ ਦੌਰਾਨ ਜਥੇ ਦੇ ਮੁਖੀ ਭਾਈ ਮਹਿੰਦਰ ਸਿੰਘ ਯੂ.ਕੇ. ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਘਰ ਦੀਆਂ ਸੇਵਾਵਾਂ ਮਿਲਣੀਆਂ ਗੁਰੂ ਸਾਹਿਬ ਦੀ ਰਹਿਮਤ ਹੈ। ਇਸ ਮੌਕੇ ਭਾਈ ਇੰਦਰਜੀਤ ਸਿੰਘ, ਓ.ਐੱਸ.ਡੀ. ਸਤਬੀਰ ਸਿੰਘ, ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਧਰਮ ਪ੍ਰਚਾਰ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰਾ ਆਦਿ ਵੀ ਹਾਜ਼ਰ ਸਨ।

# ਮਜ਼ਬੂਤ ਭਾਈਵਾਲ ਬਣੇ ਭਾਰਤ ਅਤੇ ਰੂਸ

## ਸੰਬੰਧਾਂ ਨੂੰ ਨਵੀਂ ਦਿਸ਼ਾ ਦੇਣ ਦੀ ਬੁਨਿਆਦ ਰੱਖੀ; 16 ਸਮਝੌਤੇ, 4 ਅਹਿਮ ਐਲਾਨ

**ਨਵੀਂ ਦਿੱਲੀ:** ਬੇਹੱਦ ਤੇਜ਼ੀ ਨਾਲ ਬਦਲਦੇ ਆਲਮੀ ਮਾਹੌਲ 'ਚ ਭਾਰਤ ਤੇ ਰੂਸ ਨੇ ਆਪਣੇ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ ਦੇਣ ਦੀ ਨੀਂਹ ਰੱਖ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਪ੍ਰਧਾਨਗੀ 'ਚ ਸ਼ੁੱਕਰਵਾਰ ਨੂੰ ਇੱਥੇ ਹੈਦਰਾਬਾਦ ਹਾਊਸ 'ਚ ਹੋਈ 23ਵੀਂ ਭਾਰਤ- ਰੂਸ ਸਾਲਾਨਾ ਬੈਠਕ 'ਚ ਦੁਵੱਲੇ ਸਬੰਧਾਂ ਨੂੰ ਫ਼ੌਜੀ ਤੇ ਰੱਖਿਆ ਭਾਈਵਾਲ ਤੋਂ ਅੱਗੇ ਵਧਾਉਂਦੇ ਹੋਏ ਬਹੁ-ਆਯਾਮੀ ਬਣਾਉਣ ਦੀ ਰੂਪਰੇਖਾ ਰੱਖੀ ਗਈ। ਰੱਖਿਆ ਖੇਤਰ 'ਚ ਸਹਿਯੋਗ ਦੇ ਨਵੇਂ ਰਸਤੇ ਲੱਭਣ ਦੀ ਪ੍ਰਕਿਰਿਆ ਜਾਰੀ ਰਹੇਗੀ ਪਰ ਆਰਥਿਕ ਤੇ ਖੇਤੀ ਵਰਗੇ ਖੇਤਰਾਂ 'ਤੇ ਜ਼ਿਆਦਾ ਫੋਕਸ ਰਹੇਗਾ। ਦੋਵਾਂ ਆਗੂਆਂ ਨੇ ਸਾਲ 2030 ਤੱਕ 100 ਅਰਬ ਡਾਲਰ ਦੇ ਦੁਵੱਲੇ ਕਾਰੋਬਾਰ, ਛੇਤੀ ਤੋਂ ਛੇਤੀ ਐੱਫਟੀਏ ਕਰਨ, ਇਕ-ਦੂਜੇ ਦੀ ਜ਼ਰੂਰਤ ਮੁਤਾਬਕ ਸਿਖਲਾਈ ਪ੍ਰਾਪਤ ਕਾਮਿਆਂ ਦੀ ਸਪਲਾਈ ਕਰਨ 'ਤੇ ਸਹਿਮਤੀ ਪ੍ਰਗਟਾਈ। ਬੈਠਕ 'ਚ 16 ਸਮਝੌਤਿਆਂ 'ਤੇ ਦਸਤਖ਼ਤ ਹੋਏ ਤੇ ਚਾਰ ਐਲਾਨ ਕੀਤੇ ਗਏ।



ਰਾਸ਼ਟਰਪਤੀ ਪੂਤਿਨ ਨੇ ਭਾਰਤ ਨੂੰ ਤੇਲ ਤੇ ਰੀਸ ਦੀ ਬੇਰੋਕ ਸਪਲਾਈ ਦਾ ਭਰੋਸਾ ਦਿੱਤਾ ਜਿਹੜਾ ਸਬੰਧਾਂ ਪ੍ਰਤੀ ਸੋਚ 'ਚ ਆਏ ਬਦਲਾਅ ਨੂੰ ਦਰਸਾਉਂਦਾ ਹੈ। ਅੱਤਵਾਦ ਖ਼ਿਲਾਫ਼ ਕੌਮਾਂਤਰੀ ਮੰਚਾਂ ਤੋਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਲਗਾਤਾਰ ਚੁੱਕੀ ਜਾਣ ਵਾਲੀ ਆਵਾਜ਼ ਨੂੰ ਪੂਤਿਨ ਦਾ ਸਮਰਥਨ ਮਿਲਿਆ।ਦੋਵਾਂ ਆਗੂਆਂ ਨੇ ਆਲਮੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦਾ ਅੱਤਵਾਦ ਹੋਵੇ, ਉਸ ਖ਼ਿਲਾਫ਼ ਜ਼ੀਰੋ ਟਾਲਰੈਂਸ ਹੋਣਾ ਚਾਹੀਦਾ ਹੈ। ਆਲਮੀ ਭੂ-ਸਿਆਸੀ ਤਣਾਵਾਂ ਦਰਮਿਆਨ ਭਾਰਤ-ਰੂਸ ਦੀਵਿਸ਼ੇਸ਼ ਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਨੂੰ ਹੈਦਰਾਬਾਦ ਹਾਊਸ 'ਚ ਪ੍ਰਧਾਨ ਮੰਤਰੀ ਮੋਦੀ ਤੇ ਰੂਸੀ ਰਾਸ਼ਟਰਪਤੀ ਪੂਤਿਨ ਦੀ ਮੁਲਾਕਾਤ ਨੇ ਇਕ ਨਵੀਂ ਦਿਸ਼ਾ ਦਿਖਾਈ ਹੈ। ਬੈਠਕ ਤੋਂ ਬਾਅਦ ਸਾਂਝੇ ਬਿਆਨ ਤੇ ਭਾਰਤੀ ਵਿਦੇਸ਼ ਮੰਤਰਾਲੇ ਦੀ ਪ੍ਰੈੱਸ ਕਾਨਫਰੰਸ ਤੋਂ ਸਪੱਸ਼ਟ ਹੈ ਕਿ ਰਣਨੀਤਕ ਸਬੰਧਾਂ ਤੋਂ ਹਟ ਕੇ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੁਣ ਇਨ੍ਹਾਂ ਦੋਵਾਂ ਦੇਸ਼ਾਂ ਦੀ ਤਰਜੀਹ ਹੈ। ਰੂਸੀ ਰਾਸ਼ਟਰਪਤੀ ਪੂਤਿਨ 4 ਦਸੰਬਰ, 2025 ਦੀ ਸ਼ਾਮ ਨਵੀਂ ਦਿੱਲੀ ਪੁੱਜੇ ਸਨ।

ਪੰਜ ਦਸੰਬਰ ਨੂੰ ਸਵੇਰੇ ਪਹਿਲਾਂ ਉਨ੍ਹਾਂ ਨੇ ਰਾਜਘਾਟ ਜਾ ਕੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਸਮਾਧੀ 'ਤੇ ਫੁੱਲ ਚੜ੍ਹਾਏ। ਫਿਰ ਉਨ੍ਹਾਂ ਦਾ ਰਾਸ਼ਟਰਪਤੀ ਭਵਨ 'ਚ ਰਸਮੀ ਤੌਰ 'ਤੇ ਸਵਾਗਤ ਕੀਤਾ ਗਿਆ ਜਿੱਥੇ ਤਿੰਨਾਂ ਫ਼ੌਜਾਂ ਦੀਆਂ ਟੁਕੜੀਆਂ ਨੇ ਉਨ੍ਹਾਂ ਨੂੰ ਸਲਾਮੀ ਦਿੱਤੀ। ਇਸ ਤੋਂ ਬਾਅਦ ਪੂਤਿਨ ਹੈਦਰਾਬਾਦ ਹਾਊਸ ਪੁੱਜੇ ਜਿੱਥੇ ਕਰੀਬ ਢਾਈ ਘੰਟੇ ਤੱਕ ਹੀ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਦੋ ਪੱਧਰਾਂ 'ਤੇ ਦੁਵੱਲੀ ਗੱਲਬਾਤ ਕੀਤੀ। ਉਂਜ ਇਨ੍ਹਾਂ 'ਚ ਇਕ ਦਿਨ ਪਹਿਲਾਂ ਵੀ ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰੀ ਰਿਹਾਇਸ਼ 'ਤੇ ਰਾਤ ਦੇ ਖਾਣੇ ਹੀ ਦੌਰਾਨ ਲੰਬਾ ਵਿਚਾਰ-ਵਟਾਂਦਰਾ ਹੋਇਆ ਸੀ। ਇਸ ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮਨੁੱਖਤਾ ਨੂੰ ਅਨੇਕਾਂ ਚੁਣੌਤੀਆਂ ਤੇ ਸੰਕਟਾਂ 'ਚੋਂ ਲੰਘਣਾ ਪਿਆ ਹੈ। ਇਨ੍ਹਾਂ ਸਾਰਿਆਂ ਦਰਮਿਆਨ ਵੀ ਭਾਰਤ-ਰੂਸ ਦੀ ਦੋਸਤੀ ਇਕ ਧਰੁਵ ਤਾਰੇ ਵਾਂਗ ਹੈ। ਅੱਜ ਅਸੀਂ ਇਸ ਨੀਂਹ ਨੂੰ ਹੋਰ ਮਜ਼ਬੂਤ ਕਰਨ ਲਈ ਸਹਿਯੋਗ ਦੇ ਸਾਰੇ ਪਹਿਲੂਆਂ 'ਤੇ ਚਰਚਾ ਕੀਤੀ। ਆਰਥਿਕ ਸਹਿਯੋਗ ਨੂੰ ਨਵੀਆਂ ਉਚਾਈਆਂ 'ਤੇ ਲਿਜਾਣਾ ਸਾਡੀ ਸਾਂਝੀ ਤਰਜੀਹ ਹੈ।

# ਅਨਮੋਲ ਬਿਸ਼ਨੋਈ ਦੀ ਕਸਟਡੀ 7 ਦਿਨ ਵਧੀ



**ਨਵੀਂ ਦਿੱਲੀ:** ਪਟਿਆਲਾ ਹਾਊਸ ਸਥਿਤ ਵਿਸ਼ੇਸ਼ ਐੱਨਆਈਏ ਕੋਰਟ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਨਮੋਲ ਬਿਸ਼ਨੋਈ ਦੀ ਐੱਨਆਈਏ ਕਸਟਡੀ ਸੱਤ ਦਿਨ ਹੋਰ ਵਧਾ ਦਿੱਤੀ ਹੈ। ਸੁਰੱਖਿਆ ਦੇ ਨਜ਼ਰੀਏ ਤੋਂ ਬੇਹੱਦ ਸੰਵੇਦਨਸ਼ੀਲ ਮਾਮਲਾ ਹੋਣ ਕਾਰਨ ਐੱਨਆਈਏ ਦੇ ਜੱਜ ਖ਼ੁਦ ਐੱਨਆਈਏ ਹੈੱਡਕੁਆਰਟਰ ਪੁੱਜੇ ਅਤੇ ਉੱਥੇ ਹੀ ਬੰਦ ਕਮਰੇ ਵਿਚ ਸੁਣਵਾਈ ਕੀਤੀ। ਐੱਨਆਈਏ ਵੱਲੋਂ ਪੇਸ਼ ਹੋਏ ਵਕੀਲ ਨੇ ਦੱਸਿਆ ਕਿ ਅਨਮੋਲ ਨੇ ਕਸਟਡੀ ਦੌਰਾਨ ਕਈ ਸੰਵੇਦਨਸ਼ੀਲ ਜਾਣਕਾਰੀਆਂ ਦਿੱਤੀਆਂ ਹਨ। ਹਾਲੇ ਕੁਝ ਹੋਰ ਅਹਿਮ ਜਾਣਕਾਰੀਆਂ ਲੈਣੀਆਂ ਹਨ। ਕੋਰਟ ਤੋਂ ਉਸ ਦੀ ਹਿਰਾਸਤ ਦੀ ਮਿਆਦ ਵਧਾਉਣ ਦੀ ਬੇਨਤੀ ਕੀਤੀ ਗਈ।

# ਜਲੰਧਰ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 83 ਤੇ ਬਲਾਕ ਸੰਮਤੀਆਂ ਲਈ 586 ਉਮੀਦਵਾਰ ਚੋਣ ਮੈਦਾਨ 'ਚ

## ਚੋਣ ਨਿਸ਼ਾਨ ਵੀ ਕੀਤੇ ਅਲਾਟ

**ਜਲੰਧਰ:** ਜ਼ਿਲ੍ਹਾ ਪ੍ਰੀਸ਼ਦ ਦੇ 21 ਤੇ ਬਲਾਕ ਸੰਮਤੀਆਂ ਦੇ 188 ਜ਼ੋਨਾਂ ਲਈ 14 ਦਸੰਬਰ ਨੂੰ ਹੋਣ ਜਾ ਰਹੀਆਂ ਚੋਣਾਂ ਸੰਬੰਧੀ ਚੱਲ ਰਹੀ ਪ੍ਰਕਿਰਿਆ ਦੌਰਾਨ ਅੱਜ ਨਾਮਜ਼ਦਗੀ ਕਾਗਜ਼ ਵਾਪਸ ਲੈਣ ਦਾ ਆਖਰੀ ਦਿਨ ਸੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ 31 ਬਲਾਕ ਸੰਮਤੀਆਂ ਲਈ 151 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਕਾਗਜ਼ ਵਾਪਿਸ ਲਏ। ਅੱਜ ਇਨ੍ਹਾਂ ਉਮੀਦਵਾਰਾਂ ਵਲੋਂ ਨਾਮਜ਼ਦਗੀ ਕਾਗਜ਼ ਵਾਪਸ ਲੈਣ ਨਾਲ ਹੁਣ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 83 ਤੇ ਬਲਾਕ ਸੰਮਤੀਆਂ ਲਈ-586 ਉਮੀਦਵਾਰ ਚੋਣ ਮੈਦਾਨ 'ਚ ਰਹਿ ਗਏ ਹਨ। ਇਸ ਸੰਬੰਧੀ ਜਾਣਕਾਰੀ ਡਾ. ਦਿੰਦੇ ਹੋਏ ਜ਼ਿਲ੍ਹੇ ਦੇ ਮੁੱਖ ਚੋਣ ਛਿ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਅੱਜ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਵੀ ਅਲਾਟ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕੀਤੇ ਗਏ ਸਨ। ਅੱਜ ਨਾਮਜ਼ਦਗੀਆਂ ਵਾਪਿਸ ਲੈਣ ਤੋਂ ਬਾਅਦ ਪੰਚਾਇਤ ਸੰਮਤੀ ਲੋਹੀਆਂ ਖਾਸ ਤੋਂ 44, ਨੂਰਮਹਿਲ ਤੋਂ 44, ਜਲੰਧਰ ਪੱਛਮੀਂ 62, ਰੁੜਕਾ ਕਲਾਂ 51, ਸ਼ਾਹਕੋਟ ਤੋਂ 48, ਭੋਗਪੁਰ ਤੋਂ 48, ਫਿਲੌਰ ਤੋਂ 73, ਨਕੋਦਰ ਤੋਂ 53, ਮਹਿਤਪੁਰ ਤੋਂ 37, ਆਦਮਪੁਰ. ਤੋਂ 74 ਤੇ ਜਲੰਧਰ ਪੂਰਬੀ ਤੋਂ 52 ਉਮੀਦਵਾਰ ਚੋਣ ਮੈਦਾਨ 'ਚ ਰਹਿ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀਆਂ ਲਈ 14 ਤਰੀਕ ਨੂੰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮੀਂ 4 ਵਜੇ ਤੱਕ ਬੈਲਟ ਪੇਪਰਾਂ ਰਾਹੀਂ ਵੋਟਾਂ ਪਾਈਆਂ ਜਾਣਗੀਆਂ, ਜਦਕਿ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਸਵੇਰੇ 8 ਵਜੇ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਵੋਟਾਂ ਸ਼ਾਂਤਮਈ ਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ ਵੱਖ-ਵੱਖ ਥਾਵਾਂ 'ਤੇ ਹੋਈ ਤੇ ਚੋਣਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।



# ਨੇਹਾ ਰਾਠੌੜ ਦੀ ਪੇਸ਼ਗੀ ਜ਼ਮਾਨਤ ਪਟੀਸ਼ਨ ਖ਼ਾਰਜ

**ਲਖਨਊ:** ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇੰਟਰਨੈੱਟ ਮੀਡੀਆ 'ਤੇ ਕਥਿਤ ਫਾਲਤੂ, ਵਿਵਾਦਤ ਤੇ ਦੇਸ਼ ਵਿਰੋਧੀ ਪੋਸਟ ਕਰਨ ਦੀ ਮੁਲਜ਼ਮ ਭੋਜਪੁਰੀ ਲੋਕ ਗਾਇਕਾ ਨੇਹਾ ਸਿੰਘ ਰਾਠੌੜ ਦੀ ਇਲਾਹਾਬਾਦ ਹਾਈ ਕੋਰਟ ਦੇ ਲਖਨਊ



ਬੈਂਚ ਨੇ ਅਗਾਊਂ ਜ਼ਮਾਨਤ ਪਟੀਸ਼ਨ ਖ਼ਾਰਜ ਕਰ ਦਿੱਤੀ। ਅਦਾਲਤ ਦਾ ਮੰਨਣਾ ਹੈ ਕਿ ਮੁਲਜ਼ਮ ਜਾਂਚ 'ਚ ਸਹਿਯੋਗ ਨਹੀਂ ਕਰ ਰਹੀ। ਸੁਪਰੀਮ ਕੋਰਟ ਪਹਿਲਾਂ ਹੀ ਉਸ ਦੀ ਵਿਸ਼ੇਸ਼ ਲੀਵ ਪਟੀਸ਼ਨ ਖ਼ਾਰਜ ਕਰ ਚੁੱਕੀ ਹੈ।

# ਸਿੱਖ ਕਾਰੋਬਾਰੀ 'ਤੇ ਬ੍ਰਿਟੇਨ 'ਚ ਪਾਬੰਦੀ

**ਲੰਡਨ:** ਬਰਤਾਨੀਆ ਨੇ ਭਾਰਤ ਵਿਰੋਧੀ ਸਰਗਰਮੀਆਂ 'ਚ ਸ਼ਾਮਲ ਖ਼ਾਲਿਸਤਾਨੀ ਸਮਰਥਕ ਇਕ ਕਾਰੋਬਾਰੀ ਤੇ ਸਮੂਹ 'ਤੇ ਪਾਬੰਦੀ ਲਗਾ ਦਿੱਤੀ ਹੈ। ਬਰਤਾਨੀਆ ਨੇ ਵੀਰਵਾਰ ਨੂੰ ਪਹਿਲੀ ਵਾਰ ਆਪਣੇ ਘਰੇਲੂ ਅੱਤਵਾਦ ਰੋਖੀ ਵਿਵਸਥਾ ਦਾ ਇਸਤੇਮਾਲ ਕਰਦੇ ਹੋਏ ਬਰਤਾਨਵੀ ਸਿੱਖ ਕਾਰੋਬਾਰੀ ਗੁਰਪ੍ਰੀਤ ਸਿੰਘ ਰੇਹਲ ਤੇ ਉਨ੍ਹਾਂ ਨਾਲ ਜੁੜੇ ਸਮੂਹ 'ਤੇ ਪਾਬੰਦੀ ਲਗਾਈ ਹੈ। ਇਹ ਪਾਬੰਦੀ ਭਾਰਤ 'ਚ ਖਾਲਿਸਤਾਨ ਸਮਰਥਕ ਅੱਤਵਾਦੀ ਸੰਗਠਨ ਬੱਬਰ ਖ਼ਾਲਸਾ ਨੂੰ ਫੰਡਿੰਗ ਦੇਣ ਦੇ ਸ਼ੱਕ 'ਚ ਲਗਾਈ ਗਈ ਹੈ। ਪੰਜਾਬ ਵਾਰੀਅਰਸ ਸਪੋਰਟਸ ਇਨਵੈਸਟਮੈਂਟ ਫਰਮ ਨਾਲ ਜੁੜੇ ਗੁਰਪ੍ਰੀਤ ਸਿੰਘ ਦੀਆਂ ਬਰਤਾਨੀਆ 'ਚ ਮੌਜੂਦ ਸਾਰੀਆਂ ਜਾਇਦਾਦਾਂ ਫਰੀਜ਼ ਕਰ ਦਿੱਤੀਆਂ ਗਈਆਂ ਹਨ। ਬਰਤਾਨੀਆ ਤੇ ਖ਼ਜ਼ਾਨਾ ਵਿਭਾਗ ਦੀ ਸਕੱਤਰ ਲੂਸੀ ਰਿਕਬੀ ਨੇ ਕਿਹਾ ਕਿ ਅਸੀਂ ਇਹ ਬਰਦਾਸ਼ਤ ਨਹੀਂ ਕਰਾਂਗੇ ਕਿ ਅੱਤਵਾਦੀ ਬਰਤਾਨੀਆ ਦੀ ਵਿੱਤੀ ਵਿਵਸਥਾ ਦੀ ਦੁਰਵਰਤੋਂ ਕਰਨ।



# ਕਾਦੀਆਂ-ਬਿਆਸ ਰੇਲਵੇ ਲਾਈਨ ਪ੍ਰਾਜੈਕਟ ਜਲਦ ਹੀ ਮੁੜ ਸ਼ੁਰੂ ਹੋਵੇਗਾ: ਬਿੱਟੂ

## ਕੇਂਦਰ ਸਰਕਾਰ ਦਾ ਮੁੱਖ ਟੀਚਾ ਪੰਜਾਬ ਨੂੰ ਬੁਨਿਆਦੀ ਢਾਂਚੇ ਪੱਖੋਂ ਮਜ਼ਬੂਤ ਕਰਨਾ

**ਚੰਡੀਗੜ੍ਹ:** ਬ੍ਰਿਟਿਸ਼ ਕਾਲ ਤੋਂ ਰੁਕਿਆ ਪਿਆ ਕਾਦੀਆਂ ਬਿਆਸ ਰੇਲਵੇ ਟਰੈਕ ਪ੍ਰਾਜੈਕਟ ਹੁਣ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਜਲਦੀ ਹੀ ਹਕੀਕਤ ਦਾ ਰੂਪ ਧਾਰੇਗਾ। ਇਹ ਇਤਿਹਾਸਕ ਅਤੇ ਜਨਹਿਤ ਪ੍ਰਾਜੈਕਟ, ਜੋ ਤਕਰੀਬਨ 93 ਸਾਲ ਧਵਿਲ 1932 ਦਿਸ ਸ਼ੁਰੂ ਹੋਇਆ ਸੀ ਪਰ ਕਦੇ ਪੂਰਾ ਨਹੀਂ ਹੋ ਸਕਿਆ, ਉਸ ਨੂੰ ਮੁੜ ਤਰਜੀਹ ਦੇਣ ਲਈ ਕੇਂਦਰ ਦੀ ਮੋਦੀ ਸਰਕਾਰ ਵਲੋਂ ਖ਼ਾਸ ਯਤਨ ਕੀਤੇ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੱਸਿਆ ਕਿ ਕਾਦੀਆਂ-ਬਿਆਸ ਰੇਲਵੇ ਲਾਈਨ ਸਿਰਫ ਇਕ ਸੰਚਾਰ ਜਾਲ ਦਾ ਹਿੱਸਾ ਨਹੀਂ, ਬਲਕਿ ਖੇਤਰ ਦੀ ਆਰਥਿਕ, ਸਮਾਜਿਕ ਅਤੇ ਵਪਾਰਕ ਤਰੱਕੀ ਨਾਲ ਸਿੱਧਾ ਜੁੜਿਆ ਵੱਡਾ ਪ੍ਰਾਜੈਕਟ ਹੈ। ਉਨ੍ਹਾਂ ਮੁਤਾਬਿਕ, ਇਸ ਪ੍ਰਾਜੈਕਟ ਦੇ ਪੂਰਾ ਹੋਣ ਨਾਲ ਕਈ ਪਿੰਡਾਂ ਅਤੇ ਕਸਬਿਆਂ ਨੂੰ ਸਿੱਧਾ ਲਾਭ ਮਿਲੇਗਾ, ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀ ਤੱਕ ਪਹੁੰਚਾਉਣ ਵਿਚ ਵੱਡੀ ਸਹੂਲਤ ਮਿਲੇਗੀ ਅਤੇ ਲੋਕਾਂ ਦੀ ਆਮਦ ਵਿਚ ਸੁਧਾਰ ਆਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਮੁੱਖ ਟੀਚਾ ਪੰਜਾਬ ਨੂੰ ਬੁਨਿਆਦੀ ਢਾਂਚੇ ਦੇ ਪੱਖੋਂ ਮਜ਼ਬੂਤ ਕਰਨਾ ਅਤੇ ਲੋਕਾਂ ਲਈ ਵਧੀਆ ਆਵਾਜਾਈ ਦੀਆਂ ਸਹੂਲਤਾਂ ਯਕੀਨੀ ਬਣਾਉਣਾ ਹੈ। ਕੇਂਦਰੀ ਮੰਤਰੀ ਬਿੱਟੂ ਨੇ ਦੱਸਿਆ ਕਿ ਇਹ ਰੇਲਵੇ ਲਾਈਨ ਮੁੜ ਬਣਾਉਣ ਨਾਲ ਨਾ ਸਿਰਫ਼ ਸਫ਼ਰ ਨੂੰ ਆਸਾਨ ਬਣਾਏਗੀ, ਬਲਕਿ ਖੇਤਰ ਵਿਚ ਰੋਜ਼ਗਾਰ ਦੇ ਮੌਕੇ ਵੀ ਵਧਣਗੇ। ਇਸ ਪ੍ਰੋਜੈਕਟ ਨਾਲ ਜ਼ਮੀਨ, ਨਿਰਮਾਣ ਅਤੇ ਸੰਬੰਧਿਤ ਕਾਰਜਾਂ ਵਿਚ ਲੋਕਾਂ ਲਈ ਨਵੇਂ ਰਾਹ ਵੀ ਖੁੱਲ੍ਹਣਗੇ।



### ਬਾਜਵਾ ਵਲੋਂ ਸਵਾਗਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ: ਪ੍ਰਤਾਪ ਸਿੰਘ ਬਾਜਵਾ ਨੇ ਅੱਜ ਰੇਲਵੇ ਮੰਤਰਾਲੇ ਵਲੋਂ ਲੰਮੇ ਸਮੇਂ ਤੋਂ ਅਟਕੇ ਪਏ ਕਾਦੀਆਂ-ਬਿਆਸ ਰੇਲ ਪ੍ਰਾਜੈਕਟ ਨੂੰ ਮੁੜ ਗਤੀ ਦੇਣ ਦੀ ਪਹਿਲ ਦਾ ਸਵਾਗਤ ਕੀਤਾ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਨਵਾਂ ਸਾਲ ਉਹ ਇਤਿਹਾਸਕ ਤੌਰ 'ਤੇ ਤਬਦੀਲੀ ਲਿਆਏਗਾ ਜਿਸ ਦੀ ਉਡੀਕ ਖੇਤਰ ਦੇ ਲੋਕ ਕਰੀਬ ਇਕ ਸਦੀ ਤੋਂ ਕਰ ਰਹੇ ਸਨ। ਬਾਜਵਾ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਧੰਨਵਾਦ ਕੀਤਾ ਹੈ।



# ਬਗ਼ਦਾਦ ਵਿਚ ਬਣੇਗੀ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ

**ਜਲੰਧਰ:** ਇਰਾਕ ਦੀ ਰਾਜਧਾਨੀ ਬਗਦਾਦ 'ਚ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਗੁਰੂ ਸਾਹਿਬ ਦੀ ਯਾਦਗਾਰ ਜਲਦ ਉਸਾਰੀ ਜਾਵੇਗੀ। ਮਿਸ਼ਨ ਬਾਬਾ ਨਾਨਕ ਬਗਦਾਦ ਦੇ ਉਪਰਾਲਿਆ ਨੂੰ ਬੂਰ ਪੈਣ ਪੈਣ ਲੱਗਾ ਹੈ ਤੇ ਇਰਾਕ ਦੇ ਰੇਲਵੇ ਵਿਭਾਗ ਨੇ ਯਾਦਗਾਰ ਲਈ ਜਗ੍ਹਾ ਦੇਣ ਵਾਸਤੇ ਹਾਂ ਕਰ ਦਿੱਤੀ ਹੈ।

ਇਰਾਕ ਦੇ ਸੈਰ-ਸਪਾਟਾ ਮੰਤਰੀ ਨੇ ਵੀ ਗੁਰੂ ਸਾਹਿਬ ਦੀ ਯਾਦਗਾਰ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਵੀਜ਼ਾ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਐੱਸਏ ਤੋਂ ਐੱਨਆਰਆਈ ਤੇ ਮਿਸ਼ਨ ਬਾਬਾ ਨਾਨਕ ਬਗਦਾਦ ਸੰਸਥਾ ਦੇ ਪ੍ਰਧਾਨ ਹਰਜੀਤ ਸਿੰਘ ਸੋਢੀ ਨੇ 'ਪੰਜਾਬੀ ਜਾਗਰਣ' ਨਾਲ ਵਿਸ਼ੇਸ਼ ਗੱਲਬਾਤ ਕਰਦਿਆ ਕੀਤਾ।ਉਨ੍ਹਾਂ ਦੱਸਿਆ ਕਿ ਯਾਦਗਾਰ ਉਸਾਰਨ ਦੇ ਉਦੇਸ਼ ਨਾਲ ਪਿਛਲੇ ਸਾਲ ਉਨ੍ਹਾਂ ਨੇ ਇਰਾਕ ਦੇ ਅਯਾਤੁੱਲ ਸਈਅਦ ਹੁਸੈਨ ਅਲ-ਸਦਰ ਫਾਊਂਡੇਸ਼ਨ ਟਰੱਸਟ ਦੇ ਮੁਖੀ ਅਯਾਤੁੱਲਾ ਅਲ-ਫਕੀਹ ਸਈਅਦ ਹੁਸੈਨ ਇਸਮਾਇਲ ਅਲ ਸਦਰ ਨਾਲ ਫਰਵਰੀ ਤੇ ਅਗਸਤ ਅਤੇ ਸਤੰਬਰ 'ਚ ਸੁੰਨੀ ਬੋਰਡ ਦੇ ਨਾਲ ਮੁਖੀ ਮਿਸ਼ਾਨ-ਅਲ-ਖ਼ਜ਼ਰਾਜੀ ਮੁਲਾਕਾਤਾਂ ਕੀਤੀਆ ਸਨ। ਦੋਵਾਂ ਹੀ ਆਗੂਆ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦਿਆ ਉਨ੍ਹਾਂ ਦੀ ਸੰਸਥਾ ਨੂੰ ਉਕਤ ਸਥਾਨ ਦੇ ਨੇੜੇ ਹੀ ਯਾਦਗਾਰ ਸਥਾਪਤ ਕਰਨ ਲਈ ਸਹਿਮਤੀ ਦੇ ਦਿੱਤੀ ਸੀ।



ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਬਗਦਾਦ ਸਥਿਤ ਬਾਬਾ ਨਾਨਕ ਜੀ ਦੀ ਜਗ੍ਹਾ ਤੋਂ 200 ਮੀਟਰ ਦੀ ਦੂਰੀ 'ਤੇ ਸਾਢੇ ਤਿੰਨ ਕਿੱਲ੍ਹੇ ਰੇਲਵੇ ਦੀ ਜ਼ਮੀਨ ਹੈ, ਜੋ ਕਿ ਮੁੱਲ ਖਰੀਦੀ ਜਾਵੇਗੀ। ਇਸ ਜ਼ਮੀਨ ਲਈ ਇਰਾਕੇ ਦੇ ਰੇਲਵੇ ਮੰਤਰੀ ਨਾਲ ਮੀਟਿੰਗ ਹੋ ਚੁੱਕੀ ਹੈ, ਜਿਨ੍ਹਾਂ ਨੇ ਜ਼ਮੀਨ ਮੁੱਲ ਦੇਣ ਲਈ ਹਾਂ ਕਰ ਦਿੱਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਉਕਤ ਯਾਦਗਾਰ ਦੀ ਉਸਾਰੀ ਲਈ ਉੱਥੋਂ ਦੇ ਪ੍ਰਧਾਨ ਮੰਤਰੀ ਮੁਹੰਮਦ ਸ਼ੀਆ ਅਲ-ਸੁਦਾਨੀ ਨਾਲ ਮੁਲਾਕਾਤ ਕੀਤੀ ਜਾਣੀ ਹੈ, ਜਿਸ ਲਈ ਗੱਲਬਾਤ ਚੱਲ ਰਹੀ ਹੈ। ਅਗਲੇ ਸਾਲ ਦੇ ਸ਼ੁਰੂ 'ਚ ਇਹ ਮੁਲਾਕਾਤ ਹੋਣ ਦੀ ਆਸ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਮਨਜ਼ੂਰੀ ਮਿਲਣ ਉਪਰੰਤ ਯਾਦਗਾਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਸਾਰੀ ਜਾਣ ਵਾਲੀ ਯਾਦਗਾਰ ਅੰਦਰ ਸਿਹਤ ਕੇਂਦਰ ਤੇ ਲੰਗਰ ਹਾਲ ਬਣਾਇਆ ਜਾਵੇਗਾ। ਜਦੋਂ ਵੀ ਸਿੱਖ ਕੌਮ ਉੱਥੇ ਰਹਿਣ ਲੱਗੇਗੀ ਤਾਂ ਉਸ ਜਗ੍ਹਾ ਗੁਰਦੁਆਰਾ ਵੀ ਬਣਾਇਆ ਜਾਵੇਗਾ।

### ਸਿੱਖਾਂ ਨੂੰ ਬਗਦਾਦ ਲਈ ਬਿਨਾਂ ਰੁਕਾਵਟ ਮਿਲੇਗਾ ਵੀਜ਼ਾ

ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਸਾਥੀਆ ਨਾਲ ਇਰਾਕ ਸਰਕਾਰ ਦੇ ਸੈਰ-ਸਪਾਟਾ ਮੰਤਰੀ ਡਾ. ਅਹਿਮਦ ਫਕਾਕ ਅਲ-ਬਦਰਾਨੀ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਨੂੰ ਵਿਰਾਸਤੀ ਥਾਂ ਬਣਾਉਣ ਤੋਂ ਇਲਾਵਾ ਇਸ ਜਗ੍ਹਾ ਦੇ ਦਰਸ਼ਨ ਕਰਨ ਵਾਲੇ ਵਿਸ਼ਵ ਭਰ ਦੇ ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਵੀਜ਼ਾ ਜਾਰੀ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਹੈ। ਸੋਢੀ ਨੇ ਕਿਹਾ ਕਿ ਜੇਕਰ ਕੋਈ ਸਿੱਖ ਭਰਾ ਬਗਦਾਦ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਉਕਤ ਅਸਥਾਨ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ ਪਰ ਉਸ ਕੋਲ ਖਰਚ ਲਈ ਪੂਰੇ ਪੈਸੇ ਨਹੀਂ ਹਨ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ, ਉਹ ਵਿੱਤੀ ਸਹਿਯੋਗ ਕਰਨ ਲਈ ਤਿਆਰ ਹਨ।

### ਯਾਦਗਾਰ ਨੇੜਲੇ ਖੂਹ ਦੀ ਹੈ ਬਹੁਤ ਮਾਨਤਾ

ਸੋਢੀ ਨੇ ਅੱਗੇ ਦੱਸਿਆ ਕਿ ਜਿਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਠਹਿਰੇ ਸਨ, ਉਸ ਦੇ ਨੇੜੇ ਹੀ ਇਕ ਪਵਿੱਤਰ ਖੂਹ ਹੈ। ਹਾਲਾਂਕਿ ਬਗਦਾਦ 'ਚ ਵੀ ਜ਼ਮੀਨ ਹੇਠਾਂ ਤੇਲ ਦੇ ਖੂਹ ਹਨ ਪਰ ਇਸ ਖੂਹ ਦਾ ਪਾਣੀ ਮਿੱਠਾ ਹੈ।

ਸਥਾਨਕ ਲੋਕਾਂ 'ਚ ਇਸ ਖੂਹ ਦੀ ਕਾਫੀ ਮਾਨਤਾ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਖੂਹ ਦੇ ਨੇੜੇ ਪੱਥਰ ਦੀ ਸਿੱਲ 'ਚ ਕੁਦਰਤੀ ਬਾਟੇ 'ਚ ਖੂਹ ਦਾ ਪਾਣੀ ਪਾ ਕੇ ਉਸ ਨੂੰ ਬੱਚੇ ਨੂੰ ਪਿਆਇਆ ਜਾਂਦਾ ਹੈ, ਜਿਸ ਨੂੰ ਬੋਲਣ 'ਚ ਸਮੱਸਿਆ ਆਉਂਦੀ ਹੈ। ਇਸ ਪਵਿੱਤਰ ਪਾਣੀ ਦੇ ਪੀਣ ਨਾਲ ਬੱਚਾ ਕੁਝ ਦਿਨਾਂ ਅੰਦਰ ਹੀ ਸਹੀ ਬੋਲਣਾ ਸ਼ੁਰੂ ਕਰ ਦਿੰਦਾ ਹੈ। ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਹ ਆਪਣੀ ਸਾਥੀ ਨਾਲ ਉਕਤ ਖੂਹ 'ਤੇ ਜਾ ਕੇ ਪਾਣੀ ਪੀ ਕੇ ਆਏ ਹਨ, ਜੋ ਕਿ ਸੱਚਮੁੱਚ ਮਿੱਠੇ ਜਲ ਸਮਾਨ ਹੈ।

# ਸਖ਼ਤੀ ਪਿੱਛੋਂ ਇੰਡੀਗੋ ਨੇ ਰਿਫੰਡ ਕੀਤੇ 610 ਕਰੋੜ

**ਨਵੀਂ ਦਿੱਲੀ:** ਦੇਸ਼ ਦੇ ਹਵਾਬਾਜ਼ੀ ਸੈਕਟਰ ਵਿਚ ਪੰਜ ਦਿਨਾਂ ਤੱਕ ਚੱਲੀ ਅਵਿਵਸਥਾ ਤੋਂ ਬਾਅਦ ਜਦੋਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਸਖ਼ਤੀ ਦਿਖਾਈ ਤਾਂ ਇੰਡੀਗੋ ਦੀ ਜਾਗ ਵੀ ਖੁੱਲ੍ਹਦੀ




ਦਿਖਾਈ ਦੇ ਰਹੀ ਹੈ। ਹਾਲਾਂਕਿ ਐਤਵਾਰ ਨੂੰ ਵੀ 650 ਉਡਾਣਾਂ ਰੱਦ ਰਹੀਆਂ ਪਰ 1650 ਜਹਾਜ਼ ਵੀ ਉੱਡੇ। ਯਾਤਰੀਆਂ ਨੂੰ ਕਿਰਾਇਆ ਵਾਪਸ ਕਰਨ ਦਾ ਕੰਮ ਜਾਰੀ ਹੈ। ਇੰਡੀਗੋ ਵੱਲੋਂ ਐਤਵਾਰ ਸ਼ਾਮ ਤੱਕ ਰੱਦ ਜਾਂ ਜ਼ਿਆਦਾ ਦੇਰੀ ਵਾਲੀਆਂ ਉਡਾਣਾਂ ਤੋਂ ਪ੍ਰਭਾਵਿਤ ਯਾਤਰੀਆਂ ਨੂੰ 610 ਕਰੋੜ ਰੁਪਏ ਦਾ ਰਿਫੰਡ ਪ੍ਰੋਸੈਸ ਕਰ ਦਿੱਤਾ ਗਿਆ ਹੈ। ਰੀ-ਸ਼ਡਿਊਲਿੰਗ 'ਤੇ ਕੋਈ ਵਾਧੂ ਫੀਸ ਨਹੀਂ ਲਈ ਜਾ ਰਹੀ। ਨਾਲ ਹੀ ਸ਼ਨਿੱਚਰਵਾਰ ਤੱਕ ਯਾਤਰੀਆਂ ਦੇ 3000 ਬੈਗ ਡਿਲੀਵਰ ਕਰ ਦਿੱਤੇ ਗਏ ਹਨ। ਕਿਰਾਇਆ ਵਾਪਸੀ ਅਤੇ ਯਾਤਰੀਆਂ ਤੱਕ ਸਾਮਾਨ ਪਹੁੰਚਾਉਣ ਦੇ ਕੰਮ ਵਿਚ ਹੁਣ ਦੋ ਦਿਨ ਹੋਰ ਲੱਗ ਸਕਦੇ ਹਨ। ਨਾਲ ਹੀ ਹਾਲਾਤ ਪੂਰੀ ਤਰ੍ਹਾਂ ਆਮ ਹੋਣ ਵਿਚ ਤਿੰਨ ਤੋਂ ਚਾਰ ਦਿਨ ਲੱਗ ਸਕਦੇ ਹਨ।

ਇੰਡੀਗੋ ਦੇ ਇਕ ਅਧਿਕਾਰੀ ਨੇ ਕਿਹਾ ਕਿ ਅਸੀਂ ਸਮੱਸਿਆ ਦੀ ਤਹਿ ਤੱਕ ਜਾਵਾਂਗੇ ਤੇ ਇਸ ਸਮੇਂ ਸਾਡਾ ਧਿਆਨ ਉਡਾਣਾਂ ਸੁਚਾਰੂ ਕਰਨ 'ਤੇ ਹੈ। ਉਮੀਦ ਹੈ ਕਿ 10 ਦਸੰਬਰ ਤੱਕ ਉਡਾਣਾਂ ਸੁਚਾਰੂ ਹੋ ਜਾਣਗੀਆਂ। ਸਾਡੇ ਕੋਲ ਕਾਫ਼ੀ ਗਿਣਤੀ 'ਚ ਪਾਇਲਟ ਹਨ ਤੇ ਕਿਸੇ ਤਰ੍ਹਾਂ ਦੀ ਕਮੀ ਨਹੀਂ ਹੈ। ਚਾਲਕ ਦਲ ਦੀਭਰਤੀ 'ਤੇ ਵੀ ਕੋਈ ਰੋਕ ਨਹੀਂ ਲਗਾਈ ।

ਇਸ ਦਰਮਿਆਨ ਡੀਜੀਸੀਏ ਨੇ ਐਤਵਾਰ ਨੂੰ ਇੰਡੀਗੋ ਦੇ ਸੀਈਓ ਪੀਟਰ ਐਲਬਰਸ ਤੇ ਅਕਾਊਂਟੇਬਲ ਮੈਨੇਜਰ ਇਸੀੜ੍ਹੋ ਪੋਰਕੇਰਾਸ ਨੂੰ ਕਾਰਨ ਦੱਸੋ ਨੋਟਿਸ ਦਾ ਜਵਾਬ ਦੇਣ ਲਈ ਹੋਰ ਸਮਾਂ ਦਿੱਤਾ। ਦੋਵਾਂ ਸਿਖਰਲੇ ਅਧਿਕਾਰੀਆਂ ਤੋਂ ਉਡਾਣਾਂ 'ਚ ਅੜਿੱਕਾ ਪੈਣ 'ਤੇ ਸਪੱਸ਼ਟੀਕਰਨ ਮੰਗਿਆ ਗਿਆ ਹੈ। ਦੋਵਾਂ ਨੂੰ ਜਵਾਬ ਦੇਣ ਲਈ 24 ਘੰਟੇ ਜਾਂ ਸੋਮਵਾਰ ਸ਼ਾਮ ਛੇ ਵਜੇ ਤੱਕ ਦਾ ਸਮਾਂ ਦਿੱਤਾ ਗਿਆ ਹੈ। ਮੁਲਾਜ਼ਮਾਂ ਨੂੰ ਭੇਜੇ ਇਕ ਅੰਦਰੂਨੀ ਵੀਡੀਓ ਸੰਦੇਸ਼ 'ਚ ਪੀਟਰ ਐਲਬਰਸ ਨੇ ਕਿਹਾ ਕਿ ਸਥਿਤੀ 'ਚ ਸੁਧਾਰ ਹੋ ਰਿਹਾ ਹੈ ਤੇ ਅਸੀਂ ਹੌਲੀ-ਹੌਲੀ ਵਾਪਸੀ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਏਅਰਲਾਈਨ ਦਾ ਆਨ ਟਾਈਮ ਪਰਫਾਰਮੈਂਸ ਐਤਵਾਰ ਨੂੰ 75 ਫ਼ੀਸਦੀ ਰਹਿਣ ਦੀ ਉਮੀਦ ਹੈ।

### ਅੰਮ੍ਰਿਤਸਰ 'ਚ ਇੰਡੀਗੋ ਦੀਆਂ 13 ਉਡਾਣਾਂ ਰੱਦ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਇੰਡੀਗੋ ਦੀ ਹਵਾਈ ਸੇਵਾ ਐਤਵਾਰ ਨੂੰ ਵੀ ਪ੍ਰਭਾਵਿਤ ਹੋਣ ਕਾਰਨ ਯਾਤਰੀਆਂ ਨੂੰ ਕਾਫ਼ੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।

ਸਵੇਰ ਤੋਂ ਉਡਾਣਾਂ ਦਾ ਇੰਤਜ਼ਾਰ ਕਰ ਰਹੇ ਯਾਤਰੀ ਉਡਾਣ ਦਾ ਸਮਾਂ ਨਾ ਦੱਸਣ ਕਾਰਨ ਵੱਖ-ਵੱਖ ਕਾਊਂਟਰਾਂ 'ਤੇ ਭਟਕਦੇ ਰਹੇ ਪਰ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਦੁਪਹਿਰ 12 ਵਜੇ ਏਅਰਪੋਰਟ ਪ੍ਰਸ਼ਾਸਨ ਨੇ 13 ਉਡਾਣਾਂ ਰੱਦ ਹੋਣ ਦਾ ਐਲਾਨ ਕੀਤਾ ਤਾਂ ਯਾਤਰੀਆਂ ਦਾ ਗੁੱਸਾ ਫੁੱਟ ਪਿਆ। ਉਹ ਉਡਾਣ ਰੀ- ਸ਼ਡਿਊਲ ਕਰਨ ਦੀ ਮੰਗ ਕਰਦੇ ਰਹੇ ਪਰ ਕਿਤੇ ਕੋਈ ਸੁਣਵਾਈ ਨਹੀਂ ਹੋਈ।

ਉਡਾਣਾਂ ਰੱਦ ਹੋਣ ਬਾਰੇ ਪਤਾ ਲੱਗਣ ਤੋਂ ਬਾਅਦ ਬਹੁਤ ਸਾਰੇ ਯਾਤਰੀ ਹਵਾਈ ਅੱਡੇ 'ਤੇ ਫਸ ਗਏ। ਇਨ੍ਹਾਂ ਵਿਚ ਬਜ਼ੁਰਗ, ਬੱਚੇ ਅਤੇ ਵਿਦੇਸ਼ ਯਾਤਰਾ ਕਰਨ ਵਾਲੇ ਵਿਦਿਆਰਥੀ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਨਵੀਆਂ ਟਿਕਟਾਂ ਬੁੱਕ ਕਰਨ ਜਾਂ ਰਿਫੰਡ ਲੈਣ ਲਈ ਘੰਟਿਆਂਬੱਧੀ ਉਡੀਕ ਕਰਨੀ ਪਈ। ਲੋਕਾਂ ਨੇ ਕਿਹਾ ਕਿ ਏਅਰਪੋਰਟ ਪ੍ਰਸ਼ਾਸਨ ਲੋਕਾਂ ਨੂੰ ਪਰੇਸ਼ਾਨ ਕਰਨ ਦੀ ਬਜਾਏ ਸਮੱਸਿਆ ਦਾ ਹੱਲ ਕੱਢੇ।

# ਵਾਹਨਾਂ ਦੇ ਪ੍ਰਦੂਸ਼ਣ ਨਾਲ ਪੰਜਾਬ 'ਚ ਸਥਿਤੀ ਖ਼ਰਾਬ

**ਚੰਡੀਗੜ੍ਹ:** ਪੰਜਾਬ ਦੀ ਹਵਾ ਗੁਣਵੱਤਾ ਦਿਨੋਂ-ਦਿਨ ਵਿਗੜਦੀ ਜਾ ਰਹੀ ਹੈ। ਸੂਬਾ ਦੇ ਨੌ ਪ੍ਰਮੁੱਖ ਸ਼ਹਿਰ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਡੇਰਾਬੱਸੀ, ਮੰਡੀ ਗੋਬਿੰਦਗੜ੍ਹ, ਖੰਨਾ, ਨਯਾ ਨੰਗਲ ਤੇ ਪਠਾਨਕੋਟ ਪ੍ਰਦੂਸ਼ਣ ਦੇ ਹਾਟਸਪਾਟ ਬਣ ਚੁੱਕੇ ਹਨ। ਸ਼ਹਿਰਾਂ ਵਿਚ ਵਾਹਨਾਂ ਦੇ ਪ੍ਰਦੂਸ਼ਣ ਦਾ ਹਿੱਸਾ 40 ਫ਼ੀਸਦੀ ਤੱਕ ਪੁੱਜ ਗਿਆ ਹੈ। ਪਿਛਲੇ ਪੰਜ ਸਾਲਾਂ ਤੋਂ ਪਰਟੀਕੁਲੇਟ ਮੈਟਰ (ਪੀਐੱਮ 10) ਦੇ ਰਾਸ਼ਟਰੀ ਮਿਆਰਾਂ ਨੂੰ ਪੂਰਾ ਨਾ ਕਰ ਸਕਣ ਕਾਰਨ ਇਹ ਸ਼ਹਿਰ ਲਗਾਤਾਰ ਪ੍ਰਦੂਸ਼ਿਤ ਹਵਾ ਵਾਲੇ ਇਲਾਕਿਆਂ ਵਿਚ ਸ਼ਾਮਲ ਹੋ ਰਹੇ ਹਨ। ਉਦਯੋਗਿਕ ਸਰਗਰਮੀਆਂ, ਸ਼ਹਰੀ ਵਿਸਥਾਰ ਤੇ ਵਾਹਨਾਂ ਦੇ ਵਧਦੇ ਧੂੰਏ ਨੇ ਇਹ ਪ੍ਰਦੂਸ਼ਣ ਹੋਰ ਵਧਾ ਦਿੱਤਾ ਹੈ।

ਇਸ ਵਧਦੇ ਸੰਕਟ ਨੂੰ ਦੇਖਦਿਆਂ ਪੰਜਾਬ ਪੁਲਿਸ ਨੇ ਵਾਹਨਾਂ ਦੇ ਪ੍ਰਦੂਸ਼ਣ 'ਤੇ ਕੰਟਰੋਲ ਕਰਨ ਦਾ ਫ਼ੈਸਲਾ ਕੀਤਾ ਹੈ। ਬਿਨਾਂ ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ (ਪੀਯੂਸੀ) ਵਾਲੇ ਵਾਹਨਾਂ ਖ਼ਿਲਾਫ਼ ਪੁਲਿਸ ਨੇ ਪਿਛਲੇ ਇਕ ਸਾਲ ਵਿਚ ਰਿਕਾਰਡ ਕਾਰਵਾਈ ਕੀਤੀ ਹੈ। ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਵੱਲੋਂ ਲੋਕ ਸਭਾ ਵਿਚ ਪੇਸ਼ ਕੀਤੀ ਗਈ ਰਿਪੋਰਟ ਮੁਤਾਬਕ,ਸਾਲ 2024 ਵਿਚ 4,786 ਵਾਹਨਾਂ ਦੇ ਚਲਾਨ ਕੱਟੇ ਗਏ ਜਿਨ੍ਹਾਂ 'ਤੇ 4.71 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਇਸ ਤੋਂ ਇਕ ਸਾਲ ਬਾਅਦ 2025 ਵਿਚ ਇਹ ਗਿਣਤੀ ਤਿੰਨ ਗੁਣਾ ਵੱਧ ਕੇ 16,305 ਹੋ ਗਈ ਅਤੇ ਇਨ੍ਹਾਂ ਦਾ 8.41 ਕਰੋੜ ਰੁਪਏ ਦਾ ਚਲਾਨ ਕੱਟਿਆ ਗਿਆ। ਇਸ ਦੇ ਨਾਲ ਹੀ ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ, ਸੜਕਾਂ 'ਤੇ ਉੱਡਦੀ ਧੂੜ, ਉਸਾਰੀ ਅਧੀਨ ਪ੍ਰੋਜੈਕਟਾਂ 'ਚੋਂ ਨਿਕਲਣ ਵਾਲੇ ਬਾਰੀਕ ਕਣ ਅਤੇ ਪੁਰਾਣੀਆਂ ਡੀਜ਼ਲ ਗੱਡੀਆਂ ਦੀ ਧੜੱਲੇ ਨਾਲ ਵਰਤੋਂ ਪੰਜਾਬ ਦੀ ਹਵਾ ਵਿਚ ਪ੍ਰਦੂਸ਼ਣ ਵਧਾ ਰਹੇ ਹਨ।

ਸਿਹਤ ਵਿਭਾਗ ਦੀ ਰਿਪੋਰਟ ਵੀ ਚਿਤਾਵਨੀ ਦੇ ਚੁੱਕੀ ਹੈ ਕਿ ਇਨ੍ਹਾਂ ਸ਼ਹਿਰਾਂ ਵਿਚ ਸਾਹ ਸੰਬੰਧੀ ਬਿਮਾਰੀਆਂ, ਅਸਥਮਾ, ਸੀਓਪੀਡੀ ਅਤੇ ਦਿਲ ਦੇ ਮਰੀਜ਼ ਤੇਜ਼ੀ ਨਾਲ ਵੱਧ ਰਹੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਪਰਾਲੀ ਸਾੜਨ ਦੀ ਚਰਚਾ ਹਮੇਸ਼ਾ ਹੁੰਦੀ ਹੈ ਪਰ ਸ਼ਹਿਰੀ ਖੇਤਰਾਂ ਵਿਚ ਵਾਹਨਾਂ 'ਚੋਂ ਨਿਕਲਿਆ ਧੂੰਆਂ ਪਰਾਲੀ ਨਾਲੋਂ ਕਿਤੇ ਜ਼ਿਆਦਾ ਹਾਨੀਕਾਰਕ ਹੈ। ਉੱਧਰ, ਮੰਡੀ ਗੋਬਿੰਦਗੜ੍ਹ ਤੇ ਖੰਨਾ ਵਰਗੇ ਸ਼ਹਿਰਾਂ ਵਿਚ ਜਿੱਥੇ ਧੂੰਆਂ ਛੱਡਦੇ ਉਦਯੋਗ ਪਹਿਲਾਂ ਹੀ ਮੌਜੂਦ ਹਨ, ਉੱਥੇ ਵਾਹਨਾਂ 'ਚੋਂ ਨਿਕਲਦਾ ਧੂੰਆਂ ਹਵਾ ਨੂੰ ਹੋਰ ਜ਼ਹਿਰੀਲਾ ਬਣਾ ਰਿਹਾ ਹੈ।

ਪੰਜਾਬ ਪੁਲਿਸ ਨੇ ਪਿਛਲੇ ਪੰਜ ਸਾਲਾਂ ਵਿਚ ਕੁੱਲ 22,315 ਵਾਹਨਾਂ ਦੇ ਚਲਾਨ ਕੀਤੇ ਹਨ ਅਤੇ 13.63 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਹ ਅੰਕੜਾ ਦਰਸਾਉਂਦਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਪ੍ਰਦੂਸ਼ਣ ਨੂੰ ਕੰਟਰੋਲ



ਕਰਨ ਪ੍ਰਤੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਹੋ ਗਏ ਹਨ। ਹਾਲਾਂਕਿ ਚਲਾਨ ਵਸੂਲੀ ਦੀ ਰਫ਼ਤਾਰ ਬੇਹੱਦ ਹੌਲੀ ਹੈ।

### ਬਿਨਾਂ ਪ੍ਰਦੂਸ਼ਣ ਸਰਟੀਫਿਕੇਟ ਦੇ ਪੰਜ ਹਜ਼ਾਰ ਜੁਰਮਾਨਾ

ਨਿਯਮਾਂ ਮੁਤਾਬਕ ਨਵੇਂ ਵਾਰਨ ਦੀ ਖ਼ਰੀਦ ਦੇ ਇਕ ਸਾਲ ਬਾਅਦ ਪੀਯੂਸੀ ਲਾਜ਼ਮੀ ਹੈ ਅਤੇ ਉਸ ਤੋਂ ਬਾਅਦ ਹਰ ਛੇ ਮਹੀਨਿਆਂ ਵਿਚ ਇਸ ਦਾ ਨਵੀਨੀਕਰਨ ਕਰਵਾਉਣਾ ਜ਼ਰੂਰੀ ਹੈ।

ਪਹਿਲੀ ਵਾਰੀ ਬਿਨਾਂ ਪੀਯੂਸੀ ਫੜੇ ਜਾਣ 'ਤੇ ਪੰਜ ਹਜ਼ਾਰ ਰੁਪਏ ਅਤੇ ਦੂਜੀ ਵਾਰੀ 10 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਤੈਅ ਹੈ। ਇਸ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਵਾਹਨ ਮਾਲਕ ਇਸ ਨਿਯਮ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ।

### ਕੀ ਸਖ਼ਤੀ ਕਰਨ ਨਾਲ ਸੱਚਮੁੱਚ ਹਵਾ ਸਾਫ਼ ਹੋਵੇਗੀ?

ਪੁਲਿਸ ਕਾਰਵਾਈ ਵਧਣ ਨਾਲ ਜਾਗਰੂਕਤਾ ਵਧੀ ਹੈ ਪਰ ਮਾਹਰਾਂ ਦਾ ਮੰਨਣਾ ਹੈ ਕਿ ਚਲਾਨ ਹੀ ਹਵਾ ਨੂੰ ਸ਼ੁੱਧ ਨਹੀਂ ਕਰ ਸਕਦੇ। ਸੜਕਾਂ 'ਤੇ ਪੁਰਾਣੀਆਂ ਗੱਡੀਆਂ ਦੀ ਗਿਣਤੀ ਘਟਾਉਣਾ, ਜਨਤਕ ਟਰਾਂਸਪੋਰਟ ਨੂੰ ਹੁਲਾਰਾ ਦੇਣਾ, ਏਅਰ ਕੁਆਲਿਟੀ ਮਾਨੀਟਰਿੰਗ ਨੂੰ ਮਜ਼ਬੂਤ ਕਰਨਾ ਅਤੇ ਉਦਯੋਗਾਂ 'ਤੇ ਕੰਟਰੋਲ ਸਖ਼ਤ ਕਰਨਾ ਸਮੇਂ ਦੀ ਲੋੜ ਹੈ। ਜੇਕਰ ਪੰਜਾਬ ਨੂੰ ਇਨ੍ਹਾਂ ਨੌਂ ਸ਼ਹਿਰਾਂ ਦੀ ਸੂਚੀ 'ਚੋਂ ਬਾਹਰ ਕੱਢਣਾ ਹੈ ਤਾਂ ਸਰਕਾਰ, ਪੁਲਿਸ ਤੇ ਜਨਤਾ ਨੂੰ ਮਿਲ ਕੇ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ। ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਜ਼ਹਿਰੀਲੀ ਹਵਾ ਹੋਰ ਮਾਰੂ ਰੂਪ ਧਾਰ ਸਕਦੀ ਹੈ।

# ਨਿਊਜ਼ੀਲੈਂਡ 'ਚ ਸਿੱਖਾਂ ਨੇ ਮਿਹਨਤ ਨਾਲ ਮੁਕਾਮ ਬਣਾਇਆ: ਗ੍ਰੇਗ

**ਅੰਮ੍ਰਿਤਸਰ:** ਨਿਊਜ਼ੀਲੈਂਡ ਦੀ ਪਾਰਲੀਮੈਂਟ ਦੇ ਮੈਂਬਰ ਗ੍ਰੇਗ ਫਲੇਮਿੰਗ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਅਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਨਿਊਜ਼ੀਲੈਂਡ ਤੋਂ ਉੱਘੇ ਕਾਰੋਬਾਰੀ ਸੁਖਦੀਪ ਸਿੰਘ ਵਾਲੀਆ ਤੇ ਰਾਜਬੀਰ ਸਿੰਘ ਵੀ ਮੌਜੂਦ ਸਨ। ਸ੍ਰੀ ਹਰਿਮੰਦਰ ਸਾਹਿਬ ਪਹੁੰਚਣ 'ਤੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਤੇ ਰਣਧੀਰ ਸਿੰਘ ਨੇ ਗ੍ਰੇਗ ਫਲੇਮਿੰਗ ਦਾ ਸਵਾਗਤ ਕੀਤਾ। ਅੰਮ੍ਰਿਤਪਾਲ ਸਿੰਘ ਨੇ ਗ੍ਰੇਗ ਨੂੰ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਪਰੰਪਰਾਵਾਂ ਦੀ ਜਾਣਕਾਰੀ ਪ੍ਰਦਾਨ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਸਮੇਂ ਗ੍ਰੇਗ ਫਲੇਮਿੰਗ ਲੰਗਰ ਹਾਲ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਵੀ ਗਏ, ਜਿੱਥੇ ਉਨ੍ਹਾਂ ਲੰਗਰ ਪਰੰਪਰਾ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਕਈ ਸਵਾਲ ਪੁੱਛੇ।ਪੱਤਰਕਾਰਾਂ ਨਾਲ ਗੱਲ ਕਰਦਿਆਂ ਗ੍ਰੇਗ ਫਲੇਮਿੰਗ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰਤਾ ਤੇ ਰੂਹਾਨੀਅਤ



ਦੀ ਦਿਲ ਖੋਲ੍ਹ ਕੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਇਕ ਮਿਹਨਤਕਸ਼ ਕੌਮ ਹੈ ਤੇ ਉਨ੍ਹਾਂ ਦੇ ਦੇਸ਼ ਨਿਊਜ਼ੀਲੈਂਡ 'ਚ ਸਿੱਖਾਂ ਨੇ ਦਿਨ ਰਾਤ ਮਿਹਨਤ ਕਰਕੇ ਵੱਖਰਾ ਮੁਕਾਮ ਬਣਾਇਆ ਹੈ। ਪੂਰੇ ਨਿਊਜ਼ੀਲੈਂਡ 'ਚ ਵੱਸਦੇ ਸਿੱਖਾਂ ਨੂੰ ਇੱਜ਼ਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਨ੍ਹਾਂ ਨੇ ਸੰਗਤਾਂ ਵੱਲੋਂ ਕੀਤੀ ਜਾਂਦੀ ਸੇਵਾ 'ਤੇ ਹੈਰਾਨੀ ਪ੍ਰਗਟ ਕਰਦਿਆ ਕਿਹਾ ਕਿ ਇਹ ਪ੍ਰਮਾਤਮਾ ਦੀ ਕ੍ਰਿਪਾ ਕਾਰਨ ਹੀ ਸੰਭਵ ਹੈ।

# ਪਾਕਿ ਸੁਰੱਖਿਆ ਬਲਾਂ ਹੱਥੋਂ ਨੌਂ ਅਤਿਵਾਦੀ ਹਲਾਕ



**ਪਿਸ਼ਾਵਰ/ਲਾਹੌਰ:** ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ‘ਚ ਸੁਰੱਖਿਆ ਬਲਾਂ ਨੇ ਦੋ ਵੱਖ-ਵੱਖ ਕਾਰਵਾਈਆਂ ‘ਚ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਦੇ ਨੌਂ ਅਤਿਵਾਦੀ ਮਾਰ ਮੁਕਾਏ। ਪਾਕਿਸਤਾਨੀ ਸੈਨਾ ਦੀ ਮੀਡੀਆ ਸ਼ਾਖਾ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ ਐੱਸ ਪੀ ਆਰ) ਨੇ ਦੱਸਿਆ ਕਿ ਇਹ ਮੁਹਿੰਮਾਂ ਖੈਬਰ, ਟਾਂਕ ਅਤੇ ਲੱਕੀ ਮਰਵਾਤ ਜ਼ਿਲ੍ਹਿਆਂ ‘ਚ ਚਲਾਈਆਂ ਗਈਆਂ ਸਨ। ਟਾਂਕ ‘ਚ ਸੱਤ ਅਤੇ ਲੱਕੀ ਮਰਵਾਤ ‘ਚ ਦੋ ਅਤਿਵਾਦੀ ਮਾਰੇ ਗਏ। ਇਸੇ ਦੌਰਾਨ ਪੰਜਾਬ ਸੂਬੇ ‘ਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ 24 ਅਤਿਵਾਦੀ ਗ੍ਰਿਫ਼ਤਾਰ ਕੀਤੇ ਹਨ ਜਿਨ੍ਹਾਂ ‘ਚੋਂ ਜ਼ਿਆਦਾਤਰ ਟੀ ਟੀ ਪੀ ਨਾਲ ਜੁੜੇ ਹੋਏ ਹਨ। ਉੱਧਰ, ਪਾਕਿਸਤਾਨੀ ਤੇ ਅਫ਼ਗਾਨ ਬਲਾਂ ਵਿਚਕਾਰ ਚਮਨ ਸਰਹੱਦ ‘ਤੇ ਗੋਲੀਬਾਰੀ ਹੋਣ ਦੀ ਸੂਚਨਾ ਹੈ। ਮੀਡੀਆ ਰਿਪੋਰਟ ਅਨੁਸਾਰ ਜ਼ਿਲ੍ਹਾ ਹਸਪਤਾਲ ‘ਚ ਜ਼ਖ਼ਮੀਆਂ ਨੂੰ ਲਿਆਂਦਾ ਗਿਆ ਹੈ ਪਰ ਗੋਲੀਬਾਰੀ ‘ਚ ਕਿਸੇ ਦੇ ਮਾਰੇ ਜਾਣ ਦੀ ਖ਼ਬਰ ਨਹੀਂ ਹੈ। ਦੋਵੇਂ ਧਿਰਾਂ ਨੇ ਇੱਕ-ਦੂਜੇ ‘ਤੇ ਬਲੋਚਿਸਤਾਨ ਸੂਬੇ ਨਾਲ ਲੱਗੀ ਸਰਹੱਦ ‘ਤੇ ਗੋਲੀਬਾਰੀ ਦਾ ਦੋਸ਼ ਲਾਇਆ ਹੈ।

# ਸੂਡਾਨ ਸਕੂਲ ‘ਤੇ ਹਮਲਾ, 50 ਮੌਤਾਂ




**ਕਾਹਿਰਾ:** ਦੱਖਣੀ-ਕੇਂਦਰੀ ਸੂਡਾਨ ਵਿੱਚ ਪੈਰਾ ਮਿਲਟਰੀ ਬਲਾਂ ਵੱਲੋਂ ਕਿੰਡਰਗਾਰਟਨ ਸਕੂਲ ‘ਤੇ ਕੀਤੇ ਡਰੋਨ ਹਮਲੇ ਵਿੱਚ 33 ਬੱਚਿਆਂ ਸਮੇਤ 50 ਜਣਿਆਂ ਦੀ ਮੌਤ ਹੋ ਗਈ ਹੈ। ਡਾਕਟਰਾਂ ਨੇ ਦੱਸਿਆ ਕਿ ਇੱਕ ਹੋਰ ਹਮਲੇ ਵਿੱਚ ਦੱਖਣੀ ਕੋਰਦੋਫਾਨ ਸੂਬੇ ਦੇ ਕਾਲੋਗੀ ਸ਼ਹਿਰ ਵਿੱਚ ਰਾਹਤ ਕਾਰਜਾਂ ਵਿੱਚ ਜੁਟੇ ਪੈਰਾ ਮੈਡੀਕਲ ਸਟਾਫ ਨੂੰ ਨਿਸ਼ਾਨਾ ਬਣਾਇਆ ਗਿਆ। ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਮੁਤਾਬਕ ਮ੍ਰਿਤਕ ਬੱਚਿਆਂ ਦੀ ਉਮਰ ਬਹੁਤ ਛੋਟੀ ਹੈ ਅਤੇ ਹਮਲੇ ਵੇਲੇ ਉਹ ਸਕੂਲ ਵਿੱਚ ਖੇਡ ਰਹੇ ਸਨ। ਯੂਨੀਸੈੱਫ ਦੇ ਨੁਮਾਇੰਦੇ ਸ਼ੈਲਡਨ ਯੈਟ ਨੇ ਬੱਚਿਆਂ ਦੇ ਕਤਲੇਆਮ ਨੂੰ ਭਿਆਨਕ ਘਟਨਾ ਦੱਸਦਿਆਂ ਤੁਰੰਤ ਹਮਲੇ ਰੋਕਣ ਦੀ ਅਪੀਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਸੂਡਾਨ ਵਿੱਚ ਰੈਪਿਡ ਸੁਪੋਰਟ ਬਲਾਂ (ਆਰ ਐੱਸ ਐੱਫ) ਅਤੇ ਫ਼ੌਜ ਵਿਚਾਲੇ 2023 ਤੋਂ ਸੱਤਾ ਲਈ ਖ਼ੂਨੀ ਜੰਗ ਚੱਲ ਰਹੀ ਹੈ।

ਵਿਸ਼ਵ ਸਿਹਤ ਸੰਗਠਨ ਮੁਤਾਬਕ ਹੁਣ ਤੱਕ 40,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ 12 ਕਰੋੜ ਲੋਕ ਬੇਘਰ ਹੋਏ ਹਨ।

## ਜ਼ੁਬਿਨ ਮਾਮਲਾ- ਪੁਲੀਸ 12 ਨੂੰ ਦੋਸ਼ ਪੱਤਰ ਦਾਖਲ ਕਰੇਗੀ



**ਗੁਹਾਟੀ:** ਗਾਇਕ ਜ਼ੁਬਿਨ ਗਰਗ ਦੀ ਮੌਤ ਦੀ ਜਾਂਚ ਤਕਰੀਬਨ ਮੁਕੰਮਲ ਹੋ ਗਈ ਹੈ ਅਤੇ 12 ਦਸੰਬਰ ਨੂੰ ਦੋਸ਼ ਪੱਤਰ ਦਾਖਲ ਕੀਤਾ ਜਾਵੇਗਾ। ਸੀ ਆਈ ਡੀ ਦੇ ਵਿਸ਼ੇਸ਼ ਡੀ ਜੀ ਪੀ ਮੁੰਨਾ ਪ੍ਰਸਾਦ ਗੁਪਤਾ ਨੇ ਦੱਸਿਆ ਕਿ ਹੁਣ ਤੱਕ ਸੱਤ ਗ੍ਰਿਫ਼ਤਾਰੀਆਂ ਕੀਤੀਆਂ ਹਨ ਤੇ 300 ਤੋਂ ਵੱਧ ਗਵਾਹਾਂ ਤੋਂ ਪੁੱਛ ਪੜਤਾਲ ਕੀਤੀ ਗਈ ਹੈ।

# ਭਾਰਤ ਨੂੰ ਇਜ਼ਰਾਈਲ ਤੋਂ ਐੱਲ ਐੱਮ ਜੀ ਦੀ ਪਹਿਲੀ ਖੇਪ ਛੇਤੀ



**ਯੇਰੂਸ਼ਲਮ:** ਇਜ਼ਰਾਈਲ ਦੀ ਪ੍ਰਮੁੱਖ ਰੱਖਿਆ ਕੰਪਨੀ ਭਾਰਤ ਨੂੰ ਅਗਲੇ ਸਾਲ ਦੇ ਸ਼ੁਰੂ ‘ਚ 40 ਹਜ਼ਾਰ ਲਾਈਟ ਮਸ਼ੀਨ ਗੰਨਾਂ (ਐੱਲ ਐੱਮ ਜੀ) ਦੀ ਪਹਿਲੀ ਖੇਪ ਸਪਲਾਈ ਕਰੇਗੀ। ਕਰੀਬ ਇਕ ਲੱਖ 70 ਹਜ਼ਾਰ ਆਧੁਨਿਕ ਕਾਰਬਾਈਨਾਂ ਦੀ ਸਪਲਾਈ ਲਈ ਸੌਦੇ ‘ਤੇ ਦਸਤਖਤਾਂ ਨਾਲ ਜੁੜਿਆ ਅਮਲ ਆਖ਼ਰੀ ਪੜਾਅ ‘ਤੇ ਹੈ। ਇਜ਼ਰਾਈਲ ਵੈਪਨ ਇੰਡਸਟਰੀਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼ਕੀ ਸ਼ਵਾਰਟਜ਼ ਨੇ ਦੱਸਿਆ ਕਿ ਕੰਪਨੀ ਮੌਜੂਦਾ ਸਮੇਂ ‘ਚ ਭਾਰਤ ਦੇ ਗ੍ਰਹਿ ਮੰਤਰਾਲੇ ਦੀਆਂ ਏਜੰਸੀਆਂ ਨਾਲ ਮਿਲ ਕੇ ਪਸਤੌਲ, ਰਾਈਫਲ ਅਤੇ ਮਸ਼ੀਨ ਗੰਨਾਂ ਸਮੇਤ ਵੱਖ-ਵੱਖ ਹਥਿਆਰਾਂ ਦੀ ਮਾਰਕੀਟਿੰਗ ਕਰ ਰਹੀ ਹੈ।

# ਪੂਤਿਨ ਖ਼ਿਲਾਫ਼ ਵਾਰੰਟ ਰੱਦ ਨਹੀਂ ਹੋਣਗੇ



**ਹੇਗ:** ਕੌਮਾਂਤਰੀ ਅਪਰਾਧਕ ਕੋਰਟ ਦੀ ਵਕੀਲ ਨੇ ਕਿਹਾ ਹੈ ਕਿ ਯੂਕਰੇਨ ਖ਼ਿਲਾਫ਼ ਜੰਗ ਦੇ ਮਾਮਲੇ ‘ਚ ਚੱਲ ਰਹੀ ਅਦਾਲਤੀ ਜਾਂਚ, ਸ਼ਾਂਤੀ ਵਾਰਤਾ ਕਾਰਨ ਨਹੀਂ ਰੁਕ ਸਕਦੀ। ਸਲਾਮਤੀ ਕੌਂਸਲ ਮੁਕੱਦਮੇ ਨੂੰ ਮੁਲਤਵੀ ਕਰ ਸਕਦੀ ਹੈ। ਇਸ ਦਾ ਮਤਲਬ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਪੰਜ ਹੋਰਾਂ ਖ਼ਿਲਾਫ਼ ਜਾਰੀ ਗ੍ਰਿਫ਼ਤਾਰੀ ਵਾਰੰਟਾਂ ‘ਤੇ ਰੋਕ ਨਹੀਂ ਲੱਗੇਗੀ। ਡਿਪਟੀ ਪ੍ਰੋਸੀਕਿਊਟਰ ਨਜ਼ਾਹਤ ਸ਼ਮੀਮ ਖ਼ਾਨ ਨੇ ਕਿਹਾ ਕਿ ਜਵਾਬਦੇਹੀ ਤੈਅ ਕਰਨ ਅਤੇ ਸਥਾਈ ਸ਼ਾਂਤੀ ਲਈ ਮਾਮਲੇ ਦੀ ਜਾਂਚ ਜਾਰੀ ਰਹਿਣੀ ਚਾਹੀਦੀ ਹੈ।

# ਆਰਥਿਕ ਨਾ-ਬਰਾਬਰੀ ਨਾਲ ਜੂਝ ਰਹੀ ਹੈ ਅੱਧੀ ਦੁਨੀਆ

**ਨਵੀਂ ਦਿੱਲੀ:** ਨਵੇਂ ਆਲਮੀ ਅਧਿਐਨ ਵਿਚ ਪਾਇਆ ਗਿਆ ਹੈ ਕਿ 1990 ਤੋਂ ਬਾਅਦ ਦੁਨੀਆ ਭਰ ਵਿਚ ਕੌਮੀ ਆਮਦਨ ਵਿਚ ਔਸਤ 94 ਫ਼ੀਸਦ ਵਾਧੇ ਦੇ ਬਾਵਜੂਦ ਸੰਸਾਰ ਦੀ ਅੱਧੀ ਅਬਾਦੀ ਆਮਦਨ ਦੀ ਨਾ-ਬਰਾਬਰੀ ਨਾਲ ਜੂਝ ਰਹੀ ਹੈ। ਖੋਜੀ ਟੀਮ ਨੇ ਅਪੀਲ ਕੀਤੀ ਹੈ ਕਿ ਆਉਣ ਵਾਲੇ ਸਾਲਾਂ ਵਿਚ ਇਹ ਪਾੜਾ ਹੋਰ ਵੱਧ ਸਕਦਾ ਹੈ। ਅਧਿਐਨ ਵਿਚ ਭਾਰਤ ਦੇ ਦੱਖਣੀ ਸੂਬਿਆਂ ਨੂੰ ਉੱਤਰੀ ਹਿੱਸਿਆਂ ਦੀ ਤੁਲਨਾ ਵਿਚ ਕਿਤੇ ਵੱਧ ਖ਼ੁਸ਼ਹਾਲ ਤੇ ਸਮਾਵੇਸ਼ੀ ਵਿਕਾਸ ਵਾਲਾ ਦੱਸਿਆ ਹੈ।

ਫਿਨਲੈਂਡ ਦੀ ਆਲਟੋ ਯੂਨੀਵਰਸਿਟੀ ਖੋਜੀ ਟੀਮ ਵੱਲੋਂ ਕੀਤਾ ਗਿਆ ਅਧਿਐਨ ‘ਨੇਚਰ ਸਸਟੇਨਬਿਲਟੀ’ ਜਰਨਲ ਵਿਚ ਪ੍ਰਕਾਸ਼ਤ ਹੋਇਆ ਹੈ। ਰਿਪੋਰਟ ਮੁਤਾਬਕ ਸੰਸਾਰ ਦੀ ਇਕ-ਤਿਹਾਈ ਅਬਾਦੀ ਅਜਿਹੇ ਇਲਾਕਿਆਂ ਵਿਚ ਰਹਿੰਦੀ ਹੈ, ਜਿੱਥੇ ਨਾ- ਬਰਾਬਰੀ ਘਟੀ ਹੈ ਜਦਕਿ ਇਕ-ਚੌਥਾਈ ਅਬਾਦੀ ਉਨ੍ਹਾਂ ਇਲਾਕਿਆਂ ਵਿਚ ਵੱਸਦੀ ਹੈ, ਜਿੱਥੇ 1990 ਪਿੱਛੋਂ ਆਮਦਨ ਤੇ ਨਾ-ਬਰਾਬਰੀ ਵਿਚ ਫ਼ਰਕ ਤੇਜ਼ੀ ਨਾਲ ਵਧੇ ਹਨ। ਅਧਿਐਨ ਵਿਚ 151 ਮੁਲਕਾਂ ਦੀ ਤਿੰਨ ਦਹਾਕਿਆਂ ਦੀਨਾ-ਬਰਾਬਰੀ ਸਬੰਧੀ ਜਾਣਕਾਰੀ ਦਾ ਮੁਲਾਂਕਣ ਕੀਤਾ ਗਿਆ ਹੈ।

ਸੰਯੁਕਤ ਰਾਸ਼ਟਰ ਦੀ ਨਾਕਾਮੀ ਤੈਅ : ਖੋਜੀ ਟੀਮ ਦਾ ਕਹਿਣਾ ਹੈ ਕਿ ਇਹ ਅਧਿਐਨ ਨਾ-ਸਿਰਫ਼ ਆਮਦਨ ਵਿਚ ਗ਼ੈਰ-ਬਰਾਬਰੀ ਦੇ ਰੁਝਾਨਾਂ ਨੂੰ ਉਜਾਗਰ ਕਰਦਾ ਹੈ ਸਗੋਂ ਸੰਯੁਕਤ ਰਾਸ਼ਟਰ ਦੇ ਬਰਾਬਰ ਵਿਕਾਸ ਟੀਚੇ (ਐੱਸ.ਡੀ.ਜੀ)-10, ਯਾਨੀ ਮੁਲਕਾਂ ਦੇ ਅੰਦਰ ਨਾ-ਬਰਾਬਰੀ ਘੱਟ ਕਰਨ ਨਾਲ ਜੁੜੇ ਸੰਕੇਤਕਾਂ ਦੇ ਮੁਲਾਂਕਣ ਵਿਚ ਵੀ ਮਦਦਗਾਰ ਹੈ। ‘ਲਗਾਤਾਰ ਵਿਕਾਸ ਏਜੰਡਾ-2030 ਜਿਸ ਨੂੰ 2015 ਵਿਚ ਸਾਰੇ ਮੈਂਬਰ ਮੁਲਕਾਂ ਨੇ ਕਬੂਲ ਕੀਤਾ ਸੀ ਕਿ ਇਨਸਾਨੀ ਵਿਕਾਸ, ਵਿੱਤੀ ਤਰੱਕੀ ਤੇ ਧਰਤੀ ਗ੍ਰਹਿ ਦੀ ਸਿਹਤ ਨੂੰ ਸੰਤੁਲਤ ਕਰਨ ਦਾ ਰੋਡਮੈਪ ਹੈ। ਅਧਿਐਨ ਦੇ ਅਧਾਰ ‘ਤੇ ਦੱਸਿਆ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੇ ‘ਐੱਸਡੀਜੀ 2030 ਦੇ ਸਮੂਹਕ ਤੌਰ ‘ਤੇ ਨਾਕਾਮ ਰਹਿਣ ਦੇ ਪੂਰੇ ਆਸਾਰ ਹਨ ਕਿਉਂਕਿ ਸੰਯੁਕਤ ਰਾਸ਼ਟਰ ਇਸ ਟੀਚੇ ਤੋਂ ਨਾ-ਸਿਰਫ਼ ਕੋਹਾਂ ਦੂਰ ਹੈ ਸਗੋਂ ਨਾ-ਬਰਾਬਰੀ ਦਾ ਰੁਝਾਨ ਬਹੁਤ ਮਜ਼ਬੂਤ ਹੁੰਦਾ ਜਾ ਰਿਹਾ ਹੈ। ‘ਖੋਜ ਮੁਤਾਬਕ ਭਾਵੇਂ ਆਲਮੀ ਅਬਾਦੀ ਲਈ ਸਮੁੱਚੀ ਕੌਮੀ ਆਮਦਨ ਵਿਚ ਵੱਡਾ ਉਛਾਲ ਆਇਆ ਹੈ ਪਰ ਪ੍ਰਾਪਤ ਕੌਮੀ ਡਾਟਾਸੈੱਟ ਦੇ ਅਧਾਰ ‘ਤੇ ਨਾ-ਬਰਾਬਰੀ ਵਿਚ 46 ਤੋਂ 59 ਫ਼ੀਸਦ ਤੱਕ ਦਾ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ 31-36 ਫ਼ੀਸਦ ਖੇਤਰਾਂ ਵਿਚ ਕਮੀ ਦੇਖੀ ਗਈ ਹੈ।

ਮੁੱਖ ਲੇਖਕ ਪ੍ਰੋ. ਮੱਟੀ ਕੁੰਮੂ ਨੇ ਕਿਹਾ ਹੈ ਕਿ ਨਵੇਂ ਉਪ-ਰਾਸ਼ਟਰੀ ਡਾਟਾ ਤੋਂ ਜ਼ਾਹਰ ਹੋਇਆ ਹੈ ਕਿ ਦੇਸ਼ਾਂ ਦੇ ਅੰਦਰ ਨਾ-ਬਰਾਬਰੀ ਦੀ ਹਕੀਕੀ ਤਸਵੀਰ ਕੌਮੀ ਔਸਤ ਤੋਂ ਬਿਲਕੁਲ ਵੱਖ ਹੋ ਸਕਦੀ ਹੈ। ਕਈ ਮੁਲਕਾਂ ਵਿਚ ਜਿੱਥੇ ਕੌਮੀ ਪੱਧਰ ‘ਤੇ ਬਦਲਾਅ ਮਾਮੂਲੀ ਨਜ਼ਰ ਆਉਂਦੇ ਹਨ, ਉਥੇ ਸਥਾਨਕ ਪੱਧਰ ‘ਤੇ ਨਾ- ਬਰਾਬਰੀ ਵਿਚ ਵੱਡਾ ਫ਼ਰਕ ਉਜਾਗਰ ਹੋਇਆ ਹੈ।

One stop shop for all your taxi needs

The Friendly Group Ltd.
Chelsea Taxi Brokers

287 10 AVE between 26 & 27 Street 2nd Floor, New York, NY 10001

*All types of insurance*
** Medallion transfers * Accident claims*
** Taxi Stand Facility available*

Ph: 212-947-9833, 212-695-0601

We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.




40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ ‘ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

ਪੰਜਾਬ ਟਾਈਮਜ਼

13 ਦਸੰਬਰ, ਸ਼ਨਿਚਰਵਾਰ

# ਵਧ ਰਿਹਾ ਐੱਸ.ਆਈ.ਆਰ. ਵਿਵਾਦ

*ਭਾਰਤ ਦਾ ਲੋਕਤੰਤਰ ਦੁਨੀਆ ਦੀ ਸਭ ਤੋਂ ਵੱਡੀ ਲੋਕ ਇੱਛਾ ਦਾ ਪ੍ਰਤੀਬਿੰਬ ਹੈ। ਇੱਥੇ ਚੋਣਾਂ ਸਿਰਫ਼ ਸੱਤਾ ਦੇ ਬਦਲਾਅ ਲਈ ਨਹੀਂ ਹੁੰਦੀਆਂ, ਸਗੋਂ ਇਕ ਪਵਿੱਤਰ ਰਾਸ਼ਟਰੀ ਸੰਸਕਾਰ ਹਨ। ਹਰ ਇਕ ਵੋਟ ਸਿਹਤਮੰਦ ਲੋਕਤੰਤਰੀ ਪ੍ਰਣਾਲੀ ਦੀ ਧੜਕਣ ਹੈ। ਇਸ ਲਈ ਵੋਟਰ ਸੂਚੀ ਦੀ ਸੁਧਾਈ ਕਰਨਾ ਸਿਰਫ਼ ਭਾਰਤੀ ਚੋਣ ਕਮਿਸ਼ਨ ਦਾ ਪ੍ਰਸ਼ਾਸਕੀ ਕੰਮ ਨਹੀਂ, ਸਗੋਂ ਭਾਰਤ ਦੀ ਸੰਵਿਧਾਨਕ ਆਤਮਾ ਦੀ ਸੁਰੱਖਿਆ ਦਾ ਵੀ ਸਵਾਲ ਹੈ। ਇਸ ਮੂਲ ਭਾਵਨਾ ਨਾਲ, ਚੋਣ ਕਮਿਸ਼ਨ ਨੇ ਇਸ ਸਾਲ ਇਕ ਜੁਲਾਈ ਤੋਂ ਵੋਟਰ ਸੂਚੀ ਦੇ ਵਿਸ਼ੇਸ਼ ਡੂੰਘੇ ਪੁਨਰ ਨਿਰੀਖਣ (ਐੱਸਆਈਆਰ) ਦੀ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਤਾਂ ਜੋ 'ਕੋਈ ਅਯੋਗ ਵਿਅਕਤੀ ਇਸ ਸੂਚੀ ਵਿਚ ਸ਼ਾਮਲ ਨਾ ਹੋਵੇ ਅਤੇ ਕੋਈ ਯੋਗ ਨਾਗਰਿਕ ਬਾਹਰ ਨਾ ਰਹਿ ਜਾਵੇ।'*

*ਬਿਹਾਰ ਤੋਂ ਬਾਅਦ 12 ਹੋਰ ਰਾਜਾਂ ਵਿਚ ਇਹ ਪ੍ਰਕਿਰਿਆ ਜਾਰੀ ਹੈ। ਇਸ ਤੋਂ ਪਹਿਲਾਂ ਦੇਸ਼ ਵਿਚ 2002-04 ਦਰਮਿਆਨ ਐੱਸਆਈਆਰ ਹੋਇਆ ਸੀ। ਵਿਡੰਬਣਾ ਇਹ ਹੈ ਕਿ ਕੁਝ ਰਾਜਨੀਤਕ ਦਲ ਅਤੇ ਉਨ੍ਹਾਂ ਦੇ ਸਿਖਰਲੇ ਆਗੂ ਸੰਵਿਧਾਨ ਦੀਆਂ ਕਾਪੀਆਂ ਲਹਿਰਾ ਕੇ ਇਸਦਾ ਵਿਰੋਧ ਕਰਦੇ ਰਹਿੰਦੇ ਹਨ ਅਤੇ ਸੰਸਦ ਦੇ ਅੰਦਰ ਅਤੇ ਬਾਹਰ ਇਸ ਵਿਧਾਨਕ ਚੋਣ ਸੁਧਾਰ ਪ੍ਰਕਿਰਿਆ 'ਤੇ ਸਵਾਲ ਵੀ ਖੜ੍ਹੇ ਕਰ ਰਹੇ ਹਨ। ਵੋਟਰ ਸੂਚੀਆਂ ਵਿਚ ਦਰੁਸਤੀ ਕਰਨਾ ਬੇਹੱਦ ਜ਼ਰੂਰੀ ਕੰਮ ਹੈ। ਚੋਣ ਕਮਿਸ਼ਨ ਦਾ ਦਾਅਵਾ ਹੈ ਕਿ ਇਸ ਰਾਹੀਂ ਇਹ ਪਤਾ ਲੱਗਦਾ ਹੈ ਕਿ ਵੋਟਰ ਸੂਚੀ ਵਿਚ ਦਰਜ ਵੋਟਰਾਂ ਦਾ ਕੱਚ-ਸੱਚ ਕੀ ਹੈ। ਕਈ ਸਰਹੱਦੀ ਇਲਾਕਿਆਂ ਵਿਚ ਤਾਂ ਵੱਡੀ ਗਿਣਤੀ ਵਿਚ ਘੁਸਪੈਠੀਏ ਆਧਾਰ ਤੇ ਵੋਟਰ ਕਾਰਡਾਂ ਸਮੇਤ ਹੋਰ ਵੀ ਕਈ ਦਸਤਾਵੇਜ਼ ਬਣਾ ਕੇ ਸਰਕਾਰੀ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ। ਉਹ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਵੀ ਖ਼ਤਰਾ ਬਣੇ ਹੋਏ ਹਨ। ਅਜਿਹੇ ਲੋਕਾਂ ਦੀ ਪਛਾਣ ਅਤੇ ਛਾਂਟੀ ਕਰਨ ਦੇ 'ਮਕਸਦ' ਨਾਲ ਹੀ ਐੱਸਆਈਆਰ ਕਰਵਾਈ ਜਾ ਰਹੀ ਹੈ। ਦੇਸ਼-ਵਿਆਪੀ ਐੱਸਆਈਆਰ ਖ਼ਿਲਾਫ਼ ਸੁਪਰੀਮ ਕੋਰਟ ਵਿਚ ਵੀ ਮਾਮਲੇ ਦਾਇਰ ਹੋ ਚੁੱਕੇ ਹਨ। ਵਿਰੋਧੀ ਪਾਰਟੀਆਂ ਵੱਲੋਂ ਇਨ੍ਹਾਂ ਮਾਮਲਿਆਂ ਦੀ ਪੈਰਵੀ ਕਪਿਲ ਸਿੱਬਲ ਅਤੇ ਅਭਿਸ਼ੇਕ ਮਨੂ ਸਿੰਘਵੀ ਵਰਗੇ ਦਿੱਗਜ ਕਰ ਰਹੇ ਹਨ। ਉਨ੍ਹਾਂ ਦੀ ਦਲੀਲ ਹੈ ਕਿ ਐੱਸਆਈਆਰ ਇਕ ਗ਼ੈਰ-ਜ਼ਰੂਰੀ ਪ੍ਰਕਿਰਿਆ ਹੈ ਅਤੇ ਚੋਣ ਕਮਿਸ਼ਨ ਕੋਲ ਇਸ ਨੂੰ ਕਰਵਾਉਣ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਦੀ ਇਸ ਦਲੀਲ ਨੂੰ ਅਦਾਲਤ ਨੇ ਖ਼ਾਰਜ ਕਰ ਦਿੱਤਾ। ਇੰਨਾ ਹੀ ਨਹੀਂ, ਅਦਾਲਤ ਨੇ 26 ਨਵੰਬਰ, ਦੀ ਸੁਣਵਾਈ ਵਿਚ ਇਹ ਵੀ ਜ਼ਿਕਰ ਕੀਤਾ ਕਿ ਬਿਹਾਰ ਵਿਚ ਐੱਸਆਈਆਰ ਦੌਰਾਨ ਜਿਨ੍ਹਾਂ ਵੋਟਰਾਂ ਦੇ ਨਾਂ ਹਟਾਏ ਗਏ, ਉਨ੍ਹਾਂ ਵਿੱਚੋਂ ਕਿਸੇ ਨੇ ਵੀ ਕੋਈ ਇਤਰਾਜ਼ ਦਰਜ ਨਹੀਂ ਕਰਵਾਇਆ। ਹੁਣ ਚੋਣ ਕਮਿਸ਼ਨ ਐੱਸਆਈਆਰ ਦੇ ਦੂਜੇ ਪੜਾਅ ਵਿਚ 12 ਰਾਜਾਂ ਦੇ 321 ਜ਼ਿਲ੍ਹਿਆਂ ਵਿਚ 1,843 ਵਿਧਾਨ ਸਭਾ ਖੇਤਰਾਂ ਦੇ ਲਗਪਗ 51 ਕਰੋੜ ਵੋਟਰਾਂ ਦੀ ਸਮੀਖਿਆ ਕਰ ਰਿਹਾ ਹੈ। ਤਿੰਨ ਦਸੰਬਰ ਤੱਕ ਇਸ ਲਈ 99 ਪ੍ਰਤੀਸ਼ਤ ਫਾਰਮ ਵੰਡੇ ਜਾ ਚੁੱਕੇ ਹਨ ਅਤੇ 93 ਪ੍ਰਤੀਸ਼ਤ ਤੋਂ ਵੱਧ ਡਿਜੀਟਾਈਜ਼ ਕੀਤੇ ਜਾ ਚੁੱਕੇ ਹਨ। 'ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਪ੍ਰਕਿਰਿਆ' ਯਕੀਨੀ ਬਣਾਉਣ ਲਈ ਕਮਿਸ਼ਨ ਹੁਣ ਤੱਕ 4,700 ਤੋਂ ਵੱਧ ਸਰਬ ਪਾਰਟੀ ਬੈਠਕਾਂ ਦਾ ਆਯੋਜਨ ਕਰ ਚੁੱਕਾ ਹੈ।*

*ਇਨ੍ਹਾਂ ਵਿਚ 28,000 ਰਾਜਨੀਤਕ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਆਖ਼ਰੀ ਵੋਟਰ ਸੂਚੀ 16 ਫਰਵਰੀ 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਜਿਨ੍ਹਾਂ ਲੋਕਾਂ ਦੇ ਨਾਂ ਸੂਚੀ ਤੋਂ ਹਟਾਏ ਜਾਣਗੇ, ਉਨ੍ਹਾਂ ਨੂੰ ਇਕ ਮਹੀਨੇ ਤੱਕ ਦਾਅਵਾ- ਇਤਰਾਜ਼ ਕਰਨ ਦਾ ਮੌਕਾ ਮਿਲੇਗਾ। ਵਿਰੋਧੀਆਂ ਵੱਲੋਂ ਪਹਿਲਾਂ ਈਵੀਐੱਮ 'ਤੇ ਸ਼ੱਕ ਜਤਾਉਣਾ, ਵੋਟ ਚੋਰੀ ਦਾ ਦੋਸ਼ ਲਗਾਉਣਾ ਅਤੇ ਹੁਣ ਐੱਸਆਈਆਰ ਦਾ ਵਿਰੋਧ ਕਰਨਾ ਇਕ ਵੱਡਾ ਮੁੱਦਾ ਬਣਿਆ ਹੋਇਆ ਹੈ।*

*ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਨੂੰ ਇਕ ਤੋਂ ਬਾਅਦ ਇਕ ਰਾਜਾਂ' ਵਿਚ ਹਾਰ ਦੇਖਣੀ ਪੈ ਰਹੀ ਹੈ। ਪਰ ਉਹ ਆਤਮ-ਮੰਥਨ ਦੀ ਬਜਾਏ ਦੋਸ਼-ਦਰ-ਦੋਸ਼ ਲਗਾਉਣ ਵਿਚ ਮਸਰੂਫ਼ ਹੈ। ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਕਾਂਗਰਸ ਦਾ 50 ਸਾਲਾਂ ਤੱਕ ਪ੍ਰਤੱਖ-ਸਿੱਧਾ ਸ਼ਾਸਨ ਰਿਹਾ। ਇਸ ਦੌਰਾਨ ਕਾਂਗਰਸ ਤਾਮਿਲਨਾਡੂ (1967), ਬੰਗਾਲ (1977), ਉੱਤਰ ਪ੍ਰਦੇਸ਼ (1989), ਗੁਜਰਾਤ (1990), ਮਹਾਰਾਸ਼ਟਰ (1995), ਓਡੀਸ਼ਾ (2000), ਗੋਆ (2012) ਅਤੇ ਦਿੱਲੀ (2013) ਵਿਚ ਸਿਰਫ਼ ਇਕ ਵਾਰ ਸੱਤਾ ਤੋਂ ਬਾਹਰ ਹੋਈ ਪਰ ਆਪਣੇ ਦਮ 'ਤੇ ਹੁਣ ਤੱਕ ਸੱਤਾ ਵਿਚ ਨਹੀਂ ਆ ਸਕੀ। ਦਿੱਲੀ ਵਿਚ 2015, 2020 ਅਤੇ 2025 ਦੀਆਂ ਚੋਣਾਂ ਵਿਚ ਉਹ ਖਾਤਾ ਵੀ ਨਹੀਂ ਖੋਲ੍ਹ ਸਕੀ। ਪਿਛਲੀਆਂ ਚਾਰ ਲੋਕ ਸਭਾ ਚੋਣਾਂ ਸਾਫ਼ ਤੌਰ 'ਤੇ ਭਾਰਤ ਦੇ ਬਦਲਦੇ ਰਾਜਨੀਤਕ ਨਜ਼ਰੀਏ ਨੂੰ ਰੇਖਾਂਕਿਤ ਕਰਦੀਆਂ ਹਨ। ਸੰਨ 2009 ਵਿਚ ਭਾਜਪਾ ਨੂੰ 18.8 ਪ੍ਰਤੀਸ਼ਤ ਵੋਟਾਂ ਅਤੇ 116 ਸੀਟਾਂ ਮਿਲੀਆਂ ਸਨ। ਸੰਨ 2014 ਵਿਚ ਭਾਜਪਾ 31 ਪ੍ਰਤੀਸ਼ਤ ਵੋਟਾਂ ਦੇ ਨਾਲ 282 ਸੀਟਾਂ 'ਤੇ ਪਹੁੰਚ ਗਈ ਤੇ ਕਾਂਗਰਸ 206 ਤੋਂ ਘਟ ਕੇ 44 ਸੀਟਾਂ ਅਤੇ 28.5 ਪ੍ਰਤੀਸ਼ਤ ਵੋਟਾਂ ਤੋਂ ਘਟ ਕੇ 19.3 ਪ੍ਰਤੀਸ਼ਤ 'ਤੇ ਆ ਗਈ। ਦੋਹਾਂ ਚੋਣਾਂ ਵਿਚ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਸੱਤਾ ਵਿਚ ਸੀ। ਭਾਜਪਾ ਪ੍ਰਤੀ ਜਨ ਸਮਰਥਨ 2019 ਵਿਚ ਹੋਰ ਮਜ਼ਬੂਤ ਹੋਇਆ ਅਤੇ ਉਸ ਨੇ ਪਹਿਲਾਂ ਤੋਂ ਵੱਧ ਵੋਟਾਂ (37.3 ਪ੍ਰਤੀਸ਼ਤ) ਅਤੇ ਸੀਟਾਂ (303) ਦੇ ਨਾਲ ਫਿਰ ਬਹੁਮਤ ਪ੍ਰਾਪਤ ਕੀਤਾ। ਸੰਨ 2024 ਦੀ ਚੋਣ ਵੀ ਭਾਜਪਾ ਨੇ ਪੀਐੱਮ ਮੋਦੀ ਦੀ ਅਗਵਾਈ ਵਿਚ ਸੱਤਾ-ਵਿਰੋਧੀ ਲਹਿਰ, ਵਿਰੋਧੀ ਏਕਤਾ ਭਾਰਤ-ਵਿਰੋਧੀ ਸ਼ਕਤੀਆਂ ਦੀ ਚਾਲਾਂ ਅਤੇ ਨਕਾਰਾਤਮਕ ਪ੍ਰਚਾਰ ਵਿਚਕਾਰ ਲੜੀਆਂ, ਜਿਨ੍ਹਾਂ ਵਿਚ ਉਸ ਦੀਆਂ ਸੀਟਾਂ (240) ਅਤੇ ਵੋਟਾਂ (36.5 ਪ੍ਰਤੀਸ਼ਤ) ਦੋਵੇਂ ਘਟੀਆਂ ਪਰ ਸਰਕਾਰ ਬਣਾਉਣ ਵਿਚ ਸਫਲ ਰਹੀ। ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਕੇਂਦਰ ਵਿਚ ਮੋਦੀ ਸਰਕਾਰ ਰਹਿੰਦੇ ਹੋਏ ਪਿਛਲੇ 11 ਸਾਲਾਂ ਵਿਚ ਕਈ ਰਾਜਾਂ ਵਿਚ ਵਿਰੋਧੀ ਪਾਰਟੀਆਂ ਨੇ ਵੀ ਚੋਣਾਂ ਜਿੱਤੀਆਂ। ਬੰਗਾਲ ਵਿਚ ਤ੍ਰਿਣਮੂਲ, ਤਾਮਿਲਨਾਡੂ ਵਿਚ ਡੀਐੱਮਕੇ, ਝਾਰਖੰਡ ਵਿਚ ਝਾਮੁਮੋ, ਕਰਨਾਟਕ, ਹਿਮਾਚਲ, ਤੇਲੰਗਨਾ ਵਿਚ ਕਾਂਗਰਸ, ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਅਤੇ ਕੇਰਲ ਵਿਚ ਖੱਬੇ-ਪੱਖੀ ਪਾਰਟੀਆਂ ਆਦਿ ਸ਼ਾਮਲ ਹਨ। ਇੱਥੋਂ ਤੱਕ ਕਿ 70 ਮੈਂਬਰਾਂ ਵਾਲੀ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ 'ਆਪ' ਨੇ 2015 ਵਿਚ 67 ਅਤੇ 2020 ਵਿਚ 62 ਸੀਟਾਂ ਜਿੱਤੀਆਂ ਤਾਂ 2022 ਵਿਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ 80 ਪ੍ਰਤੀਸ਼ਤ ਸੀਟਾਂ ਜਿੱਤਣ ਵਿਚ ਸਫਲ ਰਹੀ। ਕਾਂਗਰਸ ਦੀ ਲੀਡਰਸ਼ਿਪ ਸਮੇਤ ਜ਼ਿਆਦਾਤਰ ਵਿਰੋਧੀ ਪਾਰਟੀਆਂ ਆਪਣੀ ਮੂਲ ਸਮੱਸਿਆ ਨੂੰ ਦੇਖਣ-ਸਮਝਣ ਦੀ ਸਮਰੱਥਾ ਗੁਆ ਚੁੱਕੀਆਂ ਹਨ। ਜੇਕਰ ਕਿਸੇ ਕਾਰਨ ਵੋਟਰ ਭਾਜਪਾ ਤੋਂ ਮੋਹ ਭੰਗ ਕਰਦੇ ਹਨ ਤਾਂ ਉਹ ਕਾਂਗਰਸ ਦੀ ਬਜਾਏ ਹੋਰ ਬਦਲ ਭਾਲਦੇ ਹਨ। ਸਮਾਜਵਾਦੀ ਪਾਰਟੀ, ਰਾਜਦ, ਤ੍ਰਿਣਮੂਲ, ਡੀਐੱਮਕੇ, ਰਾਕਾਂਪਾ ਅਤੇ 'ਆਪ' ਨੇ ਕਾਂਗਰਸ ਦੀ ਹੀ ਸਿਆਸੀ ਜ਼ਮੀਨ ਹਥਿਆ ਕੇ ਆਪਣੀਆਂ ਰਾਜਨੀਤਕ ਜੜ੍ਹਾਂ ਮਜ਼ਬੂਤ ਕੀਤੀਆਂ ਹਨ। ਸੱਚ ਇਹ ਹੈ ਕਿ ਜਦੋਂ 'ਲੋਕ' ਅਰਥਾਤ ਵੋਟਰ ਵਿਰੋਧ ਨੂੰ ਵਾਰ-ਵਾਰ ਨਕਾਰ ਦਿੰਦੇ ਹਨ ਤਾਂ ਸੰਗਠਿਤ ਰਾਜਨੀਤਕ ਰਣਨੀਤੀ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਦੀ ਹੈ। ਇਸ ਵੇਲੇ ਸਮੁੱਚੀਆਂ ਰਾਜਨੀਤਕ ਪਾਰਟੀਆਂ ਆਪਣੀ ਸਾਖ ਬਚਾਉਣ ਦੀ ਦੌੜ ਵਿਚ ਹਨ। ਚੋਣ ਕਮਿਸ਼ਨ ਨੂੰ ਵੀ ਆਪਣੀ ਸਾਖ ਬਚਾਉਣ ਲਈ ਹੋਰ ਵਧੇਰੇ ਪਾਰਦਰਸ਼ੀ ਹੋਣਾ ਪਵੇਗਾ ਤਾਂ ਕਿ ਉਸ ਦੀ ਪ੍ਰਸੰਗਿਕਤਾ ਕਿਸੇ ਤਰ੍ਹਾਂ ਬਚੀ ਰਹੇ, ਅਤੇ ਸੰਵਿਧਾਨਕ ਸੰਸਥਾਵਾਂ ਦੀ ਭਰੋਸੇਯੋਗਤਾਂ ਨੂੰ ਆਂਚ ਨਾ ਆਵੇ।*

## ਠਾਹ-ਸੋਟਾ

–ਚਾਚਾ ਬੇਲਿਹਾਜ਼

### ਜਦੋਂ ਦੀ 'ਏ ਆਈ' ਆਈ

*ਪਹਿਲੀਆਂ ਵਿਰਾਸਤੀ ਕਲਾਵਾਂ ਲੋਕ ਛੱਡੀ ਜਾਂਦੇ, ਸਾਰਿਆਂ ਨੇ 'ਰਾਗਣੀ' ਨਵੀਨਤਾ ਦੀ ਗਾਈ ਏ।*
*ਚੌਵੀ ਘੰਟੇ ਲੋਕੀਂ ਹੁਣ ਆਨਲਾਈਨ ਬੈਠੇ ਰਹਿੰਦੇ, ਫਾਹੀ ਵਾਂਗ ਗ਼ਲੇ ਪਈ ਜਦੋਂ ਦੀ ਵਾਈ-ਫਾਈ ਏ।*
*ਕੀ ਪਤਾ ਕਿ 'ਚੰਗੇ ਭਲੇ' ਬੰਦੇ ਦੀ 'ਬਣਾ ਕੇ' ਰੀਲ੍ਹ, ਉਹਦੇ ਸਾਫ ਕਿਰਦਾਰ ਉੱਤੇ ਫੇਰਨੀ ਸਿਆਹੀ ਏ।*
*ਪਹਿਲਾਂ ਵਾਂਗ ਰਿਹਾ ਨਾ 'ਭਰੋਸਾ' ਏਸ ਮੰਚ ਉੱਤੇ, 'ਮੀਡ੍ਹੀਆ ਸੋਸ਼ਲ' ਹੁਣ ਬਣਿਆਂ 'ਭਕਾਈ' ਏ।*
*'ਪੁੱਟੀ ਜਾਂਦੀ ਮਿੱਟੀ' ਚੌਹਾਂ ਕੂੰਟਾਂ ਵਿਚ ਉਦੋਂ ਤੱਕ, ਜਦੋਂ ਬੰਦਾ 'ਬੇਕਸੂਰਾ' ਦਿੰਦਾ ਕੋਈ 'ਸਫਾਈ' ਏ।*
*ਅਸਲੀ ਕਿ ਨਕਲੀ ਹੈ ਰਹੀ ਨਾ 'ਪਛਾਣ' ਕੋਈ, ਜਦੋਂ ਦੀ 'ਏ-ਆਈ' ਤਕਨੀਕ ਹੱਥ ਆਈ ਏ।*

# ਸਰਕਾਰਾਂ ਅਤੇ ਸਿਆਸੀ ਲੋਕਾਂ ਹਥਿਆਈਆਂ ਸਥਾਨਕ ਸਰਕਾਰਾਂ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪੰਜਾਬ ਵਿਚ ਸਾਲ 2025 'ਚ ਹੋਣ ਵਾਲੀਆਂ ਪੇਂਡੂ ਖੇਤਰ ਨਾਲ ਸੰਬੰਧਿਤ ਸਥਾਨਕ ਸਰਕਾਰਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਾਉਣ ਲਈ 14 ਦਸੰਬਰ 2025 ਦਾ ਦਿਨ, ਕਾਫ਼ੀ ਅੜਚਨਾਂ, ਅਦਾਲਤੀ ਕੇਸਾਂ ਦੇ ਨਿਪਟਾਰੇ ਤੋਂ ਬਾਅਦ ਚੋਣ ਕਮਿਸ਼ਨ ਪੰਜਾਬ ਵੱਲੋਂ ਮਿਥਿਆ ਗਿਆ ਹੈ।

ਪੰਜਾਬ ਵਿਚ ਮੁੜ ਫਿਰ ਚੋਣ ਅਖਾੜਾ ਭਖੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਪਿੰਡਾਂ ਦੇ ਲੋਕਾਂ 'ਚ ਆਪਣਾ ਅਧਾਰ ਲੱਭਣ ਲਈ ਸਰਗਰਮ ਹੋ ਗਈਆਂ ਹਨ। ਉਨ੍ਹਾਂ ਆਪੋ-ਆਪਣੇ ਚੋਣਾਵੀਂ ਚੋਣ ਨਿਸ਼ਾਨ 'ਤੇ ਚੋਣਾਂ ਲੜਨ ਦਾ ਬਿਗਲ ਵਜਾ ਦਿੱਤਾ ਹੈ। ਇੱਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਜਿਸ ਦਾ 'ਕਿਸਾਨ ਅੰਦੋਲਨ' ਵੇਲੇ ਪਿੰਡਾਂ 'ਚ ਦਾਖ਼ਲਾ ਬੰਦ ਸੀ, ਉਹ ਵੀ ਇਨ੍ਹਾਂ ਚੋਣਾਂ 'ਚ ਸਰਗਰਮ ਹੋਈ ਦਿਸਦੀ ਹੈ।

ਕਾਰਨ ਸਪਸ਼ਟ ਹੈ, ਉਹ ਇਹ ਕਿ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਆਪਣੇ 'ਪਰ' ਤੋਲਣਾ ਚਾਹੁੰਦੀਆਂ ਹਨ। ਇਨ੍ਹਾਂ ਚੋਣਾਂ 'ਚ ਇੱਕ ਕਰੋੜ ਛੱਤੀ ਲੱਖ ਵੋਟਰ ਹਿੱਸਾ ਲੈਣਗੇ ਅਤੇ 50 ਫ਼ੀਸਦੀ ਮਹਿਲਾ ਉਮੀਦਵਾਰ ਇਸ ਵਿਚ ਲਾਜ਼ਮੀ ਬਣਾਏ ਗਏ ਹਨ। ਕੀ ਇਹ 2027 ਦੀਆਂ ਚੋਣਾਂ ਦਾ ਸੈਮੀਫਾਈਨਲ ਹੋ ਨਿਬੜੇਗਾ?

ਕੇਂਦਰ ਸਰਕਾਰ ਨੇ ਸਾਲ 1992 ਵਿਚ 73ਵੀਂ ਸੋਧ ਕੀਤੀ ਸੀ। ਇਹ ਸੋਧ ਪੰਚਾਇਤੀ ਰਾਜ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਲਈ ਸੀ। ਇਸ ਵਾਸਤੇ ਇੱਕ ਵਿਧੀ-ਵਿਧਾਨ ਬਣਾਇਆ ਗਿਆ ਸੀ। ਲੋਕਤੰਤਰੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵੱਲ ਇਹ ਵੱਡਾ ਕਦਮ ਸੀ। ਇਸ ਸੋਧ ਅਧੀਨ ਪੇਂਡੂ ਸਥਾਨਕ ਸਰਕਾਰਾਂ ਨੂੰ ਵੱਡੇ-ਵੱਡੇ ਕੰਮ ਸੌਂਪਣਾ ਮਿਥਿਆ ਗਿਆ ਸੀ ਤਾਂ ਕਿ ਪਿੰਡਾਂ ਦੀਆਂ ਇਹ ਸੰਸਥਾਵਾਂ, ਪਿੰਡਾਂ ਦੇ ਢਾਂਚੇ ਦੇ ਵਿਕਾਸ, ਲਈ ਕੰਮ ਕਰ ਸਕਣ। ਪਿੰਡਾਂ 'ਚ ਨੌਜਵਾਨਾਂ ਲਈ ਰੁਜ਼ਗਾਰ ਮੁਖੀ ਪੜ੍ਹਾਈ ਲਈ ਮਦਦ ਕਰ ਸਕਣ। ਪਿੰਡਾਂ ਦੀ ਸਫ਼ਾਈ, ਪਿੰਡਾਂ 'ਚ ਸਿਹਤ ਸਹੂਲਤਾਂ, ਇੱਥੋਂ ਤੱਕ ਕਿ ਪਿੰਡਾਂ 'ਚ ਪੜ੍ਹਾਈ ਦਾ ਯੋਗ ਪ੍ਰਬੰਧ ਕਰਨ ਲਈ ਮੋਹਰੀ ਰੋਲ ਅਦਾ ਕਰ ਸਕਣ। ਪਰ ਤੇਤੀ ਵਰ੍ਹੇ ਬੀਤਣ ਬਾਅਦ ਵੀ ਇਹ ਸੰਸਥਾਵਾਂ ਜਾਪਦਾ ਹੈ ਮਿੱਥੇ ਨਿਸ਼ਾਨਿਆਂ ਵੱਲ ਸਾਰਥਕ ਕਦਮ ਨਹੀਂ ਪੁੱਟ ਸਕੀਆਂ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਨ੍ਹਾਂ ਪੇਂਡੂ ਸਥਾਨਕ ਸਰਕਾਰਾਂ (ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ) ਨੂੰ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ ਅਤੇ ਤਤਕਾਲੀ ਸਰਕਾਰਾਂ ਦੀ ਸਿਰੇ ਦੀ ਦਖ਼ਲ-ਅੰਦਾਜੀ ਨੇ ਇਨ੍ਹਾਂ ਸੰਸਥਾਵਾਂ ਦਾ ਰੂਪ ਹੀ ਵਿਗਾੜ ਕੇ ਰੱਖ ਦਿੱਤਾ ਹੈ।

ਆਓ! ਵੇਖੀਏ, ਪੰਜਾਬ ਦੇ ਪੇਂਡੂ ਸਮਾਜ ਦੇ ਹਾਲਾਤ ਕਿਹੋ ਜਿਹੇ ਹਨ। ਪੇਂਡੂ ਸਮਾਜ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੈ। ਜਾਤ-ਬਰਾਦਰੀ ਦੇ ਨਾਮ 'ਤੇ ਵੰਡਿਆ ਪਿਆ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਦਾ ਨਾਸ ਮਾਰਿਆ ਹੋਇਆ ਹੈ। ਉਹ ਨਸ਼ਿਆਂ ਦੀ ਮਾਰ ਹੇਠ, ਗੈਂਗਸਟਰਾਂ ਦੇ ਪ੍ਰਭਾਵ ਹੇਠ ਅਤੇ ਸਿਆਸੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ 'ਚ ਫਸ ਕੇ ਪੰਜਾਬੀ ਸਮਾਜ ਦੀਆਂ ਅਸਲ ਕਦਰਾਂ-ਕੀਮਤਾਂ ਨੂੰ ਭੁਲਾ ਕੇ ਵੈਰ-ਵਿਰੋਧ, ਲੁੱਟ-ਖੋਹ ਕਰਨ ਜਿਹੇ ਕਾਰਿਆਂ ਵੱਲ ਰੁਚਿਤ ਹੋਏ ਵਿਖਾਈ ਦਿੰਦੇ ਹਨ। ਇਸ ਪੇਂਡੂ ਭੈੜੇ ਮਾਹੌਲ ਦਾ ਲਾਹਾ 'ਸਿਆਸੀ ਨੇਤਾ' ਚੁੱਕ ਰਹੇ ਹਨ, ਜਿਹੜੇ ਸਾਮ-ਦਾਮ-ਦੰਡ ਜਿਹੇ ਹਥਿਆਰਾਂ ਨਾਲ ਤਾਕਤ ਹਥਿਆ ਕੇ ਸੱਤ੍ਹਾ 'ਤੇ ਕਾਬਜ਼ ਹੋਣਾ ਆਪਣਾ ਆਖ਼ਰੀ ਨਿਸ਼ਾਨਾ ਮਿਥੀ ਬੈਠੇ ਹਨ, ਜਿਨ੍ਹਾਂ ਲਈ ਸਮਾਜਕ ਸਾਰੋਕਾਰ, ਭਾਈਚਾਰਾ, ਸਮਾਜ ਸੇਵਾ, ਮਨੁੱਖੀ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰੱਖਦੀਆਂ।

ਜਿਹੜੀ ਵੀ ਸਿਆਸੀ ਧਿਰ ਪੰਜਾਬ ਸੂਬੇ ਦੀ ਗੱਦੀ ਉੱਤੇ ਕਾਬਜ਼ ਹੋਈ, ਉਸ ਵੱਲੋਂ ਪੇਂਡੂ ਸਥਾਨਕ ਸਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੰਵਿਧਾਨ ਦੀ 73ਵੀਂ ਸੋਧ ਵਿਚ ਜਿਹੜੇ ਹੱਕ ਪੇਂਡੂ ਸੰਸਥਾਵਾਂ ਨੂੰ ਮਿਲੇ, ਉਨ੍ਹਾਂ ਨੂੰ ਆਪਣੇ ਸਰਕਾਰੀ ਨਿਯਮਾਂ, ਨੇਮਾਂ ਨਾਲ ਘਟਾਇਆ ਅਤੇ ਇਨ੍ਹਾਂ ਸੰਸਥਾਵਾਂ ਨੂੰ ਸਿਰਫ਼ ਸਰਕਾਰ ਉੱਤੇ ਨਿਰਭਰ ਹੋਣ 'ਤੇ ਮਜ਼ਬੂਰ ਕਰ ਦਿੱਤਾ।

ਪਿੰਡਾਂ ਦੀ ਸਭ ਤੋਂ ਪਹਿਲੀ ਸਥਾਨਕ ਇਕਾਈ ਗ੍ਰਾਮ ਸਭਾ ਹੈ। ਜਿਸ ਕੋਲ ਵੱਡੇ ਅਧਿਕਾਰ ਹਨ। ਇਹ ਪਿੰਡ ਦੇ ਵੋਟਰਾਂ ਦੀ ਸੰਸਥਾ ਹੈ। ਇਹ ਸੰਸਥਾ ਗ੍ਰਾਮ ਪੰਚਾਇਤ ਦੀ ਚੋਣ ਕਰਦੀ ਹੈ। ਇਹ ਗ੍ਰਾਮ ਸਭਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਚੁਣਦੀ ਹੈ। ਤਾਂ ਕਿ ਪਿੰਡਾਂ 'ਚ ਸਵੈ-ਸਾਸ਼ਨ ਪ੍ਰਣਾਲੀ ਲਾਗੂ ਹੋਵੇ ਅਤੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਕੰਮ ਵੀ ਇਨ੍ਹਾਂ ਸੰਸਥਾਵਾਂ ਕੋਲ ਹੈ। 73ਵੀਂ ਸੋਧ ਅਨੁਸਾਰ ਪੰਚਾਇਤਾਂ ਲਈ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਫੰਡ ਪ੍ਰਾਪਤ ਕਰਨ ਦਾ ਪ੍ਰਾਵਾਧਾਨ ਤਾਂ ਹੈ ਹੀ, ਕੇਂਦਰੀ ਸਪਾਂਸਰਡ ਸਕੀਮਾਂ ਨੂੰ ਲਾਗੂ ਕਰਨ ਲਈ ਫੰਡ ਵੀ ਇਨ੍ਹਾਂ ਸੰਸਥਾਵਾਂ ਲਈ ਉਪਲੱਬਧ ਹਨ ਅਤੇ ਰਾਜ ਸਰਕਾਰਾਂ ਵੱਲੋਂ ਰਾਜ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ 'ਤੇ ਫੰਡ ਵੀ ਇਨ੍ਹਾਂ ਸੰਸਥਾਵਾਂ ਲਈ ਮਿਲਦੇ ਹਨ।

73ਵੀਂ ਸੋਧ ਅਨੁਸਾਰ ਸਰਕਾਰ ਦੇ 29 ਵਿਭਾਗਾਂ ਦਾ ਕੰਮ-ਕਾਰ ਵੀ ਇਨ੍ਹਾਂ ਸੰਸਥਾਵਾਂ ਨੂੰ ਸੌਂਪਿਆ ਗਿਆ ਦੱਸਿਆ ਜਾਂਦਾ ਹੈ। ਇਸਦਾ ਪ੍ਰਬੰਧਨ ਜ਼ਿਲਾ ਪ੍ਰੀਸ਼ਦ ਰਾਹੀਂ ਕੀਤਾ ਜਾਣਾ ਮਿਥਿਆ ਗਿਆ ਹੈ।

> ***ਅੱਜ ਉਸ ਸਮੇਂ ਲੋੜ ਇਨ੍ਹਾਂ ਪੇਂਡੂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਵੱਧ ਦਿਸਦੀ ਹੈ, ਜਦੋਂ 'ਪੰਜਾਬ ਦਾ ਪਿੰਡ' ਵਧੇਰੇ ਸਮੱਸਿਆਵਾਂ ਦਾ ਟਾਕਰਾ ਕਰ ਰਿਹਾ ਹੈ। ਜਦ ਪਿੰਡ ਦਾ ਖੇਤ, ਘਰ, ਪ੍ਰਬੰਧ ਰਸਾਤਲ ਵੱਲ ਵਧ ਰਿਹਾ ਹੈ। ਇਹ ਤਦੇ ਸੰਭਵ ਹੋ ਸਕੇਗਾ ਜਦੋਂ ਇਹ ਚੋਣਾਂ ਤਣਾਅ ਰਹਿਤ ਅਜ਼ਾਦ ਹੋਣਗੀਆਂ ਅਤੇ ਚੋਣਾਂ ਉਪਰੰਤ ਸਥਾਨਕ ਸਰਕਾਰਾਂ ਨੂੰ ਉਪਰਲੀ, ਹੇਠਲੀ ਸਰਕਾਰ ਤੋਂ ਮੁਕਤੀ ਮਿਲੇਗੀ।***

ਪਰ ਆਓ ਵੇਖੀਏ ਅਸਲੀਅਤ ਕੀ ਹੈ। ਪਿੰਡ ਪੰਚਾਇਤਾਂ ਅਸਲ ਅਰਥਾਂ 'ਚ ਪੰਗੂ ਬਣਾ ਦਿੱਤੀਆਂ ਗਈਆਂ ਹਨ। ਪਿੰਡ ਪੰਚਾਇਤਾਂ ਦਾ ਸਾਰਾ ਕਾਰੋਬਾਰ ਅਤੇ ਵਿਕਾਸ ਕਾਰਜ ਅਸਿੱਧੇ ਤੌਰ 'ਤੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੇ ਹੱਥ ਕਰ ਦਿੱਤਾ ਹੋਇਆ ਹੈ। ਪਿੰਡ ਦਾ ਸਰਪੰਚ ਆਪਣੀ ਮਰਜ਼ੀ ਨਾਲ ਪੰਚਾਇਤ ਫੰਡ ਵਿਚੋਂ ਇੱਕ ਪੈਸਾ ਵੀ ਖ਼ਰਚਣ ਦਾ ਅਧਿਕਾਰੀ ਨਹੀਂ ਹੈ। ਪੰਚਾਇਤ ਸਕੱਤਰ, ਬਲਾਕ ਵਿਕਾਸ ਅਧਿਕਾਰੀ ਤੋਂ ਬਿਨ੍ਹਾਂ ਇੱਕ ਪੈਸਾ ਵੀ ਖ਼ਾਤੇ 'ਚੋਂ ਕੱਢਿਆ ਨਹੀਂ ਜਾ ਸਕਦਾ ਜਾਂ ਖ਼ਰਚਿਆ ਨਹੀਂ ਜਾ ਸਕਦਾ। ਉਹ ਵਿਅਕਤੀ ਜਿਸਨੂੰ ਸਮੁੱਚਾ ਪਿੰਡ ਵੋਟਾਂ ਪਾ ਕੇ ਚੁਣਦਾ ਹੈ, ਉਸ ਕੋਲ ਆਖ਼ਿਰ ਫਿਰ ਸ਼ਕਤੀ ਕਿਹੜੀ ਹੈ? ਇਹੋ ਹਾਲ ਪੰਚਾਇਤ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦਾ ਹੈ, ਜਿਨ੍ਹਾਂ ਦੀਆਂ ਸ਼ਕਤੀਆਂ ਅਫ਼ਸਰਸ਼ਾਹੀ ਅਤੇ ਹਾਕਮਾਂ ਨੇ ਆਪਣੇ ਲੜ ਬੰਨੀਆ ਹੋਈਆਂ ਹਨ। ਮੈਂਬਰ ਤਾਂ ਸਿਰਫ਼ ਮੀਟਿੰਗ ਦਾ 'ਏਜੰਡਾ' ਬਣਾ ਕੇ ਰੱਖ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਨ੍ਹਾਂ ਚੁਣੇ ਨੁਮਾਇੰਦਿਆਂ ਨੂੰ ਮਹੀਨਾ ਆਨਰੇਰੀਅਮ ਵੀ ਨਹੀਂ ਮਿਲਦਾ, ਜਿਵੇਂ ਕਾਰਪੋਰੇਸ਼ਨਾਂ ਦੇ ਮੈਂਬਰਾਂ ਨੂੰ ਮਿਲਦਾ ਹੈ।

ਇਹ ਸਪਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ 'ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਨ੍ਹਾਂ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡ ਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ 'ਤੇ ਕਾਬਜ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਭੁਗਤਾਣ ਲਈ ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਨ੍ਹਾਂ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ?

ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫ਼ੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ।

ਅੱਜ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁੱਲ੍ਹੇ ਹਸਪਤਾਲਾਂ 'ਚ ਸਟਾਫ਼ ਦੀ ਕਮੀ, ਦਵਾਈਆਂ ਦੀ ਘਾਟ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਹਨ। ਪੇਂਡੂ ਵਿਕਾਸ ਦੇ ਨਾਹਰੇ ਵੱਡੇ ਹਨ, ਪਰ ਉਨ੍ਹਾਂ ਦੇ ਪੱਲੇ ਕੁਝ ਪਾਇਆ ਨਹੀਂ ਜਾ ਰਿਹਾ। ਪਿੰਡਾਂ ਦੇ ਸੁਧਾਰ ਦਾ ਜ਼ੁੰਮਾ ਸਥਾਨਕ ਸਰਕਾਰ ਦਾ ਸੀ, ਪਰ ਇਨ੍ਹਾਂ ਕੋਲ ਇੰਨੀਆਂ ਸ਼ਕਤੀਆਂ ਹੀ ਨਹੀਂ ਰਹਿਣ ਦਿੱਤੀਆਂ, ਜਿਸ ਕਾਰਨ ਇਹ ਸੰਸਥਾਵਾਂ ਬਲਾਕ ਸੰਪਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਕਿਧਰੇ ਨਜ਼ਰ ਨਹੀਂ ਪੈਂਦੀਆਂ।

ਹਰ ਤਿਮਾਹੀ, ਛਿਮਾਹੀ ਪੰਜਾਬ ਚੋਣਾਂ 'ਚ ਝੋਕਿਆ ਜਾ ਰਿਹਾ ਹੈ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸਪਲ ਚੋਣਾਂ, ਕਦੇ ਕਿਸੇ ਹਲਕੇ ਦੀ ਉਪ ਚੋਣ ਅਤੇ ਜਿਸ ਢੰਗ ਨਾਲ ਇਹ ਚੋਣਾਂ ਕੀਤੀਆਂ-ਕਰਵਾਈਆਂ ਜਾਂਦੀਆਂ ਹਨ, ਇਨ੍ਹਾਂ ਪੰਚਾਇਤ ਅਤੇ ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵੇਲੇ ਵੀ ਇਨ੍ਹਾਂ ਉੱਤੇ ਵੱਡੇ ਸਵਾਲ ਖੜੇ ਹੋਏ। ਸਰਕਾਰ ਕਟਿਹਰੇ 'ਚ ਲੋਕਾਂ ਵੱਲੋਂ ਖੜੀ ਕੀਤੀ ਗਈ। ਉਸ ਵੱਲੋਂ ਪਿੰਡਾਂ 'ਚ ਆਪਣੇ ਬੰਦਿਆਂ ਰਾਹੀਂ ਸਰਪੰਚ-ਪੰਚ ਬਣਾਏ ਗਏ ਤਾਂ ਕਿ ਇੰਝ ਦਿਸੇ ਕਿ ਪਿੰਡਾਂ 'ਚ ਸਿਆਸੀ ਤਾਕਤ ਸਰਕਾਰ ਹੱਥ ਹੈ। ਧੜੇਬੰਦੀ, ਪੈਸੇ, ਧੱਕੇ ਧੌਂਸ ਦਾ ਪੂਰਾ ਬੋਲਬਾਲਾ ਦਿਸਿਆ। ਉਂਝ ਹਰੇਕ ਸਿਆਸੀ ਧਿਰ ਨੇ ਵੀ ਆਪਣੇ ਕਾਨੂੰਨੀ, ਗ਼ੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕੀਤੀ। ਹੁਣ ਇਹੋ ਵਰਤਾਰਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ 'ਚ ਵੇਖਣ ਨੂੰ ਮਿਲੇਗਾ। ਇਸ ਨਾਲ ਇਨ੍ਹਾਂ ਸਥਾਨਕ ਸਰਕਾਰਾਂ ਦੇ ਅਸਲ ਮੰਤਵ ਨੂੰ ਖੋਰਾ ਲੱਗੇਗਾ।

ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਸੰਸਥਾਵਾਂ ਨੂੰ ਤਕੜਿਆ ਕੀਤਾ ਜਾਵੇ। ਉਨ੍ਹਾਂ ਨੂੰ ਵੱਧ ਅਧਿਕਾਰੀ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਨ੍ਹਾਂ ਨੂੰ ਆਪ ਟੈਕਸ ਲਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਨ ਦਾ ਹੱਕ ਮਿਲੇ, ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਤੇ ਪੇਂਡੂ ਸੰਸਥਾਵਾਂ ਦੀ 'ਸਿਹਤ' ਠੀਕ ਹੋ ਸਕਦੀ ਹੈ।

ਅੱਜ ਉਸ ਸਮੇਂ ਲੋੜ ਇਨ੍ਹਾਂ ਪੇਂਡੂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਵੱਧ ਦਿਸਦੀ ਹੈ, ਜਦੋਂ 'ਪੰਜਾਬ ਦਾ ਪਿੰਡ' ਵਧੇਰੇ ਸਮੱਸਿਆਵਾਂ ਦਾ ਟਾਕਰਾ ਕਰ ਰਿਹਾ ਹੈ। ਜਦ ਪਿੰਡ ਦਾ ਖੇਤ, ਘਰ, ਪ੍ਰਬੰਧ ਰਸਾਤਲ ਵੱਲ ਵੱਧ ਰਿਹਾ ਹੈ। ਇਹ ਤਦੇ ਸੰਭਵ ਹੋ ਸਕੇਗਾ ਜਦੋਂ ਇਹ ਚੋਣਾਂ ਤਣਾਅ ਰਹਿਤ ਅਜ਼ਾਦ ਹੋਣਗੀਆਂ ਅਤੇ ਚੋਣਾਂ ਉਪਰੰਤ ਸਥਾਨਕ ਸਰਕਾਰਾਂ ਨੂੰ ਉਪਰਲੀ, ਹੇਠਲੀ ਸਰਕਾਰ ਤੋਂ ਮੁਕਤੀ ਮਿਲੇਗੀ।

ਸੰਵਿਧਾਨ ਦੇ ਆਰਟੀਕਲ-40 ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਮਿਲਿਆ ਹੈ ਅਤੇ ਅਧਿਕਾਰ ਸੂਬਾ ਸਰਕਾਰ, ਕੇਂਦਰ ਸਰਕਾਰ ਦੇ ਬਰਾਬਰ ਦੇ ਹਨ ਤਾਂ ਕਿ ਜ਼ਮੀਨੀ ਪੱਧਰ 'ਤੇ ਲੋਕਤੰਤਰੀ ਪ੍ਰੀਕਿਰਿਆ 'ਚ ਉਹ ਹਿੱਸੇਦਾਰ ਬਣਨ।

# ਜਦ ਬਸਤਰ 'ਨਕਸਲ-ਮੁਕਤ' ਹੋ ਜਾਵੇਗਾ ਤਾਂ ਕੀ ਹੋਵੇਗਾ?

***ਮੋਦੀ-ਅਮਿਤ ਸ਼ਾਹ ਸਰਕਾਰ ਵੱਲੋਂ ਭਾਰਤ ਨੂੰ 31 ਮਾਰਚ 2026 ਤੱਕ 'ਨਕਸਲ-ਮੁਕਤ' ਕਰਨ ਦੇ ਐਲਾਨ ਕੀਤੇ ਜਾ ਰਹੇ ਹਨ। ਜੰਗਲਾਂ ਵਿਚ ਮਾਓਵਾਦੀ ਲਹਿਰ ਦੀ ਮੌਜੂਦਗੀ ਹੁਕਮਰਾਨਾਂ ਦੀ ਜੰਗਲਾਂ-ਪਹਾੜਾਂ ਹੇਠਲੀ ਕੁਦਰਤੀ ਦੌਲਤ ਨੂੰ ਹਥਿਆਉਣ ਵਿਚ ਵੱਡਾ ਅੜਿੱਕਾ ਰਹੀ ਹੈ। ਬਰਤਾਨਵੀ ਬਸਤੀਵਾਦੀ ਰਾਜ ਦੇ ਸਮੇਂ ਤੋਂ ਹੀ ਕੁਦਰਤੀ ਵਸੀਲਿਆਂ ਉੱਪਰ ਕਬਜ਼ੇ ਨੂੰ ਲੈ ਕੇ ਸੱਤਾ ਅਤੇ ਆਦਿਵਾਸੀਆਂ ਦਰਮਿਆਨ ਸਖ਼ਤ ਸੰਘਰਸ਼ ਚੱਲਦਾ ਆ ਰਿਹਾ ਹੈ। ਉੱਥੇ ਮਾਓਵਾਦੀ ਲਹਿਰ ਦੇ ਕਮਜ਼ੋਰ ਹੋਣ ਤੋਂ ਬਾਅਦ ਉਨ੍ਹਾਂ ਜੰਗਲਾਂ-ਪਹਾੜਾਂ ਵਿਚ ਸਦੀਆਂ ਤੋਂ ਰਹਿ ਰਹੇ ਆਦਿਵਾਸੀ ਲੋਕਾਂ ਦਾ ਕੀ ਬਣੇਗਾ? ਇਨ੍ਹਾਂ ਸਵਾਲਾਂ ਦੀ ਚਰਚਾ ਸੰਤੋਸ਼ੀ ਮੜਕਾਮ ਨੇ ਆਪਣੀ ਇਸ ਵਿਸ਼ੇਸ਼ ਰਿਪੋਰਟ ਵਿਚ ਕੀਤੀ ਹੈ ਜਿਸਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥***

**ਸੰਤੋਸ਼ੀ ਮੜਕਾਮ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮਾਓਵਾਦੀ ਆਗੂ ਮਾੜਵੀ ਹਿੜਮਾ ਦੇ ਕਥਿਤ ਮੁਕਾਬਲੇ ਵਿਚ ਮਾਰੇ ਜਾਣ ਤੋਂ ਬਾਅਦ ਦੇਸ਼ ਭਰ ਵਿਚ ਕਈ ਤਰ੍ਹਾਂ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਮੀਡੀਆ ਅਤੇ ਸੋਸ਼ਲ ਮੀਡੀਆ ਹਿੜਮਾ ਨਾਲ ਜੁੜੀਆਂ ਖ਼ਬਰਾਂ ਨਾਲ ਭਰਿਆ ਪਿਆ













ਹੈ। ਇਕ ਪਾਸੇ ਜਿੱਥੇ ਸਰਕਾਰ ਅਤੇ ਮੀਡੀਆ ਦਾ ਇਕ ਵੱਡਾ ਤਬਕਾ ਉਨ੍ਹਾਂ ਨੂੰ ਖ਼ੂੰਖਾਰ ਨਕਸਲੀ ਦੱਸ ਰਿਹਾ ਹੈ, ਜਿਸ ਨੇ ਕਈ ਹਮਲਿਆਂ ਨੂੰ ਅੰਜਾਮ ਦਿੱਤਾ। ਉੱਥੇ ਹੀ, ਦੂਜੇ ਪਾਸੇ ਸੋਸ਼ਲ ਮੀਡੀਆ 'ਤੇ ਆਦਿਵਾਸੀ ਭਾਈਚਾਰਿਆਂ ਨਾਲ ਜੁੜੇ ਕਈ ਲੋਕ ਹਿੜਮਾ ਨੂੰ ਇਕ ਨਾਇਕ ਵਜੋਂ ਪੇਸ਼ ਕਰ ਰਹੇ ਹਨ—ਜੋ ਉਨ੍ਹਾਂ ਦੇ ਅਧਿਕਾਰਾਂ ਲਈ ਲੜਿਆ ਅਤੇ ਉਨ੍ਹਾਂ ਦੇ ਜਲ-ਜੰਗਲ-ਜ਼ਮੀਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

ਜਦੋਂ ਮਾਓਵਾਦੀਆਂ ਦੇ ਸਾਬਕਾ ਆਗੂ ਮੱਲੋਜੁਲਾ ਵੇਣੂਗੋਪਾਲ ਉਰਫ਼ ਸੋਨੂ ਅਤੇ ਵਾਸੁਦੇਵ ਰਾਓ ਉਰਫ਼ ਸਤੀਸ਼ ਨੇ ਸਰਕਾਰ ਦੇ ਸਾਹਮਣੇ ਹਥਿਆਰਾਂ ਸਮੇਤ ਆਤਮ-ਸਮਰਪਣ ਕੀਤਾ ਸੀ, ਉਦੋਂ ਵੀ ਇਹ ਸਵਾਲ ਉੱਠਿਆ ਸੀ ਕਿ ਉਹ ਅੱਗੇ ਜਿਸ ਰਾਹ 'ਤੇ ਚੱਲਣ ਦਾ ਦਾਅਵਾ ਕਰ ਰਹੇ ਹਨ, ਉਸ ਵਿਚ ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਦਾ ਮੁੱਦਾ ਹੋਵੇਗਾ ਜਾਂ ਨਹੀਂ? ਹਾਲਾਂਕਿ, ਹੁਣ ਤੱਕ ਇਸ ਉੱਪਰ ਨਾ ਤਾਂ ਕੋਈ ਸਪਸ਼ਟਤਾ ਮਿਲੀ ਹੈ, ਨਾ ਹੀ ਉਨ੍ਹਾਂ ਵੱਲੋਂ ਕੋਈ ਨਵਾਂ ਬਿਆਨ ਆਇਆ ਹੈ।

ਖ਼ੈਰ, ਸਰਕਾਰ ਨੇ ਮਾਓਵਾਦ ਦੇ ਖ਼ਾਤਮੇ ਲਈ 31 ਮਾਰਚ 2026 ਦੀ ਸਮਾਂ-ਸੀਮਾ ਤੈਅ ਕੀਤੀ ਹੈ। ਇਸ ਅਰਸੇ ਦੇ ਅੰਦਰ ਮਾਓਵਾਦ ਜਾਂ ਨਕਸਲਵਾਦ ਜਾਂ ਉਨ੍ਹਾਂ ਦੀ ਵਿਚਾਰਧਾਰਾ ਪੂਰੀ ਤਰ੍ਹਾਂ ਖ਼ਤਮ ਹੋਵੇਗੀ ਜਾਂ ਨਹੀਂ ਹੋਵੇਗੀ, ਇਹ ਤਾਂ ਭਵਿੱਖ ਹੀ ਦੱਸੇਗਾ। ਪਰ ਹੁਣ ਤੱਕ ਦੇ ਨਤੀਜਿਆਂ ਤੋਂ ਏਨਾ ਤਾਂ ਪਤਾ ਲੱਗਦਾ ਹੈ ਕਿ ਬਸਤਰ ਜਾਂ ਇੰਝ ਕਹਿ ਲਓ ਕਿ ਕੇਂਦਰੀ ਭਾਰਤ ਦੇ ਵਿਸ਼ਾਲ ਆਦਿਵਾਸੀ ਖ਼ਿੱਤੇ ਵਿਚ ਮਾਓਵਾਦੀ ਲਹਿਰ ਹੁਣ ਇਕ ਵੱਡੀ ਤਾਕਤ ਵਜੋਂ ਨਹੀਂ ਰਹਿ ਸਕੇਗੀ।

ਸਰਕਾਰ ਕਹਿ ਰਹੀ ਹੈ ਕਿ ਹੁਣ ਬਸਤਰ ਵਿਚ ਸ਼ਾਂਤੀ ਆਵੇਗੀ, ਵਿਕਾਸ ਦੀ ਰਫ਼ਤਾਰ ਵਧੇਗੀ, ਪਿੰਡ-ਪਿੰਡ ਵਿਚ ਬਿਜਲੀ, ਸਕੂਲ, ਸੜਕ, ਹਸਪਤਾਲ, ਮੋਬਾਈਲ ਟਾਵਰ ਵਰਗੀਆਂ ਸਾਰੀਆਂ ਸਹੂਲਤਾਂ ਆ ਜਾਣਗੀਆਂ। ਦੂਜੇ ਪਾਸੇ, ਆਦਿਵਾਸੀ ਸਮਾਜ ਦਾ ਇਕ ਤਬਕਾ ਇਸ ਗੱਲ ਨੂੰ ਲੈ ਕੇ ਚਿੰਤਤ ਅਤੇ ਸ਼ੱਕੀ ਹੈ ਕਿ ਉਨ੍ਹਾਂ ਦੇ ਸਰੋਤਾਂ ਦਾ ਹੁਣ ਕੀ ਹੋਵੇਗਾ। ਉਨ੍ਹਾਂ ਦੇ ਜਲ-ਜੰਗਲ-ਜ਼ਮੀਨ ਦੀ ਰੱਖਿਆ ਕਿਵੇਂ ਹੋਵੇਗੀ।

ਨਕਸਲ ਖ਼ਾਤਮੇ ਦੇ ਨਾਂ 'ਤੇ ਬਸਤਰ ਖੇਤਰ ਵਿਚ ਹੁਣ ਹਰ 3-5 ਕਿਲੋਮੀਟਰ 'ਤੇ ਇਕ ਪੁਲਿਸ ਜਾਂ ਨੀਮ-ਫ਼ੌਜੀ ਤਾਕਤਾਂ ਦਾ ਕੈਂਪ ਬਿਠਾਇਆ ਗਿਆ ਹੈ। ਅਜੇ ਵੀ ਲਗਾਤਾਰ ਨਵੇਂ-ਨਵੇਂ ਕੈਂਪ ਖੋਲ੍ਹੇ ਜਾ ਰਹੇ ਹਨ। ਇਨ੍ਹਾਂ ਹਾਲਾਤ ਵਿਚ, ਲੋਕਾਂ ਦੇ ਮਨ ਵਿਚ ਇਹ ਸੰਦੇਹ ਵੀ ਹੈ ਕਿ ਨਕਸਲਵਾਦ ਖ਼ਤਮ ਹੋਵੇਗਾ ਤਾਂ ਇਹ ਕੈਂਪ ਹਟਣਗੇ ਜਾਂ ਨਹੀਂ, ਅਤੇ ਜੇ ਨਹੀਂ ਹਟਦੇ ਤਾਂ ਆਪਣੇ ਸਰੋਤਾਂ ਨੂੰ ਬਚਾਉਣ ਲਈ ਕਾਨੂੰਨੀ ਅਤੇ ਸ਼ਾਂਤੀਪੂਰਨ ਅੰਦੋਲਨ ਕਰਨ ਦਾ ਮੌਕਾ ਮਿਲੇਗਾ ਜਾਂ ਨਹੀਂ।

ਅਣਵੰਡਿਆ ਬਸਤਰ ਖੇਤਰ, ਜੋ ਕੇਰਲ ਰਾਜ ਤੋਂ ਵੀ ਵੱਡਾ ਹੈ, ਉੱਚ ਕੋਟਿ ਦੇ ਕੱਚੇ ਲੋਹੇ, ਬਾਕਸਾਈਟ, ਟਿਨ, ਕੋਇਲਾ, ਕੋਰੰਡਮ, ਚੂਨਾ ਪੱਥਰ, ਗ੍ਰੇਨਾਈਟ ਵਰਗੇ ਕਈ ਖਣਿਜ ਦੌਲਤਾਂ ਨਾਲ ਭਰਪੂਰ ਹੈ। ਇਨ੍ਹਾਂ ਦੌਲਤਾਂ ਨੂੰ ਹੜੱਪਣ ਲਈ ਵੱਡੇ ਕਾਰਪੋਰੇਟ ਘਰਾਣੇ ਕਾਫ਼ੀ ਅਰਸੇ ਤੋਂ ਤਾਕ ਵਿਚ ਬੈਠੇ ਹਨ। ਪਿਛਲੇ ਕੁਝ ਸਮੇਂ ਤੋਂ ਖਾਣਾਂ ਤੇਜ਼ੀ ਨਾਲ ਖੁੱਲ੍ਹ ਰਹੀਆਂ ਹਨ, ਜਾਂ ਤਜਵੀਜ਼ਾਂ ਤਿਆਰ ਹਨ।

ਰਾਓਘਾਟ, ਆਮਦਾਈ ਵਰਗੀਆਂ ਥਾਵਾਂ 'ਤੇ ਖਾਣਾਂ ਕਾਰਨ ਸਥਾਨਕ ਲੋਕ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਲੋਕਾਂ ਨੂੰ ਡਰ ਹੈ ਕਿ ਇਹ ਸਿਲਸਿਲਾ ਹੁਣ ਹੋਰ ਵਧ ਸਕਦਾ ਹੈ। ਇਹ ਡਰ ਵੀ ਪੈਦਾ ਹੋ ਗਿਆ ਹੈ ਕਿ ਉਨ੍ਹਾਂ ਦੇ ਜਲ-ਜੰਗਲ-ਜ਼ਮੀਨ ਨੂੰ ਹੁਣ ਮਨਮਾਨੇ ਤਰੀਕੇ ਨਾਲ ਲੁੱਟਿਆ ਜਾਵੇਗਾ। ਅਤੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣਾ ਵੀ ਉਨ੍ਹਾਂ ਲਈ ਮੁਸ਼ਕਲ ਹੋ ਸਕਦਾ ਹੈ।

ਅਕਸਰ ਪੁੱਛਿਆ ਜਾਂਦਾ ਹੈ ਕਿ ਜਦੋਂ ਦੰਡਕਾਰਣੀਆ ਤੋਂ ਨਕਸਲੀਆਂ ਨੂੰ ਹਟਾ ਦਿੱਤਾ ਜਾਵੇਗਾ, ਇਸ ਬੀਹੜ ਜੰਗਲ ਦੀ ਕੀ ਤਸਵੀਰ ਬਣੇਗੀ? ਇਸ ਦਾ ਉੱਤਰ ਮਾਓਵਾਦ-ਪ੍ਰਭਾਵਿਤ ਗੜਚਿਰੌਲੀ ਜ਼ਿਲ੍ਹੇ ਵਿਚ ਵੇਖਿਆ ਜਾ ਸਕਦਾ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਜ਼ਿਲ੍ਹੇ ਵਿਚ ਜਿਵੇਂ-ਜਿਵੇਂ ਮਾਓਵਾਦੀ ਅੰਦੋਲਨ ਕਮਜ਼ੋਰ ਹੋ ਕੇ ਸਿਮਟਦਾ ਜਾ ਰਿਹਾ ਹੈ, ਮਹਾਰਾਸ਼ਟਰ ਸਰਕਾਰ ਨੇ ਖਾਣਾਂ ਅਤੇ ਉਦਯੋਗਾਂ ਨੂੰ ਵਧਾਉਣ ਦੀਆਂ ਪ੍ਰਕਿਰਿਆਵਾਂ ਤੇਜ਼ ਕਰ ਦਿੱਤੀਆਂ ਹਨ।

ਖਾਣ ਲਈ ਵੱਡੇ ਪੱਧਰ 'ਤੇ ਦਰੱਖ਼ਤਾਂ ਦੀ ਕਟਾਈ ਅਤੇ ਪਹਾੜਾਂ ਵਿਚ ਖਣਨ ਨਾਲ ਵਾਤਾਵਰਣ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਖਣਨ ਤੋਂ ਨਿਕਲਣ ਵਾਲੇ ਗੰਦੇ ਲਾਲ ਪਾਣੀ ਅਤੇ ਗੰਦੀ ਧੂੜ ਨਾਲ ਹਵਾ ਅਤੇ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਰਹੇ ਹਨ।

ਸਥਾਨਕ ਲੋਕਾਂ ਅਨੁਸਾਰ, ਖਣਨ ਦੀ ਵਜ੍ਹਾ ਨਾਲ ਆਦਿਵਾਸੀਆਂ ਦੀ ਰੋਜ਼ੀ-ਰੋਟੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਦੇ ਖੇਤ ਖਾਣ ਤੋਂ ਨਿਕਲਣ ਵਾਲੀ ਮਿੱਟੀ ਹੇਠ ਦੱਬ ਕੇ ਬੇਕਾਰ ਹੋ ਰਹੇ ਹਨ। ਉਸ ਵਿਚ ਹੁਣ ਫ਼ਸਲ ਮੁਸ਼ਕਲ ਨਾਲ ਉਗਦੀ ਹੈ। ਸਥਾਨਕ ਲੋਕ ਦੱਸਦੇ ਹਨ ਕਿ ਖਾਣ ਪੁੱਟੇ ਜਾਣ ਤੋਂ ਬਾਅਦ ਇਸ ਇਲਾਕੇ ਦੀਆਂ ਆਦਿਵਾਸੀ ਲੜਕੀਆਂ ਨਾਲ ਜਿਣਸੀ ਸ਼ੋਸ਼ਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਖਾਣਾਂ ਵਿਚ ਕੰਮ ਕਰਨ ਲਈ ਵੱਡੇ ਪੱਧਰ 'ਤੇ ਬਾਹਰੋਂ ਲੋਕ ਆਉਂਦੇ ਹਨ। ਇੱਥੋਂ ਦੀਆਂ ਔਰਤਾਂ ਉਨ੍ਹਾਂ ਦੇ ਘਰਾਂ ਵਿਚ ਬਰਤਨ, ਝਾੜੂ-ਪੋਚਾ ਵਰਗੇ ਕੰਮ ਕਰਨ ਲਈ ਜਾਂਦੀਆਂ ਹਨ, ਅਤੇ ਉਨ੍ਹਾਂ ਦਾ ਜਿਣਸੀ ਸ਼ੋਸ਼ਣ ਹੁੰਦਾ ਹੈ।

### 200 ਸਾਲਾਂ ਤੋਂ ਵੱਧ ਪੁਰਾਣਾ ਹੈ ਬਸਤਰ ਦਾ ਸੰਘਰਸ਼

ਦਰਅਸਲ ਬਸਤਰ ਵਿਚ ਸੰਘਰਸ਼ ਦੀ ਰਵਾਇਤ ਮਾਓਵਾਦ ਤੋਂ ਵੀ ਵੱਧ ਪੁਰਾਣੀ ਹੈ। ਬਸਤਰ ਵਿਚ ਮਾਓਵਾਦੀ ਲਹਿਰ ਪਿਛਲੇ ਸਾਢੇ ਚਾਰ ਦਹਾਕਿਆਂ ਤੋਂ ਚੱਲ ਰਹੀ ਹੈ, ਪਰ ਇੱਥੋਂ ਦੇ ਆਦਿਵਾਸੀਆਂ ਦੇ ਸੰਘਰਸ਼ ਦਾ ਇਤਿਹਾਸ ਤਾਂ ਪਿਛਲੇ 200 ਸਾਲਾਂ ਤੋਂ ਵੀ ਵੱਧ ਦਾ ਹੈ। ਇਸ ਧਰਤੀ 'ਤੇ ਸ਼ਾਸਨ-ਪ੍ਰਸ਼ਾਸਨ, ਕੁਦਰਤੀ ਵਸੀਲਿਆਂ, ਆਦਿਵਾਸੀ ਅਧਿਕਾਰਾਂ ਅਤੇ ਰਾਜਨੀਤਕ ਦਖ਼ਲ ਨੂੰ ਲੈ ਕੇ ਲਗਾਤਾਰ ਸੰਘਰਸ਼ ਹੁੰਦੇ ਰਹੇ ਹਨ।

ਬਸਤਰ ਵਿਚ ਮਰਾਠਾ ਰਾਜਿਆਂ ਦੇ ਖ਼ਿਲਾਫ਼ 1774-1779 ਵਿਚ ਆਦਿਵਾਸੀਆਂ ਨੇ ਹਥਿਆਰ ਚੁੱਕੇ ਸਨ, ਜਿਸ ਨੂੰ ਹਲਬਾ ਵਿਦ੍ਰੋਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਿਦ੍ਰੋਹ ਬਸਤਰ ਵਿਚ ਬਾਹਰੀ ਲੋਕਾਂ (ਮਰਾਠਿਆਂ) ਦੀ ਘੁਸਪੈਠ ਦੇ ਖ਼ਿਲਾਫ਼ ਸੀ। ਬਸਤਰ ਦੇ ਲਿਖਤੀ ਇਤਿਹਾਸ ਵਿਚ ਇਹੀ ਪਹਿਲਾ ਵੱਡਾ ਜਥੇਬੰਦ ਸੰਘਰਸ਼ ਹੋਣ ਦਾ ਸਬੂਤ ਮਿਲਦਾ ਹੈ।

ਇਸ ਤੋਂ ਬਾਅਦ ਅੰਗਰੇਜ਼ਾਂ ਨਾਲ ਗੰਢ-ਚਿਤਰਾਵਾ ਕਰਨ ਵਾਲੇ ਮਰਾਠਾ ਰਾਜਿਆਂ ਦੇ ਖ਼ਿਲਾਫ਼ 1825 ਵਿਚ, ਯਾਨੀ ਪਹਿਲੀ ਜੰਗੇ-ਆਜ਼ਾਦੀ ਤੋਂ ਤਿੰਨ ਦਹਾਕੇ ਪਹਿਲਾਂ ਹੀ, ਪਰਾਲਕੋਟ ਵਿਦ੍ਰੋਹ ਹੋਇਆ ਸੀ। ਇਸ ਵਿਦ੍ਰੋਹ ਦੀ ਅਗਵਾਈ ਉੱਥੋਂ ਦੇ ਸਥਾਨਕ ਆਦਿਵਾਸੀ ਜ਼ਮੀਂਦਾਰ ਗੇਂਦ ਸਿੰਘ ਨੇ ਕੀਤੀ ਸੀ। ਇਹ ਵਿਦ੍ਰੋਹ ਅਬੂਝਮਾੜ ਦੇ ਉੱਤਰੀ ਇਲਾਕੇ ਅਤੇ ਮੌਜੂਦਾ ਕਾਂਕੇਰ ਜ਼ਿਲ੍ਹੇ ਵਿਚ ਹੋਇਆ ਸੀ। ਅਪ੍ਰਤੱਖ ਰੂਪ ਵਿਚ ਹੀ ਸਹੀ, ਇਸ ਨੂੰ ਬਸਤਰ ਦੇ ਆਦਿਵਾਸੀ ਭਾਈਚਾਰੇ ਦਾ ਮੁੱਢਲਾ ਸੁਤੰਤਰਤਾ ਸੰਘਰਸ਼ ਮੰਨਿਆ ਜਾਣਾ ਚਾਹੀਦਾ ਹੈ।

ਜਦੋਂ ਅੰਗਰੇਜ਼ਾਂ ਵੱਲੋਂ ਰੇਲ ਲਾਈਨਾਂ ਵਿਛਾਉਣ ਵਿਚ ਵਰਤਣ ਲਈ ਵੱਡੇ ਪੱਧਰ 'ਤੇ ਸਾਲ ਦੇ ਦਰੱਖ਼ਤ ਵੱਢੇ ਜਾ ਰਹੇ ਸਨ ਤਾਂ ਬਸਤਰ ਦੇ ਆਦਿਵਾਸੀਆਂ ਨੇ 1859 ਵਿਚ ਵਿਦ੍ਰੋਹ ਕੀਤਾ ਸੀ, ਜਿਸ ਨੂੰ ਕੋਇਆ ਵਿਦ੍ਰੋਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਵਿਦ੍ਰੋਹ ਨੂੰ ਦਬਾਉਣ ਲਈ ਅੰਗਰੇਜ਼ ਹਕੂਮਤ ਨੇ ਫ਼ੌਜ ਭੇਜੀ ਸੀ।

ਉਸ ਤੋਂ ਬਾਅਦ ਜਦੋਂ 19ਵੀਂ ਸਦੀ ਵਿਚ ਬਰਤਾਨਵੀ ਹਕੂਮਤ ਨੇ ਬਸਤਰ ਦੇ ਜੰਗਲਾਂ 'ਤੇ ਕਾਨੂੰਨੀ ਤੌਰ 'ਤੇ ਕਬਜ਼ਾ ਕਰਨਾ ਸ਼ੁਰੂ ਕੀਤਾ, ਉਦੋਂ 1876-1877 ਵਿਚ ਇੱਥੋਂ ਦੇ ਆਦਿਵਾਸੀਆਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਹਥਿਆਰ ਚੁੱਕੇ ਸਨ। ਇਹ ਵਿਦ੍ਰੋਹ ਜ਼ਬਰਦਸਤੀ ਲਗਾਨ ਅਤੇ ਕਰ, ਜੰਗਲਾਂ 'ਤੇ ਕੰਟਰੋਲ ਕਰਨ ਵਾਲੇ ਬਰਤਾਨਵੀ ਕਾਨੂੰਨਾਂ, ਰਵਾਇਤੀ ਸਵੈਸ਼ਾਸਨ ਵਿਚ ਦਖ਼ਲਅੰਦਾਜ਼ੀ ਦੇ ਖ਼ਿਲਾਫ਼ ਹੋਇਆ ਸੀ, ਜਿਸ ਨੂੰ ਮੁੜੀਆ ਵਿਦ੍ਰੋਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸੰਘਰਸ਼ ਅਬੂਝਮਾੜ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੱਕ ਫੈਲਿਆ ਸੀ।

ਹਾਲਾਂਕਿ ਅੰਗਰੇਜ਼ ਹਕੂਮਤ ਨੇ ਇਸ ਨੂੰ ਛੇਤੀ ਹੀ ਦਬਾ ਦਿੱਤਾ। ਇਹ ਬਸਤਰ ਦੇ ਆਦਿਵਾਸੀ ਸੁਤੰਤਰਤਾ ਸੰਘਰਸ਼ ਵਿਚ ਇਕ ਮਹੱਤਵਪੂਰਨ ਅਧਿਆਏ ਬਣ ਗਿਆ।

ਇਸ ਤੋਂ ਬਾਅਦ ਆਉਂਦਾ ਹੈ 1910 ਦਾ ਭੂਮਕਾਲ ਵਿਦ੍ਰੋਹ, ਜਿਸ ਨੂੰ ਬਸਤਰ ਦਾ ਸਭ ਤੋਂ ਪ੍ਰਸਿੱਧ ਅਤੇ ਵਿਸ਼ਾਲ ਆਦਿਵਾਸੀ ਸੰਘਰਸ਼ ਹੋਣ ਦਾ ਮਾਣ ਹਾਸਲ ਹੈ। ਇਸ ਵਿਦ੍ਰੋਹ ਦੀ ਅਗਵਾਈ ਧੁਰਵਾ ਆਦਿਵਾਸੀ ਭਾਈਚਾਰੇ ਦੇ ਗੁੰਡਾਧੁਰ ਨੇ ਕੀਤੀ ਸੀ। ਭੂਮਕਾਲ ਵਿਦ੍ਰੋਹ ਅੰਗਰੇਜ਼ਾਂ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਅਤੇ ਉਨ੍ਹਾਂ ਦੀਆਂ ਅਨਿਆਂਕਾਰੀ ਨੀਤੀਆਂ ਦੇ ਖ਼ਿਲਾਫ਼ ਚੱਲਿਆ ਸੀ। ਅੰਗਰੇਜ਼ ਸਰਕਾਰ ਦੀਆਂ ਵਣ ਨੀਤੀਆਂ, ਬੇਗਾਰੀ ਪ੍ਰਥਾ (ਜ਼ਬਰਦਸਤੀ ਕੰਮ ਕਰਵਾਉਣਾ) ਅਤੇ ਆਦਿਵਾਸੀਆਂ ਨੂੰ ਉਨ੍ਹਾਂ ਦੇ ਜਲ, ਜੰਗਲ ਅਤੇ ਜ਼ਮੀਨ ਤੋਂ ਵਾਂਝੇ ਕਰਨਾ ਇਸ ਵਿਦ੍ਰੋਹ ਦੇ ਮੁੱਖ ਕਾਰਨ ਸਨ।

ਇਸ ਤੋਂ ਇਲਾਵਾ ਅੰਗਰੇਜ਼ੀ ਸਰਕਾਰ ਵੱਲੋਂ ਆਦਿਵਾਸੀ ਸੱਭਿਆਚਾਰ ਵਿਚ ਦਖ਼ਲ ਦੇਣਾ ਵੀ ਇਕ ਵਜ੍ਹਾ ਬਣੀ, ਜਿਸ ਵਿਚ ਮਾਂਝੀ-ਮੁਖੀਆ ਪਰੰਪਰਾ, ਗੋਟੁਲ ਵਿਵਸਥਾ, ਦੇਵਸਥਾਨ, ਦੇਵੀ-ਦੇਵਤਿਆਂ ਦੇ ਅਧਿਕਾਰਾਂ ਵਿਚ ਦਖ਼ਲਅੰਦਾਜ਼ੀ ਆਦਿ ਸ਼ਾਮਲ ਸਨ।

ਭੂਮਕਾਲ ਅੰਦੋਲਨ ਨੂੰ ਕੇਵਲ ਇਕ ਵਿਦ੍ਰੋਹ ਨਹੀਂ, ਬਲਕਿ ਬਸਤਰ ਦੀ ਸੱਭਿਆਚਾਰਕ-ਰਾਜਨੀਤਕ ਚੇਤਨਾ ਦਾ ਪੁਨਰਜਾਗਰਣ ਵੀ ਮੰਨਿਆ ਜਾਂਦਾ ਹੈ। ਇਹ ਅੰਦੋਲਨ ਪੂਰੇ ਬਸਤਰ ਰਾਜ (ਅੱਜ ਦੇ ਬਸਤਰ, ਦੰਤੇਵਾੜਾ, ਸੁਕਮਾ, ਕੋਂਟਾ, ਬੀਜਾਪੁਰ, ਕਾਂਕੇਰ, ਨਾਰਾਇਣਪੁਰ, ਕੋਂਡਾਗਾਓਂ ਜ਼ਿਲ੍ਹਿਆਂ) ਤੱਕ ਫੈਲ ਗਿਆ ਸੀ। ਇਸ ਨੂੰ ਕੇਂਦਰੀ ਭਾਰਤ ਦਾ ਸਭ ਤੋਂ ਵੱਡਾ ਆਦਿਵਾਸੀ ਵਿਦ੍ਰੋਹ ਵੀ ਮੰਨਿਆ ਜਾਂਦਾ ਹੈ।

ਆਜ਼ਾਦੀ ਤੋਂ ਬਾਅਦ ਬਸਤਰ ਵਿਚ ਸਮਾਜਿਕ, ਸੱਭਿਆਚਾਰਕ, ਆਦਿਵਾਸੀ ਅਧਿਕਾਰ, ਜੰਗਲ-ਜ਼ਮੀਨ ਦੇ ਅਧਿਕਾਰ ਅਤੇ ਵਸੀਲਿਆਂ ਨੂੰ ਲੈ ਕੇ ਛੋਟੇ-ਵੱਡੇ ਕਈ ਅੰਦੋਲਨ ਹੋਏ ਸਨ, ਜੋ ਅੱਜ ਵੀ ਚੱਲ ਰਹੇ ਹਨ। ਬਸਤਰ ਦੀ ਪਛਾਣ ਹੀ ਅਨਿਆਂ ਦਾ ਟਾਕਰਾ, ਰਵਾਇਤੀ ਸਵੈਸ਼ਾਸਨ ਅਤੇ ਵਸੀਲਿਆਂ ਉੱਪਰ ਅਧਿਕਾਰ ਦੀਆਂ ਲੜਾਈਆਂ ਨਾਲ ਜੁੜੀ ਹੈ।

1950 ਦੇ ਦਹਾਕੇ ਤੋਂ ਜ਼ਮੀਨ ਅਤੇ ਜੰਗਲ 'ਤੇ ਅਧਿਕਾਰ ਨੂੰ ਲੈ ਕੇ ਅੰਦੋਲਨ ਹੋਏ ਸਨ। ਇਸ ਦਾ ਮੁੱਖ ਕਾਰਨ ਸੰਵਿਧਾਨ ਲਾਗੂ ਹੋਣ ਤੋਂ ਬਾਅਦ 1956 ਵਿਚ ਪਾਸ ਕੀਤਾ ਭਾਰਤੀ ਵਣ ਐਕਟ ਸੀ। ਇਸ ਕਾਨੂੰਨ ਨਾਲ ਹੀ ਬਸਤਰ ਦੇ ਵਣਾਂ 'ਤੇ ਵਣ ਵਿਭਾਗ ਦਾ ਕੰਟਰੋਲ ਹੋ ਗਿਆ। ਦਰਅਸਲ ਇਹ ਕਾਨੂੰਨ ਅੰਗਰੇਜ਼ ਜ਼ਮਾਨੇ ਦੇ ਵਣ ਕਾਨੂੰਨ, 1927 ਦਾ ਹੀ ਵਿਸਤਾਰ ਸੀ। ਆਦਿਵਾਸੀ ਜੋ ਪਹਿਲਾਂ ਆਪਣੇ ਆਪ ਨੂੰ ਆਪਣੇ ਜੰਗਲ ਅਤੇ ਜ਼ਮੀਨ ਦੇ ਦਾਅਵੇਦਾਰ ਮੰਨਦੇ ਸਨ, ਇਸ ਕਾਨੂੰਨ ਨੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਆਪਣੇ ਹੀ ਜੰਗਲਾਂ ਵਿਚ ਬੇਗਾਨੇ ਜਾਂ ਚੋਰ ਬਣਾ ਦਿੱਤਾ।

1966 ਵਿਚ ਬਸਤਰ ਦੇ ਆਖ਼ਰੀ ਰਾਜਾ ਪ੍ਰਵੀਰ ਚੰਦਰ ਭੰਜਦੇਵ ਨੂੰ ਆਦਿਵਾਸੀ ਅਧਿਕਾਰਾਂ ਲਈ ਲੜਨ ਦੀ ਵਜ੍ਹਾ ਨਾਲ ਜਾਨ ਗਵਾਉਣੀ ਪਈ ਸੀ। 1950-60 ਦੇ ਦਹਾਕਿਆਂ ਵਿਚ ਜਿਉਂ-ਜਿਉਂ ਵਣ ਕਾਨੂੰਨ, ਰਾਜਕੀ ਨੀਤੀਆਂ ਅਤੇ ਬਾਹਰੀ ਠੇਕੇਦਾਰਾਂ ਦਾ ਦਬਦਬਾ ਵਧਣ ਲੱਗਾ, ਤਿਉਂ-ਤਿਉਂ ਆਦਿਵਾਸੀਆਂ ਦੇ ਆਪਣੇ ਜੰਗਲ-ਜ਼ਮੀਨ 'ਤੇ ਅਧਿਕਾਰ ਖੁੱਸਦੇ ਗਏ। ਅਜਿਹੇ ਸਮੇਂ ਵਿਚ ਪ੍ਰਵੀਰ ਚੰਦਰ ਭੰਜਦੇਵ ਨੇ ਆਦਿਵਾਸੀ ਸਮਾਜ ਦੇ ਪੱਖ ਵਿਚ ਆਵਾਜ਼ ਉਠਾਈ ਸੀ। ਸਰਕਾਰੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਸੀ।

25 ਮਾਰਚ, 1966 ਨੂੰ ਜਗਦਲਪੁਰ ਦੇ ਮਹਾਰਾਜਾ ਮਹਲ ਵਿਚ ਹੋਈ ਪੁਲਿਸ ਦੀ ਗੋਲੀਬਾਰੀ ਵਿਚ ਪ੍ਰਵੀਰ ਚੰਦਰ ਭੰਜਦੇਵ ਦੀ ਮੌਤ ਹੋ ਗਈ। ਸਰਕਾਰੀ ਤੌਰ 'ਤੇ ਇਸ ਨੂੰ ਪੁਲਿਸ ਕਾਰਵਾਈ ਕਿਹਾ ਗਿਆ, ਪਰ ਬਸਤਰ ਦੇ ਲੋਕਾਂ ਦੀ ਯਾਦ ਵਿਚ ਇਹ ਘਟਨਾ ਇਕ ਰਾਜਨੀਤਿਕ ਕਤਲ ਵਾਂਗ ਦਰਜ ਹੈ।

ਸ਼ਾਇਦ ਆਜ਼ਾਦ ਭਾਰਤ ਵਿਚ ਆਦਿਵਾਸੀਆਂ ਦੇ ਅਧਿਕਾਰਾਂ ਲਈ ਸੰਵਿਧਾਨਕ ਤਰੀਕੇ ਨਾਲ ਲੜਦੇ ਹੋਏ ਸੱਤਾ ਦੇ ਹੱਥੋਂ ਆਪਣੀ ਜਾਨ ਗਵਾਉਣ ਵਾਲੇ ਉਹ ਪਹਿਲੇ ਬਸਤਰਵਾਸੀ ਸਨ।ਇਸ ਤਰ੍ਹਾਂ ਬਸਤਰ ਵਿਚ ਆਦਿਵਾਸੀ ਅਧਿਕਾਰਾਂ ਲਈ ਆਵਾਜ਼ ਉਠਾਉਣ ਵਾਲੇ ਮਨੁੱਖੀ ਅਧਿਕਾਰ ਕਾਰਕੁਨਾਂ, ਆਦਿਵਾਸੀ ਕਾਰਕੁਨਾਂ 'ਤੇ ਸਰਕਾਰੀ ਹਿੰਸਾ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ।

1992 ਵਿਚ ਤਤਕਾਲੀ ਮੱਧ ਪ੍ਰਦੇਸ਼ ਸਰਕਾਰ ਜਦੋਂ ਬੈਲਾਡੀਲਾ ਵਿਚ ਡਿਪਾਜ਼ਿਟ ਨੰਬਰ 5 ਨੂੰ ਕਿਸੇ ਨਿੱਜੀ ਕੰਪਨੀ ਨੂੰ ਸੌਂਪਣਾ ਚਾਹ ਰਹੀ ਸੀ, ਤਾਂ ਆਦਿਵਾਸੀਆਂ ਨੇ ਵਿਰੋਧ ਕੀਤਾ। ਉਨ੍ਹਾਂ ਦੀ ਹਮਾਇਤ ਵਿਚ ਆਏ ਬਸਤਰ ਦੇ ਸਾਬਕਾ ਕੁਲੈਕਟਰ (ਡੀਸੀ) ਬੀਡੀ ਸ਼ਰਮਾ 'ਤੇ ਜਗਦਲਪੁਰ ਦੇ ਕੁਲੈਕਟਰ ਦਫ਼ਤਰ ਦੇ ਸਾਹਮਣੇ ਪੁਲਿਸ ਅਤੇ ਭਾਜਪਾ ਦੇ ਕਾਰਕੁਨਾਂ ਨੇ ਚੱਪਲਾਂ ਦਾ ਹਾਰ ਪਾ ਕੇ ਉਨ੍ਹਾਂ ਨੂੰ ਅਪਮਾਨਿਤ ਕੀਤਾ ਸੀ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਜੀਪ ਵਿਚ ਸੁੱਟ ਕੇ ਹਿਰਾਸਤ ਵਿਚ ਲੈ ਲਿਆ ਗਿਆ ਸੀ।

ਇਸ ਤੋਂ ਦੋ ਦਹਾਕੇ ਬਾਅਦ ਅਪ੍ਰੈਲ 2011 ਵਿਚ ਸਲਵਾ ਜੁਡਮ ਦੇ ਹਜੂਮਾਂ ਅਤੇ ਪੁਲਿਸ ਬਲਾਂ ਵੱਲੋਂ ਟਾਡਮੇਟਲਾ, ਤਿਮਮਾਪੁਰਮ ਅਤੇ ਮੋਰਪੱਲੀ—ਇਨ੍ਹਾਂ ਤਿੰਨ ਪਿੰਡਾਂ ਨੂੰ ਸਾੜੇ ਜਾਣ ਦੇ ਦੋਸ਼ ਸਾਹਮਣੇ ਆਏ ਸਨ, ਉਦੋਂ ਉਸ ਦੀ ਮੌਕੇ

*(ਬਾਕੀ ਅਗਲੇ ਸਫੇ 'ਤੇ)*

# ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਮਹੂਰੀ ਫਰੰਟ ਵੱਲੋਂ ਜਲੰਧਰ 'ਚ ਕਨਵੈਨਸ਼ਨ ਤੇ ਮੁਜ਼ਾਹਰਾ

## ਮੁਜ਼ਾਹਰੇ 'ਚ ਗੂੰਜੇ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾ ਕਰਨ ਦੇ ਨਾਅਰੇ

*** ਸੱਤਾ ਕੋਲ ਜਾਬਰ ਤਾਕਤ ਜ਼ਰੂਰ ਹੈ ਪਰ ਅਖ਼ੀਰ ਵਿਚ ਜਿੱਤ ਸੱਚ ਦੀ ਹੋਵੇਗੀ: ਨਦੀਮ ਖ਼ਾਨ**

7 ਦਸੰਬਰ ਨੂੰ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ ਆਦਿਵਾਸੀਆਂ ਤੇ ਮਾਓਵਾਦੀ ਇਨਕਲਾਬੀਆਂ ਦੇ ਕਰੂਰ ਕਤਲੇਆਮ ਵਿਰੁੱਧ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਇਸ ਤੋਂ ਪਹਿਲਾਂ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਖੇ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਯਸ਼ਪਾਲ ਅਤੇ ਬੂਟਾ ਸਿੰਘ ਮਹਿਮੂਦਪੁਰ ਦੀ ਪ੍ਰਧਾਨਗੀ ਹੇਠ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਸੂਬਾਈ ਕਨਵੈਨਸ਼ਨ ਕੀਤੀ ਗਈ। ਜਿਸ ਵਿਚ ਪੰਜਾਬ ਭਰ ਤੋਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ, ਤਰਕਸ਼ੀਲ, ਜਮਹੂਰੀ ਹੱਕਾਂ ਦੇ ਝੰਡਾਬਰਦਾਰ, ਲੋਕ ਪੱਖੀ ਲੇਖਕ, ਸਾਹਿਤਕਾਰ, ਕਲਾਕਾਰ-ਰੰਗਕਰਮੀ ਪਹੁੰਚੇ।

ਇਸ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਨਾਮਵਰ ਕਾਰਕੁਨ ਨਦੀਮ ਖ਼ਾਨ, ਉੱਘੇ ਪੱਤਰਕਾਰ ਪ੍ਰਸ਼ਾਂਤ ਰਾਹੀ, ਕਾਰਕੁਨ ਆਸਿਫ਼ ਇਕਬਾਲ ਤਨਹਾ ਅਤੇ ਜਾਣੀ ਪਹਿਚਾਣੀ ਜਮਹੂਰੀ ਸ਼ਖ਼ਸੀਅਤ ਤੇ ਉੱਘੇ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਧੀ ਡਾ. ਨਵਸ਼ਰਨ ਨੇ ਕਿਹਾ ਕਿ ਭਾਰਤੀ ਰਾਜ ਵੱਲੋਂ ਕਰੂਰ ਕਤਲੇਆਮ, ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਵੱਲੋਂ 'ਆਤਮ ਸਮਰਪਣ ਕਰਨ ਜਾਂ ਮਰਨ ਲਈ ਤਿਆਰ ਰਹਿਣ' ਦੇ ਵਾਰ-ਵਾਰ ਐਲਾਨ ਗੰਭੀਰ ਚਿੰਤਾ ਦਾ ਵਿਸ਼ਾ ਹਨ। ਭਾਰਤੀ ਹੁਕਮਰਾਨਾਂ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਵਿਆਪਕ ਨੀਮ-ਫ਼ੌਜੀ ਅਪਰੇਸ਼ਨਾਂ ਦਾ ਇੱਕੋ-ਇਕ ਮਨੋਰਥ ਦੇਸ਼ ਦੇ ਜਲ-ਜੰਗਲ-ਜ਼ਮੀਨਾਂ ਤੇ ਖਣਿਜ ਭੰਡਾਰ ਵਿਦੇਸ਼ੀ ਤੇ ਦੇਸੀ ਇਜਾਰੇਦਾਰ ਸਰਮਾਏਦਾਰਾਂ ਨੂੰ ਲੁਟਾਉਣਾ ਹੈ। ਸਾਰੇ ਜਮਹੂਰੀ ਤੇ ਮਨੁੱਖੀ ਤਕਾਜ਼ਿਆਂ ਨੂੰ ਤਿਆਗ ਕੇ ਡਰੋਨਾਂ, ਹੈਲੀਕਾਪਟਰਾਂ ਦੀ ਮਦਦ ਨਾਲ ਬਦਰੇਗ ਕਤਲੇਆਮ ਕਰਕੇ ਮੋਦੀ ਸਰਕਾਰ ਇਹ ਜੰਗਲ-ਪਹਾੜ ਅਜਾਰੇਦਾਰ ਸਰਮਾਏਦਾਰਾਂ ਦੇ ਧਾੜਵੀ ਖਣਨ ਪ੍ਰੋਜੈਕਟਾਂ ਦੇ ਹਵਾਲੇ ਕਰਨ ਲਈ ਬਜ਼ਿੱਦ ਹੈ। ਵੱਡੇ ਕਾਰਪੋਰੇਟਾਂ ਦੀ ਲਾਲਚੀ ਅੱਖ ਪੂਰੇ ਦੇਸ਼ ਦੇ ਖੇਤੀ ਅਤੇ ਖਣਿਜ ਭੰਡਾਰਾਂ ਉੱਪਰ ਹੈ ਅਤੇ ਜੇਕਰ ਭਾਰਤ ਦੇ ਮਿਹਨਤਕਸ਼ ਲੋਕ ਜਾਗਰੂਕ ਹੋ ਕੇ ਇਸ ਹਮਲੇ ਨੂੰ ਠੱਲ੍ਹ ਨਹੀਂ ਪਾਉਂਦੇ ਤਾਂ ਦੇਰ-ਸਵੇਰ ਪੂਰੇ ਭਾਰਤ ਦੇ ਲੋਕ ਇਸ ਖ਼ੂਨੀ ਹਮਲੇ ਦਾ ਨਿਸ਼ਾਨਾ ਬਣਨਗੇ। ਆਦਿਵਾਸੀ ਖੇਤਰਾਂ ਵਿਚ ਫਾਸ਼ੀ ਕਹਿਰ ਢਾਹੁਣ ਦੇ ਇਸ ਸਿਲਸਿਲੇ ਨੇ ਕਾਰਪੋਰੇਟ ਜਗਤ ਦੀ ਸੇਵਾ ਲਈ ਪੰਜਾਬ ਵਰਗੇ ਖੇਤਰਾਂ ਵਿਚ ਵੀ ਲੋਕ ਸੰਘਰਸ਼ਾਂ ਨੂੰ ਇਸੇ ਤਰ੍ਹਾਂ ਦਬਾਉਣਾ ਹੈ।









ਬੁਲਾਰਿਆਂ ਨੇ ਕਿਹਾ ਕਿ ਸਰਕਾਰ ਦੀ ਆਪਣੇ ਹੀ ਲੋਕਾਂ ਵਿਰੁੱਧ ਕਾਰਪੋਰੇਟ ਹਿਤੈਸ਼ੀ ਜੰਗ ਅਤੇ ਆਰਐੱਸਐੱਸ-ਭਾਜਪਾ ਦੀ ਫਿਰਕੂ ਪਾਟਕਪਾਊ ਸਿਆਸਤ ਦਾ ਵਿਰੋਧ ਕਰਨ ਵਾਲੇ ਲੋਕ-ਪੱਖੀ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸਾੜਿਆ ਜਾ ਰਿਹਾ ਹੈ ਅਤੇ ਹੋਰ ਲੋਕ ਜਮਹੂਰੀ ਕਾਰਕੁਨਾਂ ਨੂੰ ਜੇਲ੍ਹਾਂ 'ਚ ਡੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਐਡਵੋਕੇਟ ਸੁਰਿੰਦਰ ਗਾਡਲਿੰਗ, ਕਬੀਰ ਕਲਾ ਮੰਚ ਦੇ ਕਲਾਕਾਰਾਂ, ਉੱਘੇ ਚਿੰਤਕ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫ਼ਾਤਿਮਾ ਸਮੇਤ ਦਰਜਨਾਂ ਜਮਹੂਰੀ ਲੋਕ 'ਸ਼ਹਿਰੀ ਨਕਸਲੀ' ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕੇ ਹੋਏ ਹਨ। ਅਦਾਲਤਾਂ ਦੀ ਉਦਾਸੀਨਤਾ ਕਾਰਨ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਸੈਂਕੜੇ ਕੈਦੀ ਜੇਲ੍ਹਾਂ ਵਿਚ ਸੜ ਰਹੇ ਹਨ। ਬੁਲਾਰਿਆਂ ਨੇ ਸਮੂਹ ਲੋਕ-ਪੱਖੀ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਅਤੇ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਮਜ਼ਬੂਤ ਜਮਹੂਰੀ ਲਹਿਰ ਖੜ੍ਹੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸੱਤਾ ਕੋਲ ਜਾਬਰ ਤਾਕਤ ਜ਼ਰੂਰ ਹੈ ਪਰ ਅਖ਼ੀਰ ਵਿਚ ਜਿੱਤ ਸੱਚ ਦੀ ਹੋਵੇਗੀ।

ਇਕੱਠ ਵਿਚ ਜਸਵਿੰਦਰ ਫਗਵਾੜਾ ਵੱਲੋਂ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ ਗਈ ਅਤੇ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ 'ਓਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਿਸ ਮੁਕਾਬਲਿਆਂ ਸਮੇਤ ਹਰ ਤਰ੍ਹਾਂ ਦੇ ਜਬਰ-ਜ਼ੁਲਮ ਫੌਰੀ ਰੋਕੇ ਜਾਣ, ਉੱਥੋਂ ਸਾਰੇ ਪੁਲਿਸ ਕੈਂਪ ਹਟਾਏ ਜਾਣ ਅਤੇ ਪੁਲਿਸ ਤੇ ਨੀਮ-ਫ਼ੌਜੀ ਬਲ ਵਾਪਸ ਬੁਲਾਏ ਜਾਣ, ਜਲ-ਜੰਗਲ-ਜ਼ਮੀਨ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ ਅਤੇ ਲੋਕ ਵਿਰੋਧੀ ਆਰਥਕ ਮਾਡਲ ਰੱਦ ਕੀਤਾ ਜਾਵੇ, ਆਦਿਵਾਸੀਆਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ, ਮਜ਼ਦੂਰ ਵਿਰੋਧੀ ਕਿਰਤ ਕੋਡ, ਯੂਏਪੀਏ, ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ, ਦਿੱਲੀ ਹਿੰਸਾ, ਭੀਮਾ-ਕੋਰੇਗਾਓਂ ਆਦਿ ਝੂਠੇ ਸਾਜ਼ਿਸ਼ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ, ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਜੇਲ੍ਹੀਂ ਡੱਕੇ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਏ, ਨਿੱਜੀਕਰਨ ਬੰਦ ਕੀਤਾ ਜਾਵੇ ਅਤੇ ਨੌਕਰੀ ਤੋਂ ਮੁਅੱਤਲ ਕੀਤੇ ਰੋਡਵੇਜ਼ ਮੁਲਾਜ਼ਮਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ; ਲੋਕਾਂ ਦਾ ਸੰਘਰਸ਼ ਅਤੇ ਜਥੇਬੰਦੀਆਂ ਬਣਾਉਣ ਦਾ ਬੁਨਿਆਦੀ ਜਮਹੂਰੀ ਹੱਕ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ। ਮੁੱਖ ਵਕਤਾਵਾਂ ਨੂੰ ਪੁਸਤਕਾਂ ਅਤੇ ਗ਼ਦਰੀ ਗੁਲਾਬ ਕੌਰ ਦਾ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਫਰੰਟ ਦੀ ਸੂਬਾ ਕਮੇਟੀ ਦੇ ਨਾਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਮੰਚ 'ਤੇ ਸੁਸ਼ੋਭਿਤ ਸਨ। ਇਨਕਲਾਬੀ ਗਾਇਕਾਂ ਗੁਰਮੀਤ ਜੱਜ, ਧਰਮਿੰਦਰ ਮਸਾਣੀ ਵੱਲੋਂ ਗੀਤ ਪੇਸ਼ ਕੀਤੇ ਗਏ। ਚਾਹ-ਪਾਣੀ ਦੇ ਲੰਗਰ ਦਾ ਪ੍ਰਬੰਧ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੀਤਾ ਗਿਆ। ***-ਬੂਟਾ ਸਿੰਘ ਮਹਿਮੂਦਪੁਰ***

---

***(ਪਿਛਲੇ ਸਫੇ ਦਾ ਬਾਕੀ)***

'ਤੇ ਜਾਂਚ ਕਰਨ ਗਏ ਸਵਾਮੀ ਅਗਨੀਵੇਸ਼ ਨੂੰ ਦੋਰਨਾਪਾਲ ਦੇ ਨੇੜੇ ਰੋਕ ਕੇ ਕੁੱਟ-ਮਾਰ ਕੀਤੀ ਗਈ ਸੀ।

ਬਸਤਰ ਵਿਚ ਹੋ ਰਹੀ ਮਾਨਵ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ 'ਤੇ ਨਿਧੜਕ ਆਵਾਜ਼ ਉਠਾਉਣ ਵਾਲੀ ਕਾਰਕੁਨ ਸੋਨੀ ਸੋਰੀ ਨੂੰ ਵੀ 2011 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਪੁਲਿਸ ਹਿਰਾਸਤ ਵਿਚ ਉਸ ਨੂੰ ਕਰੂਰਤਾ ਨਾਲ ਤਸੀਹੇ ਦਿੱਤੇ ਜਾਣ ਦੇ ਦੋਸ਼ ਲੱਗੇ ਸਨ। ਸੁਪਰੀਮ ਕੋਰਟ ਨੂੰ ਵੀ ਇਸ ਵਿਚ ਦਖ਼ਲ ਦੇਣਾ ਪਿਆ ਸੀ। ਫਿਰ 2012 ਵਿਚ ਉਸ ਉੱਪਰ ਤੇਜ਼ਾਬ ਸੁੱਟ ਕੇ ਹਮਲਾ ਵੀ ਕੀਤਾ ਗਿਆ ਸੀ, ਜਿਸ ਲਈ ਸੋਨੀ ਨੇ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

ਅਕਤੂਬਰ 2024 ਵਿਚ ਸਰਕਾਰ ਨੇ ਆਦਿਵਾਸੀ ਅਧਿਕਾਰਾਂ ਲਈ ਸੰਵਿਧਾਨਕ ਤਰੀਕੇ ਨਾਲ ਸੰਘਰਸ਼ ਕਰ ਰਹੇ 'ਮੂਲਵਾਸੀ ਬਚਾਓ ਮੰਚ' 'ਤੇ ਪਾਬੰਦੀ ਲਾ ਦਿੱਤੀ ਅਤੇ ਮੰਚ ਦੇ ਪ੍ਰਧਾਨ ਰਘੂ ਮਿੜਆਮੀ ਸਮੇਤ ਕਈ ਕਾਰਕੁਨਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ, ਜੋ ਅਜੇ ਵੀ ਜੇਲ੍ਹ ਵਿਚ ਹਨ।

ਸਰਕਾਰ ਵੱਲੋਂ 30 ਅਕਤੂਬਰ, 2024 ਨੂੰ ਜਾਰੀ ਕੀਤੇ ਸਰਕਾਰੀ ਫ਼ੁਰਮਾਨ ਵਿਚ ਕਿਹਾ ਗਿਆ ਸੀ ਕਿ ਇਹ ਗ਼ੈਰਕਾਨੂੰਨੀ ਅਤੇ ਵਿਕਾਸ ਵਿਰੋਧੀ ਜਥੇਬੰਦੀ ਹੈ। ਹੁਕਮ ਵਿਚ ਕਿਹਾ ਗਿਆ ਹੈ ਕਿ ਇਹ ਜਥੇਬੰਦੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਮਾਓਵਾਦ ਪ੍ਰਭਾਵਿਤ ਖੇਤਰਾਂ ਵਿਚ ਚਲਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਇਨ੍ਹਾਂ ਦੇ ਸੰਚਾਲਨ ਲਈ ਸਥਾਪਿਤ ਕੀਤੇ ਜਾ ਰਹੇ ਪੁਲਿਸ ਕੈਂਪਾਂ ਦਾ ਵਿਰੋਧ ਕਰ ਰਹੀ ਹੈ ਅਤੇ ਜਨਤਾ ਨੂੰ ਭੜਕਾ ਰਹੀ ਹੈ।

### ਧੱਕੇ ਨਾਲ ਜ਼ਮੀਨ-ਗ੍ਰਹਿਣ ਅਤੇ ਉਜਾੜੇ ਵਿਰੁੱਧ ਅੰਦੋਲਨ

ਇਨ੍ਹਾਂ ਜਨਤਕ ਅੰਦੋਲਨਾਂ ਦੇ ਦਰਮਿਆਨ 1960 ਦੇ ਦਹਾਕੇ ਵਿਚ ਬੈਲਾਡੀਲਾ ਲੋਹਾ ਖਾਣ ਦੇ ਖ਼ਿਲਾਫ਼ ਲੋਕਾਂ ਨੇ ਅੰਦੋਲਨ ਕੀਤਾ ਸੀ। ਇਸ ਪ੍ਰੋਜੈਕਟ ਦੇ ਪਹਿਲੇ ਪੜਾਅ ਵਿਚ ਟਿੰਡੇਪਾਰ, ਕਰਕਾਟੋਲਾ, ਬਚੇਲੀ, ਕਿਰੰਦੁਲ ਵਰਗੇ ਪਿੰਡਾਂ ਦੇ ਆਲੇ-ਦੁਆਲੇ ਵੱਡੇ ਪੱਧਰ 'ਤੇ ਜੰਗਲ ਕੱਟੇ ਗਏ ਸਨ ਅਤੇ ਜ਼ਮੀਨ ਐਕਵਾਇਰ ਕੀਤੀ ਗਈ ਸੀ। 1970 ਦੇ ਦਹਾਕੇ ਵਿਚ ਵੀ ਲਗਾਤਾਰ ਵਿਰੋਧ ਪ੍ਰਦਰਸ਼ਨ ਹੁੰਦੇ ਰਹੇ। ਅੱਜ ਵੀ ਉਸ ਦੇ ਵਿਸਤਾਰ ਨੂੰ ਲੈ ਕੇ ਉੱਥੇ ਦੇ ਆਦਿਵਾਸੀ ਅਤੇ ਸਥਾਨਕ ਲੋਕ ਅੰਦੋਲਨ ਕਰ ਹੀ ਰਹੇ ਹਨ।

ਕਾਂਕੇਰ ਜ਼ਿਲ੍ਹੇ, ਕੇਸ਼ਕਾਲ ਖੇਤਰ ਦੇ ਕੁਵੈਮਾਰੀ ਵਿਚ ਬਾਕਸਾਈਟ ਖਾਣ ਪੁੱਟਣ ਦੀ ਤਜਵੀਜ਼ ਸਭ ਤੋਂ ਪਹਿਲਾਂ 1980 ਦੇ ਦਹਾਕੇ ਵਿਚ ਲਿਆਂਦੀ ਗਈ ਸੀ। ਉਸ ਤਜਵੀਜ਼ਤ ਖਾਣ ਨਾਲ ਦਰਜਨਾਂ ਪਿੰਡ ਪ੍ਰਭਾਵਿਤ ਹੋਣੇ ਸਨ। ਇਸ ਲਈ ਲੋਕ ਜਥੇਬੰਦ ਹੋਏ ਅਤੇ ਉਨ੍ਹਾਂ ਨੇ ਅੰਦੋਲਨ ਦਾ ਰਾਹ ਅਪਣਾਇਆ, ਜਿਸ ਕਰਕੇ ਉਹ ਖਾਣ ਫਿਰ ਕਦੇ ਸ਼ੁਰੂ ਨਾ ਹੋ ਸਕੀ।

ਇਸੇ ਤਰ੍ਹਾਂ 1970 ਦੇ ਦਹਾਕੇ ਤੋਂ ਬੋਧਘਾਟ ਬਹੁਮੰਤਵੀ ਪ੍ਰੋਜੈਕਟ ਦੱਖਣੀ ਬਸਤਰ (ਦੰਤੇਵਾੜਾ-ਬੀਜਾਪੁਰ) ਵਿਚ ਇੰਦ੍ਰਾਵਤੀ ਨਦੀ 'ਤੇ ਤਜਵੀਜ਼ ਕੀਤਾ ਗਿਆ ਸੀ। ਸਰਕਾਰ ਦੇ ਮੁੱਢਲੇ ਅੰਦਾਜ਼ੇ ਅਨੁਸਾਰ, ਇਸ ਪ੍ਰੋਜੈਕਟ ਲਈ 13,783 ਹੈਕਟੇਅਰ ਜ਼ਮੀਨ ਦੀ ਲੋੜ ਹੋਵੇਗੀ ਅਤੇ 28 ਪਿੰਡ ਪੂਰੀ ਤਰ੍ਹਾਂ ਡੁੱਬ ਜਾਣਗੇ ਅਤੇ 14 ਪਿੰਡ ਅੰਸ਼ਕ ਤੌਰ 'ਤੇ ਪ੍ਰਭਾਵਿਤ ਹੋਣਗੇ। 2,000 ਤੋਂ ਵੱਧ ਪਰਿਵਾਰ ਬੇਘਰ ਹੋ ਜਾਣਗੇ। ਇਸ ਲਈ ਸਥਾਨਕ ਲੋਕਾਂ ਨੇ ਇਸ ਦਾ ਵਿਰੋਧ ਕੀਤਾ।

ਇਸ ਤੋਂ ਇਲਾਵਾ, ਵੱਡਾ ਡੈਮ ਹੋਣ ਕਾਰਨ ਇਸ ਨਾਲ ਵਾਤਾਵਰਣ ਨੂੰ ਭਾਰੀ ਨੁਕਸਾਨ ਹੋਣਾ ਸੀ। 1979 ਦੇ ਨੇੜੇ-ਤੇੜੇ ਹੋਏ ਮੁੱਢਲੇ ਸਰਵੇਖਣ ਦੌਰਾਨ ਆਦਿਵਾਸੀ ਸਮਾਜ ਨੇ ਤਿੱਖਾ ਵਿਰੋਧ ਕੀਤਾ ਸੀ। ਬਾਅਦ ਵਿਚ 1985-1995 ਦੇ ਦਰਮਿਆਨ ਇਸ ਨੂੰ ਮੁੜ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤਾਂ ਗ੍ਰਾਮ ਸਭਾਵਾਂ ਰਾਹੀਂ ਲੋਕਾਂ ਨੇ ਵਿਰੋਧ ਕਰਨਾ ਸ਼ੁਰੂ ਕੀਤਾ। ਸਰਵੇਖਣ ਟੀਮਾਂ ਨੂੰ ਪਿੰਡਾਂ ਵਿਚ ਵੜਨ ਨਹੀਂ ਦਿੱਤਾ ਗਿਆ।

ਉਸ ਤੋਂ ਬਾਅਦ 1995-2005 ਦੇ ਦਰਮਿਆਨ ਦੰਤੇਵਾੜਾ ਅਤੇ ਬੀਜਾਪੁਰ ਇਲਾਕੇ ਵਿਚ ਆਦਿਵਾਸੀ ਜਥੇਬੰਦੀਆਂ ਨੇ ਪਹਿਲੀ ਵਾਰ ਇਸ ਪ੍ਰੋਜੈਕਟ ਦੇ ਖ਼ਿਲਾਫ਼ ਬੱਝਵਾਂ ਜਥੇਬੰਦ ਅੰਦੋਲਨ ਸ਼ੁਰੂ ਕੀਤਾ। ਵੱਖ-ਵੱਖ ਪਿੰਡਾਂ ਵਿਚ ਇਸ ਦੇ ਖ਼ਿਲਾਫ਼ ਮਤੇ ਪਾਸ ਕੀਤੇ ਗਏ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਾਇਦ ਮਾਓਵਾਦ ਦਾ ਵਧਦਾ ਪ੍ਰਭਾਵ ਵੀ ਇਸ ਅੰਦੋਲਨ ਦੇ ਮਜ਼ਬੂਤ ਹੋਣ ਦੀ ਇਕ ਵਜ੍ਹਾ ਸੀ।

2006 ਵਿਚ ਪਾਸ ਕੀਤੇ ਵਣ ਅਧਿਕਾਰ ਐਕਟ ਨਾਲ ਵੀ ਲੋਕਾਂ ਦੇ ਸੰਘਰਸ਼ ਨੂੰ ਕਾਨੂੰਨੀ ਆਧਾਰ ਮਿਲਿਆ। ਕਈ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਨੇ ਪ੍ਰੋਜੈਕਟ ਦੇ ਖ਼ਿਲਾਫ਼ ਮਤੇ ਪਾਸ ਕੀਤੇ। ਗ੍ਰਾਮ ਸਭਾ ਦੀ ਇਜਾਜ਼ਤ ਤੋਂ ਬਿਨਾਂ ਪ੍ਰੋਜੈਕਟ ਨੂੰ ਗ਼ੈਰਕਾਨੂੰਨੀ ਕਿਹਾ ਗਿਆ। 2015 ਵਿਚ ਜਦੋਂ ਪ੍ਰੋਜੈਕਟ ਲਈ ਮੁੜ ਸਰਵੇਖਣ ਦਾ ਕੰਮ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਵੱਡੇ ਪੱਧਰ 'ਤੇ ਲੋਕ ਇਸ ਦੇ ਵਿਰੋਧ ਵਿਚ ਆ ਡੱਟੇ। ਕਈ ਥਾਵਾਂ 'ਤੇ ਜਨਤਕ ਮੀਟਿੰਗਾਂ ਕਰਕੇ ਵਿਰੋਧ ਮਤੇ ਪਾਸ ਕੀਤੇ ਗਏ। ਸਰਵੇਖਣ ਟੀਮਾਂ ਨੂੰ ਕਈ ਵਾਰ ਵਾਪਸ ਮੁੜਨਾ ਪਿਆ।

ਹੁਣ ਜੂਨ 2025 ਵਿਚ ਲਗਭਗ ਪੰਜ ਦਹਾਕੇ ਤੋਂ ਲਟਕੇ ਹੋਏ ਬੋਧਘਾਟ ਪ੍ਰੋਜੈਕਟ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੁੜ ਹਰੀ ਝੰਡੀ ਦੇ ਦਿੱਤੀ ਹੈ।

ਇਸੇ ਤਰ੍ਹਾਂ ਬਸਤਰ ਦੇ ਲੋਹਾਂਡੀਗੁੜਾ ਵਿਚ ਤਜਵੀਜ਼ਤ ਸਟੀਲ/ਸਪੰਜ-ਆਇਰਨ ਪ੍ਰੋਜੈਕਟ ਨੂੰ ਲੈ ਕੇ ਉੱਥੇ ਦੇ ਸਥਾਨਕ ਲੋਕ ਲੰਮੇ ਸਮੇਂ ਤੱਕ ਲੜਾਈ ਲੜਦੇ ਰਹੇ।

ਸੰਨ 2005 ਵਿਚ ਟਾਟਾ ਸਟੀਲ ਨੇ ਛੱਤੀਸਗੜ੍ਹ ਸਰਕਾਰ ਨਾਲ ਇਕ ਇਕਰਾਰਨਾਮ ਕੀਤਾ ਸੀ, ਜਿਸ ਦੇ ਤਹਿਤ ਲੋਹਾਂਡੀਗੁੜਾ ਵਿਚ ਇਕ ਵੱਡਾ ਸਟੀਲ ਪਲਾਂਟ ਲਾਇਆ ਜਾਣਾ ਸੀ। ਇਸ ਪ੍ਰੋਜੈਕਟ ਲਈ ਲਗਭਗ 2,000 ਹੈਕਟੇਅਰ ਜ਼ਮੀਨ ਐਕਵਾਇਰ ਕੀਤੀ ਗਈ ਸੀ, ਜਿਸ ਨਾਲ 1,700 ਤੋਂ ਵੱਧ ਕਿਸਾਨ ਪ੍ਰਭਾਵਿਤ ਹੋਏ ਸਨ। ਉਦੋਂ ਤਤਕਾਲੀ ਛੱਤੀਸਗੜ੍ਹ ਸਰਕਾਰ 'ਤੇ ਪੇਸਾ ਕਾਨੂੰਨ, ਗ੍ਰਾਮ ਸਭਾ ਦੇ ਨਿਯਮਾਂ ਦੀ ਧੱਜੀਆਂ ਉਡਾਉਂਦੇ ਹੋਏ ਝੂਠੀਆਂ ਗ੍ਰਾਮ ਸਭਾਵਾਂ ਆਯੋਜਤ ਕਰਵਾਉਣ ਦੇ ਦੋਸ਼ ਲੱਗੇ ਸਨ।

ਸਥਾਨਕ ਲੋਕਾਂ ਦੇ ਵਿਰੋਧ ਦੇ ਕਾਰਨ ਆਖ਼ਿਰਕਾਰ ਕੰਪਨੀ ਨੂੰ 2016 ਵਿਚ ਇਸ ਪ੍ਰੋਜੈਕਟ ਨੂੰ ਵਾਪਸ ਲੈਣਾ ਪਿਆ। ਬਾਅਦ ਵਿਚ ਸਰਕਾਰ ਨੇ ਐਕਵਾਇਰ ਕੀਤੀ ਗਈ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਦਿੱਤੀ।

### ਰਾਓਘਾਟ ਲੋਹਾ ਖਾਣ

ਉੱਤਰੀ ਬਸਤਰ ਦੇ ਕਾਂਕੇਰ ਅਤੇ ਨਾਰਾਇਣਪੁਰ ਜ਼ਿਲ੍ਹਿਆਂ ਦੇ ਪਹਾੜਾਂ ਵਿਚ ਫੈਲੀ ਇਸ ਖਾਣ ਦੀ ਖੋਜ 1983 ਵਿਚ ਕੀਤੀ ਗਈ ਸੀ, ਪਰ ਸਥਾਨਕ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਵਿਰੋਧ ਦੇ ਕਾਰਨ ਇਸ ਨੂੰ ਸ਼ੁਰੂ ਹੋਣ ਵਿਚ ਲਗਭਗ ਤਿੰਨ ਦਹਾਕੇ ਲੱਗ ਗਏ। ਸ਼ੁਰੂ ਵਿਚ, ਯਾਨੀ 1990 ਦੇ ਦਹਾਕੇ ਵਿਚ ਉੱਥੇ ਦੇ ਆਦਿਵਾਸੀਆਂ ਨੇ ਹੀ ਵਿਰੋਧ ਸ਼ੁਰੂ ਕੀਤਾ ਸੀ। ਬਾਅਦ ਵਿਚ ਪੀਪਲਜ਼ਵਾਰ ਪਾਰਟੀ (ਹੁਣ ਸੀਪੀਆਈ-ਮਾਓਵਾਦੀ) ਉਸ ਅੰਦੋਲਨ ਵਿਚ ਕੁੱਦ ਪਈ।

ਇਸ ਤੋਂ ਬਾਅਦ ਇਲਾਕੇ ਵਿਚ ਵੱਡੇ ਪੱਧਰ 'ਤੇ ਪੁਲਿਸ ਅਤੇ ਸੁਰੱਖਿਆ ਬਲਾਂ ਦੇ ਕੈਂਪ ਸਥਾਪਤ ਕੀਤੇ ਗਏ, ਫਿਰ ਹੀ 2020 ਵਿਚ ਖਣਨ ਦਾ ਕੰਮ ਸ਼ੁਰੂ ਕੀਤਾ ਜਾ ਸਕਿਆ।

ਉੱਤਰ ਬਸਤਰ ਦੇ ਕਾਂਕੇਰ ਅਤੇ ਨਾਰਾਇਣਪੁਰ ਜ਼ਿਲ੍ਹੇ ਵਿਚ ਫੈਲੀਆਂ ਰਾਓਘਾਟ ਦੀਆਂ ਪਹਾੜੀਆਂ ਵਿਚ ਕੱਚੇ ਲੋਹੇ ਦੇ ਛੇ ਬਲਾਕ ਹਨ, ਜਿਨ੍ਹਾਂ ਵਿਚ 7124.8 ਲੱਖ ਟਨ ਕੱਚਾ ਲੋਹਾ ਹੋਣ ਦਾ ਅੰਦਾਜ਼ਾ ਹੈ।

ਬਸਤਰ ਦਾ ਆਦਿਵਾਸੀ ਭਾਈਚਾਰਾ ਆਪਣੇ ਅਧਿਕਾਰਾਂ ਨੂੰ ਲੈ ਕੇ ਹਮੇਸ਼ਾ ਸੁਚੇਤ ਰਿਹਾ ਹੈ। ਉਨ੍ਹਾਂ ਲਈ ਲੜਦਾ ਵੀ ਰਿਹਾ ਹੈ। ਜਲ-ਜੰਗਲ-ਜ਼ਮੀਨ ਨੂੰ ਬਚਾਉਣ ਅਤੇ ਉਜਾੜੇ ਤੋਂ ਬਚਣ ਦਾ ਉਨ੍ਹਾਂ ਦਾ ਲੰਮਾ ਸੰਘਰਸ਼ ਹੁਣ ਇਕ ਮਹੱਤਵਪੂਰਨ ਮੋੜ 'ਤੇ ਆ ਪਹੁੰਚਾ ਹੈ। ਕਿਉਂਕਿ ਮਾਓਵਾਦ ਦੇ ਖ਼ਾਤਮੇ ਦੇ ਨਾਂ 'ਤੇ ਹੁਣ ਬਸਤਰ ਇਕ ਯੁੱਧ ਦਾ ਮੈਦਾਨ ਬਣ ਗਿਆ ਹੈ। ਫ਼ਿਲਹਾਲ ਇਸ ਯੁੱਧ ਵਿਚ ਸਰਕਾਰ ਜਿੱਤਦੀ ਹੋਈ ਨਜ਼ਰ ਆ ਰਹੀ ਹੈ। ਪਰ ਇਸ ਜਿੱਤ ਦੇ ਮਾਇਨੇ ਆਦਿਵਾਸੀਆਂ ਲਈ ਕੀ ਹੋਣਗੇ?

ਰਵਾਇਤੀ ਸਵੈਸ਼ਾਸਨ ਅਤੇ ਕੁਦਰਤੀ ਵਸੀਲਿਆਂ 'ਤੇ ਅਧਿਕਾਰ ਲਈ ਪਿਛਲੇ ਦੋ ਸਦੀਆਂ ਤੋਂ ਵੀ ਵੱਧ ਸਮੇਂ ਤੋਂ ਚੱਲਦੇ ਆ ਰਹੇ ਆਦਿਵਾਸੀਆਂ ਦੇ ਟਾਕਰਾ ਸੰਘਰਸ਼ ਅਤੇ ਉਨ੍ਹਾਂ ਦੀਆਂ ਖ਼ਵਾਇਸ਼ਾਂ ਦਾ ਕੀ ਹੋਵੇਗਾ? ਇਨ੍ਹਾਂ ਸਵਾਲਾਂ ਦਾ ਜਵਾਬ ਭਵਿੱਖ ਹੀ ਦੱਸੇਗਾ।

# ਸਰਕਾਰਾਂ ਦੇ ਨਿਸ਼ਾਨੇ 'ਤੇ ਆਲੋਚਨਾਤਮਕ ਵਿਦਵਾਨ ਕਿਉਂ?

ਹਾਕਮ ਪਾਰਟੀਆਂ ਅਤੇ ਉਨ੍ਹਾਂ ਦੇ ਲੀਡਰਾਂ ਵਲੋਂ ਵੱਡੀ ਪੱਧਰ 'ਤੇ ਵਿਚਾਰਧਾਰਕ ਜੱਦੋ-ਜਹਿਦ ਚਲਾਈ ਜਾ ਰਹੀ ਹੈ। ਇਹ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਹੈ। ਇਸ ਪ੍ਰਚਾਰ ਦਾ ਰੁਖ ਵਿਰੋਧੀਆਂ ਵਿਰੁਧ ਹਮਲਾਵਰ ਹੁੰਦਾ ਜਾਂਦਾ ਹੈ। ਇਸ ਪ੍ਰਚਾਰ 'ਤੇ ਕਿੰਤੂ-ਪ੍ਰੰਤੂ ਕਰਨ ਵਾਲੇ ਵਿਦਵਾਨ ਅਤੇ ਚਿੰਤਕ ਹਕੂਮਤਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪੈਂਦੇ ਹਨ। ਉਨ੍ਹਾਂ ਨੂੰ ਚੁੱਪ ਕਰਾਉਣ ਲਈ ਵਿਦਿਅਕ ਅਦਾਰਿਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਵਧ



ਜਾਂਦੀ ਹੈ। ਇਸ ਕਾਰਨ ਵਿਦਿਅਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ 'ਤੇ ਰੋਕਾਂ ਲਗਾਈਆਂ ਜਾਂਦੀਆਂ ਹਨ ਅਤੇ

**ਸੁੱਚਾ ਸਿੰਘ ਗਿੱਲ**

ਗੈਰਸਰਕਾਰੀ ਜਥੇਬੰਦੀਆਂ ਦੀਆਂ ਸਰਗਰਮੀਆਂ ਦੀ ਜ਼ਮੀਨ ਘਟਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਵਾਰ ਸਰਕਾਰਾਂ ਆਲੋਚਕ ਵਿਦਵਾਨਾਂ 'ਤੇ ਗ਼ਲਤ ਕੇਸ ਮੜ੍ਹ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੰਦੀਆਂ ਹਨ। ਕਿਸੇ ਵੀ ਦੇਸ਼ ਵਿਚ ਲੋਕਾਂ ਨੂੰ ਆਰਥਿਕ ਸਮਾਜਿਕ ਵਿਕਾਸ ਵਿਚ ਹਿੱਸੇਦਾਰ ਬਣਾਉਣ ਵਾਸਤੇ ਜਮਹੂਰੀ ਕਾਰਵਾਈਆਂ ਨੂੰ ਵਧਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਨੂੰ ਮਜ਼ਬੂਤ ਕਰਨ ਵਾਸਤੇ ਅਕਾਦਮਿਕ ਸੰਸਥਾਵਾਂ ਅਤੇ ਉਨ੍ਹਾਂ ਵਿਚ ਕਾਰਜਸ਼ੀਲ ਆਲੋਚਕਾਂ ਅਤੇ ਚਿੰਤਕਾਂ ਦੀ ਖ਼ੁਦਮੁਖ਼ਤਿਆਰੀ ਕਾਫ਼ੀ ਮਦਦਗਾਰ ਸਾਬਤ ਹੋ ਸਕਦੀ ਹੈ। ਵਿਚਾਰਾਂ ਦੇ ਵੱਖਰੇਵੇਂ ਕਾਰਨ ਨਵੀਆਂ ਤਕਨੀਕਾਂ ਅਤੇ ਖੋਜਾਂ ਜਨਮ ਲੈਂਦੀਆਂ ਹਨ। ਵਿਕਸਤ ਦੇਸ਼ਾਂ ਦੇ ਆਰਥਿਕ-ਸਮਾਜਿਕ ਵਿਕਾਸ ਦੇ ਇਤਿਹਾਸ ਤੋਂ ਸਾਨੂੰ ਇਸ ਧਾਰਨਾ ਦੀ ਪ੍ਰਮਾਣਿਕਤਾ ਅਤੇ ਇਸ ਦੇ ਖ਼ਤਰਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ।

ਅਮਰੀਕਾ ਦੀ ਸਰਕਾਰ ਵਲੋਂ ਕਈ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਨੂੰ ਫੈਡਰਲ ਸਰਕਾਰ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰੀ ਹੋਣ 'ਤੇ ਉਨ੍ਹਾਂ ਦੀਆਂ ਗ੍ਰਾਂਟਾਂ ਉਪਰ ਕਟੌਤੀਆਂ/ਰੋਕਾਂ ਲਗਾਈਆਂ ਗਈਆਂ ਹਨ। ਇਸ ਕਾਰਨ ਕਈ ਮਹੱਤਵਪੂਰਨ ਵਿਸ਼ਿਆਂ ਦੇ ਖੋਜ ਕਾਰਜਾਂ ਨੂੰ ਡੂੰਘੀ ਠੇਸ ਪਹੁੰਚੀ ਹੈ। ਸਾਡੇ ਦੇਸ਼ ਵਿਚ ਵੀ ਇਹੋ ਜਿਹੇ ਰੁਝਾਨ ਪਿਛਲੇ ਕੁਝ ਸਮੇਂ ਤੋਂ ਮਿਲ ਰਹੇ ਹਨ। ਇਸ ਕਾਰਨ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਯੂਨੀਵਰਸਿਟੀ (ਦਿੱਲੀ) ਖਬਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ। ਇਸ ਦੀ ਤਾਜ਼ਾ ਮਿਸਾਲ ਪੰਜਾਬ ਯੂਨੀਵਰਸਿਟੀ ਦੇ ਰੁਤਬੇ ਅਤੇ ਕੇਂਦਰ ਸਰਕਾਰ ਦੇ ਬੇਲੋੜੇ ਕੰਟਰੋਲ ਅਤੇ ਦਖ਼ਲ ਤੋਂ ਮਿਲਦੀ ਹੈ। ਪਿਛਲੇ ਕਈ ਵਰ੍ਹਿਆਂ ਤੋਂ ਦੇਸ਼ ਦੀਆਂ ਯੂਨੀਵਰਸਿਟੀਆਂ ਦੀਆਂ ਗ੍ਰਾਂਟਾਂ ਘਟਣ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਅਧਿਆਪਕਾਂ ਅਤੇ ਖੋਜਾਰਥੀਆਂ ਦੀਆਂ ਨੌਕਰੀਆਂ (25%-30%) ਨੂੰ ਖਾਲੀ ਰਖਿਆ ਜਾ ਰਿਹਾ ਹੈ। ਇਹ ਵਰਤਾਰਾ ਦੋਵੇਂ ਕੇਂਦਰੀ ਅਤੇ ਰਾਜਾਂ ਦੀਆਂ ਯੂਨੀਵਰਸਿਟੀਆਂ ਵਿਚ ਲਗਾਤਾਰ ਜਾਰੀ ਹੈ। ਇਸ ਤੋਂ ਇਲਾਵਾ ਇਨ੍ਹਾਂ ਯੂਨੀਵਰਸਿਟੀਆਂ ਨੂੰ ਚਲਾਉਣ ਵਾਲੇ ਉਪਕੁਲਪਤੀਆਂ/ਵਾਈਸ ਚਾਂਸਲਰਾਂ ਦੀ ਨਿਯੁਕਤੀ ਸਮੇਂ ਹਾਕਮ ਪਾਰਟੀਆਂ ਦੇ ਸਮਰਥਨ ਅਤੇ ਸੋਚ ਵਾਲਿਆਂ ਨੂੰ ਚੁਣਿਆ ਜਾਂਦਾ ਹੈ। ਕਈ ਵਾਰੀ ਇਹੋ ਜਿਹੇ ਵਿਅਕਤੀ ਵੀ ਇਨ੍ਹਾਂ ਅਹੁਦਿਆਂ 'ਤੇ ਬਿਰਾਜਮਾਨ ਹੋ ਜਾਂਦੇ ਹਨ ਜਿਨ੍ਹਾਂ ਨੂੰ ਯੂਨੀਵਰਸਿਟੀ ਅਧਿਐਨ ਦਾ ਤਜਰਬਾ ਵੀ ਨਹੀਂ ਹੁੰਦਾ। ਇਸ ਕਾਰਨ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਖੋਜ ਅਤੇ ਅਧਿਆਪਨ ਦੇ ਕਾਰਜਾਂ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ ਅਤੇ ਕਾਫ਼ੀ ਫੈਕਲਟੀ ਮੈਂਬਰ ਨਿਰਾਸ਼ਾ ਮਹਿਸੂਸ ਕਰ ਰਹੇ ਹਨ। ਭਾਰਤ ਇਸ ਸਮੇਂ ਦੇਸ਼ ਦੀ ਕੁੱਲ ਆਮਦਨ ਦਾ 4.12% ਹੀ ਵਿਦਿਆ ਵਾਸਤੇ ਖਰਚ ਕਰ ਰਿਹਾ ਹੈ। ਇਹ 1966 ਅਤੇ 2020 ਦੀਆਂ ਪਾਲਸੀਆਂ ਵਿਚ ਨਿਰਧਾਰਤ ਟੀਚੇ (6%) ਤੋਂ ਕਾਫ਼ੀ ਘੱਟ ਹੈ। ਖੋਜ ਅਤੇ ਵਿਕਾਸ ਵਾਸਤੇ ਸਾਡਾ ਦੇਸ਼ ਕੁੱਲ ਆਮਦਨ ਦਾ 0.7% ਹੀ ਖਰਚ ਕਰਦਾ ਹੈ। ਇਸ ਕਾਰਨ ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਚੀਨ ਅਤੇ ਹੋਰ ਕਈ ਦੇਸ਼ਾਂ ਦੇ ਮੁਕਾਬਲੇ ਅਕਾਦਮਿਕ ਪਖੋਂ ਕਾਫ਼ੀ ਪਿੱਛੇ ਰਹਿ ਗਿਆ ਹੈ। ਅੱਜ ਦੇ ਦੌਰ ਵਿਚ ਦੁਨੀਆਂ ਗਿਆਨ (ਕਨੌਲਏਦਗਏ) ਦੇ ਯੁੱਗ ਵਿਚੋਂ ਵਿਚਰ ਰਹੀ ਹੈ। ਜਿਹੜੇ ਮੁਲਕ ਅਤੇ ਮਨੁੱਖ ਇਸ ਵਿਚ ਅੱਗੇ ਲੰਘ ਜਾਣਗੇ ਉਹ ਦੁਨੀਆਂ ਦੀ ਅਗਵਾਈ ਕਰਨਗੇ ਅਤੇ ਜਿਹੜੇ ਇਸ ਤੋਂ ਵਾਂਝੇ ਰਹਿ ਗਏ ਉਹ ਪਛੜ ਜਾਣਗੇ।

ਬਾਵਜੂਦ ਇਸ ਕਠਿਨ ਸਚਾਈ ਦੇ ਕਿਉਂ ਸਮੇਂ ਦੇ ਹਾਕਮਾਂ ਵਲੋਂ ਗਿਆਨ ਵਿਗਿਆਨ ਦੇ ਸਰੋਤਾਂ ਅਤੇ ਅਦਾਰਿਆਂ ਵਾਸਤੇ ਮੁਸ਼ਕਲਾਂ ਪੈਦਾ ਕੀਤੀਆਂ ਜਾ ਰਹੀਆਂ ਹਨ? ਕਿਉਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਪ੍ਰੋਫ਼ੈਸਰਾਂ ਨੂੰ ਦੁਸ਼ਮਣ ਸਮਝਦਾ ਹੈ? ਕਿਉਂ ਭਾਰਤ ਦੀ ਸੁਪਰੀਮ ਕੋਰਟ ਵਿਚ ਸਰਕਾਰ ਵਲੋਂ ਹਲਫ਼ਨਾਮਾ ਦਾਇਰ ਕੀਤਾ ਜਾਂਦਾ ਹੈ ਕਿ ਸਰਕਾਰ ਵਿਰੋਧੀ ਬੁੱਧੀਜੀਵੀ ਦਹਿਸ਼ਤਗਰਦਾਂ ਤੋਂ ਵੀ ਵੱਧ ਖਤਰਨਾਕ ਹਨ? ਇਸ ਵਰਤਾਰੇ ਨੂੰ ਗੰਭੀਰਤਾ ਨਾਲ ਸਮਝਣ ਅਤੇ ਵਿਚਾਰਨ ਦੀ ਲੋੜ ਹੈ। ਇਸ ਪ੍ਰਸ਼ਨ ਦਾ ਜਵਾਬ ਲੱਭਣ ਲਈ ਹਕੂਮਤ ਅਤੇ ਗਿਆਨ ਪੈਦਾ ਕਰਨ ਵਾਲੇ ਵਿਦਵਾਨਾਂ ਵਿਚ ਵਿਰੋਧ ਨੂੰ ਸਮਝਣਾ ਪਵੇਗਾ। ਗਿਆਨ ਦੇ ਵਿਕਾਸ ਵਾਸਤੇ ਲਾਜ਼ਮੀ ਹੈ ਕਿ ਮੌਜੂਦਾ ਸਮਾਜਿਕ-ਆਰਥਿਕ ਧਾਰਨਾਵਾਂ ਨੂੰ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਪਰਖਿਆ ਅਤੇ ਮਾਪਿਆ ਜਾਵੇ। ਜੇਕਰ ਮੌਜੂਦਾ ਧਾਰਨਾ ਵਿਚ ਕੋਈ ਨੁਕਸ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਠੀਕ ਕਰਨ ਵਾਸਤੇ ਕੋਈ ਨੀਤੀ ਜਾਂ ਨਵਾਂ ਪ੍ਰੋਗਰਾਮ ਬਣਾ ਕੇ ਲਾਗੂ ਕੀਤਾ ਜਾਵੇ। ਇਵੇਂ ਹੀ ਕਈ ਧਾਰਨਾਵਾਂ ਵਿਗਿਆਨ ਦੇ ਖੇਤਰ ਵਿਚ ਉਨ੍ਹਾਂ 'ਤੇ ਕਿੰਤੂ-ਪ੍ਰੰਤੂ ਕਰਨ 'ਤੇ ਬਦਲਦੀਆਂ ਹਨ। ਮਸ਼ੀਨੀ ਬੁੱਧੀ ਅਤੇ ਪੁਲਾੜੀ ਖੋਜ ਨਾਲ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਤਰੱਕੀ ਪੁਰਾਣੀਆਂ ਧਾਰਨਾਵਾਂ ਨੂੰ ਰੱਦ ਕਰਨ ਕਾਰਨ ਪੈਦਾ ਹੋਈ ਹੈ। ਗਿਆਨ ਵਿਗਿਆਨ ਵਿਚ ਵਿਚਾਰਾਂ ਦੀ ਭਿੰਨਤਾ ਅਤੇ ਵਖਰੇਵਿਆਂ ਤੋਂ ਬਗੈਰ ਵਿਕਾਸ ਸੰਭਵ ਨਹੀਂ ਹੈ। ਇਹ ਧਾਰਨਾ ਸਮਾਜਿਕ-ਆਰਥਿਕ ਅਤੇ ਰਾਜਨੀਤਕ ਖੇਤਰਾਂ ਵਿਚ ਵੀ ਲਾਗੂ ਹੁੰਦੀ ਹੈ। ਪਰ ਸਮੇਂ ਦੇ ਹਾਕਮਾਂ ਨੂੰ ਵਿਚਾਰਾਂ ਦੀ ਖੁੱਲ੍ਹ ਅਤੇ ਭਿੰਨਤਾ ਤੋਂ ਡਰ ਲਗਦਾ ਹੈ। ਉਨ੍ਹਾਂ ਨੂੰ ਡਰ ਲਗਦਾ ਹੈ ਕਿ ਵਿਚਾਰਾਂ ਦੀ ਭਿੰਨਤਾ ਅਤੇ ਖੁਲ੍ਹ ਉਨ੍ਹਾਂ ਦੇ ਰਾਜਭਾਗ ਲਈ ਖ਼ਤਰਾ ਬਣ ਸਕਦੇ ਹਨ ਅਤੇ ਉਨ੍ਹਾਂ ਦੀਆਂ ਕਮਜ਼ੋਰੀਆਂ ਬਾਰੇ ਆਮ ਲੋਕਾਂ ਨੂੰ ਪਤਾ ਲੱਗ ਸਕਦਾ ਹੈ। ਪ੍ਰਸਿੱਧ ਅਰਥ ਵਿਗਿਆਨੀ ਜੇ.ਕੇ. ਗਾਲਬਰਿਥ ਨੇ ਆਪਣੀ ਕਿਤਾਬ ਦਿ ਐਫਲੂਆਂਟ ਸੁਸਾਇਟੀ (ਠਹਏ ਓਾਲੁਏਨਟ˜-ਚਇਟੇ, 1958) ਵਿਚ ਇਸ ਪ੍ਰਸ਼ਨ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਆਰਥਿਕਤਾ ਅਤੇ ਸਮਾਜ ਬਾਰੇ ਲਿਖਣ ਸਮੇਂ ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਅਮਰੀਕਾ ਵਿਚ ਕਾਰੋਬਾਰ ਅਤੇ ਸਿਆਸਤ ਵਿਚ ਗਠਜੋੜ ਬਣ ਗਿਆ ਹੈ। ਸਰਮਾਏਦਾਰ ਅਤੇ ਸਿਆਸਤਦਾਨ ਚਿੰਤਕਾਂ ਅਤੇ ਬੁਧੀਮਾਨ ਮਾਹਰਾਂ ਨਾਲ ਖਾਰ ਖਾਂਦੇ ਹਨ। ਇਸ ਦੇ ਦੋ ਕਾਰਨ ਹਨ। ਪਹਿਲਾ ਕਾਰਨ ਇਹ ਹੈ ਕਿ ਬੁਧੀਜੀਵੀਆਂ ਦੀ ਲੋਕਾਂ ਵਿਚ ਮਕਬੂਲੀਅਤ ਅਤੇ ਇੱਜ਼ਤ ਵਾਸਤੇ ਕਾਰੋਬਾਰੀਆਂ/ ਸਿਆਸਤਦਾਨਾਂ ਵਿਚਾਲੇ ਈਰਖਾ ਪੈਦਾ ਕਰਦੀ ਹੈ। ਬੁਧੀਜੀਵੀ ਨਵੇਂ ਵਿਚਾਰ ਅਤੇ ਨਵੀਂ ਤਕਨਾਲੌਜੀ ਪੈਦਾ ਕਰਦੇ ਹਨ। ਇਸ ਕਰਕੇ ਆਮ ਲੋਕ ਉਨ੍ਹਾਂ ਦੀ ਇੱਜ਼ਤ ਕਰਦੇ ਹਨ। ਜਦੋਂ ਕਿ ਕਾਰੋਬਾਰੀ/ਸਿਆਸਤਦਾਨ ਵਲੋਂ ਨਵੇਂ ਵਿਚਾਰਾਂ ਅਤੇ ਤਕਨਾਲੌਜੀ ਤੋਂ ਫਾਇਦਾ ਉਠਾਉਣਾ ਹੀ ਮੁੱਖ ਉਦੇਸ਼ ਰਹਿੰਦਾ ਹੈ। ਦੂਜਾ ਕਾਰਣ ਇਹ ਹੈ ਕਿ ਆਲੋਚਨਾਤਮਕ ਬੁੱਧੀਜੀਵੀ ਜਦੋਂ ਬੋਲਦੇ ਜਾਂ ਲਿਖਦੇ ਹਨ, ਲੋਕ ਉਨ੍ਹਾਂ ਨੂੰ ਗਹੁ ਨਾਲ ਸੁਣਦੇ ਤੇ ਪੜ੍ਹਦੇ ਹਨ। ਉਹ ਦੇਸ਼ ਦੇ ਸਰਵਜਨਕ ਮਸਲਿਆਂ, ਸਰਕਾਰੀ ਨੀਤੀਆਂ, ਸਦਾਚਾਰ ਅਤੇ ਸਮਾਜਿਕ ਵਰਤਾਰੇ ਬਾਰੇ ਚਰਚਾ ਕਰਦੇ ਹਨ। ਮੌਜੂਦਾ ਹਾਲਾਤ ਬਾਰੇ ਗੱਲ ਕਰਦਿਆਂ ਉਹ ਭਵਿੱਖ ਬਾਰੇ ਵਿਚਾਰ ਵੀ ਪੇਸ਼ ਕਰਦੇ ਹਨ। ਲੋਕ ਉਨ੍ਹਾਂ 'ਤੇ ਵਿਸ਼ਵਾਸ ਕਰਦੇ ਹਨ। ਪਰ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਦਾ ਧਿਆਨ ਸਿਆਸੀ ਤਾਕਤ ਹਾਸਲ ਕਰਕੇ ਪੈਸਾ ਕਮਾਉਣ ਵੱਲ ਹੁੰਦਾ ਹੈ। ਇਸ ਕਰਕੇ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਗਠਜੋੜ ਨੂੰ ਗਿਆਨਵਾਨ ਬੁੱਧੀਜੀਵੀਆਂ ਤੋਂ ਖਤਰਾ ਮਹਿਸੂਸ ਹੁੰਦਾ ਹੈ। ਇਸ ਗੱਲ ਨੂੰ ਅੱਗੇ ਤੋਰਦਿਆਂ ਗਾਲਬਰਿਥ ਲਿਖਦਾ ਹੈ ਕਿ ਅਮਰੀਕਾ ਦੇ ਬਹੁਤੇ ਅਰਥ ਵਿਗਿਆਨੀਆਂ ਦਾ ਵਿਚਾਰ ਹੈ ਕਿ ਆਰਥਿਕ ਸਮਾਜਿਕ ਵਿਕਾਸ ਦਾ ਆਮ ਸ਼ਹਿਰੀਆਂ ਨੂੰ ਫਾਇਦਾ ਹੋਣਾ ਚਾਹੀਦਾ ਹੈ ਪਰ ਸਿਆਸਤਦਾਨ ਇਸ ਵਿਕਾਸ ਦਾ ਬਹੁਤਾ ਫਾਇਦਾ ਕਾਰੋਬਾਰੀਆਂ ਨੂੰ ਹੀ ਦੇਣ ਵਾਸਤੇ ਨੀਤੀਆਂ ਬਣਾਉਂਦੇ ਅਤੇ ਲਾਗੂ ਕਰਦੇ ਹਨ। ਇਸ ਕਰਕੇ ਵਿਚਾਰਵਾਨਾਂ ਨੂੰ ਸਿਆਸਤਦਾਨ ਆਪਣੇ ਵਿਰੋਧੀ ਸਮਝਣ ਲੱਗ ਪੈਂਦੇ ਹਨ। ਜਿਹੜੀਆਂ ਯੂਨੀਵਰਸਿਟੀਆਂ ਅਤੇ ਅਦਾਰਿਆਂ ਵਿਚ ਆਲੋਚਕ ਬੁੱਧੀਜੀਵੀ ਕੰਮ ਕਰਦੇ ਹਨ ਉਹ ਹਾਕਮ ਪਾਰਟੀਆਂ ਦੇ ਨਿਸ਼ਾਨੇ 'ਤੇ ਆ ਜਾਂਦੇ ਹਨ।

ਭਾਰਤ ਵਿਚ 1980ਵਿਆਂ ਤੋਂ ਸ਼ੁਰੂ ਹੋ ਕੇ ਖਾਸ ਕਰਕੇ 1991 ਵਿਚ ਨਵੀਂ ਆਰਥਿਕ ਨੀਤੀ ਅਪਣਾਉਣ ਤੋਂ ਬਾਅਦ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਦਾ ਉਦਯੋਗਪਤੀਆਂ/ਕਾਰੋਬਾਰੀਆਂ ਨਾਲ ਗਠਜੋੜ ਮਜ਼ਬੂਤ ਹੋਇਆ ਹੈ। ਇਸ ਕਾਰਨ ਕੌਮੀ ਅਤੇ ਖੇਤਰੀ ਪਾਰਟੀਆਂ ਦੇ ਆਗੂਆਂ ਨੇ ਸਿਆਸਤ ਨੂੰ ਕਾਰੋਬਾਰ ਦਾ ਜ਼ਰੀਆ ਬਣਾ ਲਿਆ ਹੈ। ਆਰਥਿਕ ਨੀਤੀਆਂ ਕਾਰੋਬਾਰੀਆਂ ਦੇ ਹੱਕ ਵਿਚ ਬਣਾਈਆਂ ਅਤੇ ਲਾਗੂ ਕੀਤੀਆਂ ਜਾ ਰਹੀਆਂ ਹਨ। ਦੇਸ਼ ਦੇ ਉਪਰਲੇ 10% ਵਿਅਕਤੀਆਂ ਕੋਲ ਧਨ ਦੌਲਤ ਇਕੱਠੀ ਹੋ ਰਹੀ ਹੈ। ਹੇਠਲੇ 50% ਲੋਕਾਂ ਨੂੰ ਆਰਥਿਕ ਵਿਕਾਸ ਦੀ ਤੇਜ਼ ਰਫ਼ਤਾਰ ਤੋਂ ਕੋਈ ਖਾਸ ਫਾਇਦਾ ਨਹੀਂ ਹੋ ਰਿਹਾ। ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਨੇ ਪਿਛਲੇ 50 ਸਾਲਾਂ ਦੇ ਰਿਕਾਰਡ ਤੋੜ ਦਿਤੇ ਹਨ। ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 22% ਦੇ ਕਰੀਬ ਹੈ ਅਤੇ ਉਹ ਦੇਸ਼ ਛੱਡ ਕੇ ਵਿਦੇਸ਼ ਭਜਣ ਲਈ ਮਜਬੂਰ ਹਨ। ਵਿਦੇਸ਼ਾਂ ਵਿਚ ਉਨ੍ਹਾਂ ਦੇ ਜਾਣ 'ਤੇ ਰੋਕਾਂ ਵਧ ਰਹੀਆਂ ਹਨ। ਦੇਸ਼ ਦੇ 80 ਕਰੋੜ ਲੋਕ ਮੁਫ਼ਤ ਸਰਕਾਰੀ ਅਨਾਜ 'ਤੇ ਰਹਿਣ ਲਈ ਮਜਬੂਰ ਹਨ। ਇਨ੍ਹਾਂ ਹਾਲਤਾਂ ਵਿਚ ਹਾਕਮ ਪਾਰਟੀਆਂ ਦੇ ਆਈ ਟੀ ਸੈਲ ਲੋਕਾਂ ਨੂੰ ਗਲਤ ਜਾਣਕਾਰੀਆਂ ਨਾਲ ਉਲਝਾਅ ਅਤੇ ਲੜਾ ਰਹੇ ਹਨ। ਲੋਕਾਂ ਨੂੰ ਧਰਮ, ਜਾਤ-ਪਾਤ, ਲਿੰਗ, ਰੰਗ, ਇਲਾਕੇ ਦੇ ਮੁੱਦਿਆਂ 'ਤੇ ਲੜਾਇਆ ਜਾ ਰਿਹਾ ਹੈ। ਇਸ ਭੇਦਭਾਵ ਖ਼ਿਲਾਫ ਇਕੱਠੇ ਹੋਣ ਬਾਰੇ ਲਿਖਣ ਅਤੇ ਬੋਲਣ ਵਾਲੇ ਵਿਦਵਾਨਾਂ ਵਿਰੁੱਧ ਹਾਕਮ ਪਾਰਟੀਆਂ ਵਲੋਂ ਸੋਚੀ ਸਮਝੀ ਨੀਤੀ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਨੀਤੀ ਤਹਿਤ ਹੀ ਵਿਦਿਅਕ ਅਦਾਰਿਆਂ ਦੀਆਂ ਗ੍ਰਾਂਟਾਂ ਨੂੰ ਘਟਾਇਆ ਜਾ ਰਿਹਾ ਅਤੇ ਖ਼ੁਦਮੁਖ਼ਤਿਆਰੀ ਨੂੰ ਢਾਹ ਲਾਈ ਜਾ ਰਹੀ ਹੈ। ਆਲੋਚਕ ਵਿਚਾਰਵਾਨਾਂ ਨੂੰ ਵਿਦਿਅਕ ਅਦਾਰਿਆਂ ਵਿਚ ਵਿਚਰਨ ਸਮੇਂ ਮੁਸ਼ਕਲਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭੀਮਾ ਗੋਰੇ ਗਾਂਵ ਕੇਸ ਵਿਚ ਜਾਣੇ ਪਛਾਣੇ ਵਿਦਿਵਾਨਾਂ ਅਤੇ ਜਮਹੂਰੀ ਕਾਰਕੁਨਾਂ ਨੂੰ ਝੂਠੇ ਦਹਿਸ਼ਤ ਰੋਕੂ ਕਾਨੂੰਨ ਕੇਸ ਵਿਚ ਸਰਕਾਰ ਵਲੋਂ ਕਈ ਕਈ ਸਾਲ ਜੇਲ੍ਹ ਵਿਚ ਬੰਦ ਰਖਿਆ ਗਿਆ ਸੀ।

ਭਾਰਤ ਦਾ ਸੰਵਿਧਾਨ ਸਾਰੇ ਸ਼ਹਿਰੀਆਂ ਨੂੰ ਵਿਚਾਰਾਂ ਦੀ ਆਜ਼ਾਦੀ ਅਤੇ ਭਿੰਨਤਾ ਰਖਣ ਦਾ ਹੱਕ ਪ੍ਰਦਾਨ ਕਰਦਾ ਹੈ। ਇਸ ਸੰਵਿਧਾਨ ਦਾ ਨਿਰਮਾਣ ਦੇਸ਼ ਦੀ ਆਜ਼ਾਦੀ ਦੇ ਘੁਲਾਟੀਆਂ ਅਤੇ ਵਿਦਵਾਨ ਨੁਮਾਇੰਦਿਆਂ ਵਲੋਂ ਕੀਤਾ ਗਿਆ ਸੀ। ਜਮਹੂਰੀਅਤ ਦੀ ਰਾਖੀ ਵਾਸਤੇ ਕਾਇਮ ਕੀਤੀਆਂ ਸੰਸਥਾਵਾਂ ਉਪਰ ਸਰਕਾਰ ਵਲੋਂ ਕੰਟਰੋਲ ਕਰ ਲਿਆ ਹੈ। ਮੀਡੀਆ ਜਿਸ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਸਮਝਿਆ ਜਾਂਦਾ ਹੈ ਉਹ ਸਰਕਾਰੀ ਪ੍ਰਾਪੇਗੰਡੇ ਵਿਚ ਲੱਗ ਗਿਆ ਹੈ। ਪਤਰਕਾਰ ਸਰਕਾਰ ਨੂੰ ਸਵਾਲ ਪੁੱਛਣ ਤੋਂ ਗੁਰੇਜ਼ ਕਰਦੇ ਹਨ। ਚੋਣ ਕਮਿਸ਼ਨ ਦੀ ਨਿਰਪੱਖਤਾ ਸਵਾਲਾਂ ਦੇ ਘੇਰੇ ਵਿਚ ਆ ਰਹੀ ਹੈ। ਕੇਂਦਰੀ ਜਾਂਚ ਏਜੰਸੀਆਂ ਸਰਕਾਰ ਦਾ ਹੱਥ ਠੋਕਾ ਬਣ ਗਈਆਂ ਹਨ ਅਤੇ ਅਦਾਲਤਾਂ ਦਬਾਅ ਹੇਠ ਕੰਮ ਕਰਦੀਆਂ ਨਜ਼ਰ ਆ ਰਹੀਆਂ ਹਨ। ਇਸ ਕਰਕੇ ਸੰਵਿਧਾਨ ਨੂੰ ਬਚਾਉਣ ਲਈ ਆਲੋਚਨਾਤਮਕ ਬੁੱਧੀਜੀਵੀਆਂ ਨੂੰ ਦੇਸ਼ ਦੇ ਆਮ ਲੋਕਾਂ ਖਾਸ ਕਰਕੇ ਕਿਸਾਨਾਂ, ਮਜ਼ਦੂਰਾਂ ਅਤੇ ਮੱਧ ਵਰਗ ਦੇ ਲੋਕਾਂ ਨਾਲ ਤਾਲਮੇਲ ਕਰਨ ਦੀ ਲੋੜ ਪਹਿਲਾਂ ਤੋਂ ਜ਼ਿਆਦਾ ਹੈ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਯੂਨੀਵਰਸਿਟੀ ਦੀ ਖ਼ੁਦਮੁਖ਼ਤਿਆਰੀ ਅਤੇ ਜਮਹੂਰੀਅਤ ਬਚਾਓ ਮੋਰਚੇ ਦੀ ਸਫਲਤਾ ਵੀ ਸਾਂਝੇ ਸੰਘਰਸ਼ਾਂ ਦੀ ਪ੍ਰੋੜਤਾ ਕਰਦੀ ਹੈ। ਚੇਤੰਨ ਵਿਦਿਵਾਨਾਂ ਨੂੰ ਲੋਕਾਂ ਦੀਆਂ ਲਹਿਰਾਂ ਵਿਚ ਏਜੰਸੀਆਂ ਅਤੇ ਘੱਟ ਚੇਤੰਨ ਅਨਸਰਾਂ ਵਲੋਂ ਸੰਕੀਰਨਤਾ ਅਤੇ ਫੁੱਟਪਾਊ ਚਾਲਾਂ ਤੋਂ ਬਚਾਉਣ ਦੇ ਯਤਨ ਵੀ ਵਿਢਣੇ ਪੈਣਗੇ। ਇਹ ਬੇਸ਼ੱਕ ਔਖੇ ਕਾਰਜ ਹਨ ਪਰ ਅਸੰਭਵ ਨਹੀਂ। ਇਸ ਵਰਤਾਰੇ ਨਾਲ ਹੀ ਵਿਚਾਰਵਾਨਾਂ ਵਲੋਂ ਦੇਸ਼ ਦੇ ਵਿਕਾਸ ਨੂੰ ਲੋਕ ਪੱਖੀ ਲੀਹਾਂ ਵੱਲ ਮੋੜਿਆ ਜਾ ਸਕਦਾ ਅਤੇ ਦੇਸ਼ ਦੇ ਬਿਹਤਰ ਭਵਿੱਖ ਵੱਲ ਵਧਿਆ ਜਾ ਸਕਦਾ ਹੈ।

# 'ਸਭ ਤੋਂ ਵੱਡੇ ਲੋਕਤੰਤਰ' ਦਾ ਕਰੂਰ ਚਿਹਰਾ: ਸਾਫ਼ ਹਵਾ ਦੀ ਮੰਗ ਵੀ ਦੇਸ਼ ਵਿਰੋਧੀ ਹੋ ਗਈ!

23 ਨਵੰਬਰ ਨੂੰ ਦਿੱਲੀ ਵਿਚ ਸਾਫ਼ ਹਵਾ ਦੀ ਮੰਗ ਲਈ ਕੀਤੇ ਪ੍ਰਦਰਸ਼ਨ ਨੇ 23 ਵਿਦਿਆਰਥੀਆਂ ਨੂੰ ਜੇਲ੍ਹ ਪਹੁੰਚਾ ਦਿੱਤਾ। ਕੇਰਲ ਦੇ ਆਦਿਵਾਸੀ ਪਿਛੋਕੜ ਵਾਲੇ ਵਿਦਿਆਰਥੀ ਅਕਸ਼ੈ ਦਾ ਪੁਲਿਸੀ ਦਰਿੰਦਿਆਂ ਵੱਲੋਂ ਜਿਵੇਂ ਬੇਕਿਰਕੀ ਨਾਲ ਸੜਕ ਉੱਪਰ ਗਲਾ ਘੁੱਟਿਆ ਗਿਆ ਉਸਨੇ ਅਮਰੀਕੀ ਪੁਲਿਸ ਅਧਿਕਾਰੀ ਵੱਲੋਂ ਅਫ਼ਰੀਕੀ-ਅਮਰੀਕੀ ਜਾਰਜ ਫਲੋਇਡ ਦਾ ਸਰੇਆਮ ਸੜਕ ਉੱਪਰ ਨੌਂ ਮਿੰਟ ਗਲਾ ਘੁੱਟ ਕੇ ਉਸਦਾ ਕਤਲ ਕਰਨ ਦੇ ਕਾਂਡ (2020) ਦੀ ਯਾਦ ਤਾਜ਼ਾ ਕਰਵਾ ਦਿੱਤੀ। ਭਾਜਪਾ ਦੀ ਸ਼ਾਖਾ ਬਣ ਕੇ ਕੰਮ ਕਰ ਰਹੀ ਦਿੱਲੀ ਪੁਲਿਸ ਵੱਲੋਂ ਇਸ ਰੋਸ ਪ੍ਰਦਰਸ਼ਨ ਉੱਪਰ 'ਮਾਓਵਾਦੀ' ਦਾ ਠੱਪਾ ਲਾ ਦਿੱਤਾ ਗਿਆ। ਇਸ ਸਾਧਾਰਨ ਪ੍ਰਦਰਸ਼ਨ ਨੂੰ ਪੁਲਿਸ ਵੱਡੀ 'ਸ਼ਹਿਰੀ ਨਕਸਲੀ' ਸਾਜ਼ਿਸ਼ ਬਣਾ ਕੇ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਸੰਵੇਦਨਸ਼ੀਲ ਲੜਕੇ-ਲੜਕੀਆਂ ਨੂੰ ਜਾਬਰ ਕਾਨੂੰਨ ਯੂਏਪੀਏ ਲਗਾ ਕੇ ਜੇਲ੍ਹਾਂ ਵਿਚ ਸਾੜਨ ਦੀ ਕੋਸ਼ਿਸ਼ ਜਾਵੇਗੀ ਅਤੇ ਇਸ ਨੂੰ ਦਿੱਲੀ ਵਿਚ ਜਮਹੂਰੀ ਪ੍ਰਦਰਸ਼ਨਾਂ ਨੂੰ ਰੋਕਣ ਲਈ ਖ਼ੌਫ਼ ਦੀ ਮਿਸਾਲ ਬਣਾ ਕੇ ਵਰਤਿਆ ਜਾਵੇਗਾ।

ਪ੍ਰਦਰਸ਼ਨ ਦਾ ਸੱਦਾ 'ਦਿੱਲੀ ਕੋਆਰਡੀਨੇਸ਼ਨ ਕਮੇਟੀ ਫ਼ਾਰ ਕਲੀਨ ਏਅਰ' ਵੱਲੋਂ ਖ਼ਤਰਨਾਕ ਪ੍ਰਦੂਸ਼ਣ ਨੂੰ ਰੋਕਣ ਅਤੇ ਸਾਫ਼ ਹਵਾ ਯਕੀਨੀ ਬਣਾਉਣ ਲਈ ਕਦਮ ਚੁੱਕਣ ਦੀ ਮੰਗ ਤਹਿਤ ਦਿੱਤਾ ਗਿਆ ਸੀ। ਮੁਜ਼ਾਹਰਾ ਸ਼ੁਰੂ ਹੋਏ ਨੂੰ ਅਜੇ ਕੁਝ ਮਿੰਟ ਹੀ ਹੋਏ ਸਨ ਕਿ ਪੁਲਿਸ ਨੇ ਜਾਬਰ ਹਮਲਾ ਕਰਕੇ ਤੇ ਇਹ ਦੋਸ਼ ਲਗਾ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਕਿ ਉਹ ਮਾਰੇ ਗਏ ਮਾਓਵਾਦੀ ਕਮਾਂਡਰ ਮਾੜਵੀ ਹਿੜਮਾ ਦੇ ਹੱਕ ਵਿਚ ਨਾਅਰੇ ਲਗਾ ਰਹੇ ਸਨ। ਉਨ੍ਹਾਂ ਵਿਰੁੱਧ ਮਾਓਵਾਦੀ ਪੱਖੀ ਨਾਅਰੇ ਲਾਉਣ, ਬੈਰੀਕੇਡ ਤੋੜਨ, ਪੇਪਰ ਸਪ੍ਰੇ ਨਾਲ ਪੁਲਿਸ 'ਤੇ ਹਮਲਾ ਕਰਨ ਦੇ ਸੰਗੀਨ ਦੋਸ਼ ਲਗਾ ਕੇ ਦੋ ਕੇਸ ਦਰਜ ਕਰ ਲਏ ਗਏ। ਮੰਨ ਲਓ, ਕੁਝ ਲੜਕੇ-ਲੜਕੀਆਂ ਵੱਲੋਂ ਅਜਿਹੇ ਨਾਅਰੇ ਲਗਾ ਵੀ ਦਿੱਤੇ, ਬਸ ਏਨੇ ਨਾਲ ਹੀ ਅਮਨ-ਕਾਨੂੰਨ ਖ਼ਤਰੇ 'ਚ ਪੈ ਗਿਆ!

ਪ੍ਰਦੂਸ਼ਿਤ ਵਾਤਾਵਰਣ ਖ਼ਿਲਾਫ਼ ਸ਼ਾਂਤਮਈ ਤਰੀਕੇ ਨਾਲ ਵਿਰੋਧ ਦਰਜ ਕਰਾਉਣ ਦੇ ਨਾਗਰਿਕ ਹੱਕ ਨੂੰ ਸੰਗੀਨ ਜੁਰਮ ਬਣਾ ਦਿੱਤਾ ਗਿਆ। ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੇ ਪਬਲਿਕ ਸਿਹਤ ਸੰਕਟ ਨੂੰ ਘਟਾਉਣ ਲਈ ਕਦਮ ਚੁੱਕਣ ਦੀ ਬਜਾਏ ਦਿੱਲੀ ਪੁਲਿਸ-ਪ੍ਰਸ਼ਾਸਨ ਇਹ ਮੁੱਦਾ ਉਠਾਉਣ ਵਾਲੀਆਂ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਕੇ ਦਬਾਉਣ ਦੀ ਹੱਦ ਤੱਕ ਚਲਾ ਗਿਆ। 23 ਸ਼ਾਂਤਮਈ ਪ੍ਰਦਰਸ਼ਨਕਾਰੀਆਂ—ਜਿਨ੍ਹਾਂ ਵਿਚ 11 ਕੁੜੀਆਂ ਸ਼ਾਮਲ ਹਨ—ਨੂੰ ਗ੍ਰਿਫ਼ਤਾਰ ਕਰਕੇ, ਰਾਤ-ਭਰ ਹਿਰਾਸਤ ਵਿਚ ਰੱਖਿਆ ਗਿਆ। ਤਸ਼ੱਦਦ ਕਰਕੇ ਤਿੰਨ ਦਿਨਾਂ ਲਈ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ ਗਿਆ। ਬਾਰੀਕੀ 'ਚ ਪੁੱਛਗਿੱਛ ਕਰਨ ਦੀ ਲੋੜ ਦੀ ਦਲੀਲ ਦੇ ਕੇ ਹੋਰ ਪੁਲਿਸ ਰਿਮਾਂਡ ਲੈ ਲਿਆ ਗਿਆ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਕਹਾਉਣ ਵਾਲੇ ਭਾਰਤੀ ਰਾਜ ਦਾ ਅਸਲੀ ਰੂਪ ਹੈ।



ਮੌਜੂਦਾ ਵਿਕਾਸ ਮਾਡਲ ਖ਼ਤਰਨਾਕ ਪ੍ਰਦੂਸ਼ਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਨਾਗਰਿਕਾਂ ਨੂੰ ਆਪਣੀ ਸਿਹਤ ਦੀ ਖ਼ਾਤਰ ਇਸ ਮਾਡਲ ਉੱਪਰ ਸਵਾਲ ਉਠਾਉਣ ਦਾ ਹੱਕ ਹੈ। ਦਿੱਲੀ ਪੁਲਿਸ ਵੱਲੋਂ ਮੁਤਵਾਜ਼ੀ ਵਿਕਾਸ ਮਾਡਲ ਦੀ ਗੱਲ ਕਰਨ ਅਤੇ ਝੂਠੇ ਮੁਕਾਬਲਿਆਂ ਵਿਰੁੱਧ ਆਵਾਜ਼ ਉਠਾਉਣ ਦੇ ਜਮਹੂਰੀ ਹੱਕ ਨੂੰ ਹੀ ਦੇਸ਼ ਵਿਰੋਧੀ ਜੁਰਮ ਬਣਾ ਦਿੱਤਾ। ਔਰਤਾਂ ਦੀ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਲੜਕੀਆਂ ਨੂੰ ਰਾਤ-ਭਰ ਹਿਰਾਸਤ ਵਿਚ ਰੱਖਿਆ ਗਿਆ, ਔਰਤ ਪ੍ਰਦਰਸ਼ਨਕਾਰੀਆਂ ਨਾਲ ਜਿਨਸੀ ਛੇੜ-ਛਾੜ ਕੀਤੀ ਗਈ ਅਤੇ ਕੁਝ ਵਿਦਿਆਰਥੀਆਂ ਉੱਪਰ ਬੇਕਿਰਕੀ ਨਾਲ ਤਸ਼ੱਦਦ ਕੀਤਾ ਗਿਆ। ਪੁਲਿਸ ਅਧਿਕਾਰੀਆਂ ਵੱਲੋਂ ਵਕੀਲਾਂ ਨੂੰ ਪੁਲਿਸ ਥਾਣਿਆਂ ਵਿਚ ਜਾ ਕੇ ਹਿਰਾਸਤ ਵਿਚ ਲਏ ਗਏ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਵੀ ਨਹੀਂ ਦਿੱਤਾ ਗਿਆ। ਜੋ ਇਸਦਾ ਸਬੂਤ ਹੈ ਕਿ ਤਸ਼ੱਦਦ ਅਤੇ ਝੂਠੇ ਕੇਸਾਂ ਲਈ ਬਦਨਾਮ ਦਿੱਲੀ ਪੁਲਿਸ ਪ੍ਰਦਰਸ਼ਨਕਾਰੀਆਂ ਨਾਲ ਕੀਤੀ ਬਦਤਮੀਜ਼ੀ, ਵਹਿਸ਼ਤ ਅਤੇ ਤਸ਼ੱਦਦ ਨੂੰ ਲੁਕੋਣਾ ਚਾਹੁੰਦੀ ਹੈ। ਜੇਕਰ ਮੁਲਕ ਦੀ ਰਾਜਧਾਨੀ 'ਚ ਭਾਰਤੀ ਰਾਜ ਸਧਾਰਨ ਪ੍ਰਦਰਸ਼ਨਕਾਰੀਆਂ ਨਾਲ ਇਸ ਤਰੀਕੇ ਨਾਲ ਪੇਸ਼ ਆ ਸਕਦਾ ਹੈ ਤਾਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਦੂਰ-ਦਰਾਜ ਆਦਿਵਾਸੀ ਇਲਾਕਿਆਂ ਵਿਚ ਕਿੰਨੇ ਜ਼ੁਲਮ ਕੀਤੇ ਜਾ ਰਹੇ ਹੋਣਗੇ।

ਭਾਰਤ ਦੀਆਂ ਸਮੂਹ ਜਨਤਕ ਜਮਹੂਰੀ ਤਾਕਤਾਂ ਨੂੰ ਅਜਿਹੇ ਕੇਸਾਂ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਗ੍ਰਿਫ਼ਤਾਰ ਵਿਦਿਆਰਥੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਦੇ ਨਾਲ-ਨਾਲ ਜਾਬਰ ਸੱਤਾ ਵਿਰੁੱਧ ਸੰਘਰਸ਼ ਦੇ ਜਮਹੂਰੀ ਹੱਕ ਦੀ ਰਾਖੀ ਲਈ ਵੀ ਤਨਦੇਹੀ ਨਾਲ ਲੜਨਾ ਹੋਵੇਗਾ। ਝੂਠੇ ਕੇਸ, ਹਿਰਾਸਤ ਵਿਚ ਤਸ਼ੱਦਦ, ਖ਼ਾਸ ਕਰਕੇ ਲੜਕੀਆਂ ਨਾਲ ਜਿਨਸੀ ਛੇੜ-ਛਾੜ, ਔਰਤਾਂ ਦੀ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ; ਝੂਠੇ ਮੁਕਾਬਲੇ, ਆਦਿਵਾਸੀਆਂ ਇਲਾਕਿਆਂ ਵਿਚ ਕਤਲੇਆਮ ਦੇ ਜਾਇਜ਼ ਮੁੱਦੇ ਉਠਾਉਣ ਵਾਲੇ ਵਿਦਿਆਰਥੀਆਂ, ਔਰਤਾਂ ਅਤੇ ਹੋਰ ਨਾਗਰਿਕਾਂ ਨੂੰ ਬਦਨਾਮ ਕਰਨ ਲਈ ਚਲਾਏ ਜਾ ਰਹੇ ਰਾਸ਼ਟਰ-ਵਿਰੋਧੀ ਹੋਣ ਦੇ ਝੂਠਾ ਬਿਰਤਾਂਤ ਵਿਰੁੱਧ ਮਜ਼ਬੂਤ ਲੋਕ-ਰਾਇ ਖੜ੍ਹੀ ਕਰਨ ਲਈ ਵੱਡਾ ਹੰਭਲਾ ਮਾਰਨ ਦੀ ਲੋੜ ਹੈ।

ਕਾਰਗਰ ਵਿਰੋਧ ਦੀ ਅਣਹੋਂਦ 'ਚ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਦਿਨੋਂ-ਦਿਨ ਲੋਕਾਂ ਨੂੰ ਝੂਠੇ ਬਿਰਤਾਂਤਾਂ ਰਾਹੀਂ ਦਹਿਸ਼ਤਜ਼ਦਾ ਕਰਕੇ ਹੋਰ ਵੀ ਬੇਕਿਰਕੀ ਨਾਲ ਕੁਚਲਣ ਅਤੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਬੇਰੋਕ-ਟੋਕ ਲਾਗੂ ਕਰਨ ਵੱਲ ਵਧ ਰਹੀ ਹੈ। ਕਿਸਾਨ ਅੰਦੋਲਨ, ਪੰਜਾਬ ਯੂਨੀਵਰਸਿਟੀ ਅੰਦੋਲਨ ਵਰਗੇ ਅੰਦੋਲਨਾਂ ਨੇ ਫਾਸ਼ੀਵਾਦੀ ਹਕੂਮਤ ਨੂੰ ਕਾਮਯਾਬੀ ਨਾਲ ਪਿੱਛੇ ਧੱਕਿਆ ਹੈ।

ਜੇਕਰ ਉਪਰੋਕਤ ਜਮਹੂਰੀ ਸਰੋਕਾਰਾਂ ਨੂੰ ਲੈ ਕੇ ਅਜਿਹਾ ਵੱਡਾ ਲੋਕ ਵਿਰੋਧ ਖੜ੍ਹਾ ਨਹੀਂ ਹੁੰਦਾ ਤਾਂ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਬਹੁਤ ਹੀ ਖ਼ਤਰਨਾਕ ਦਿਨ ਦੇਖਣੇ ਪੈਣਗੇ।

# ਸਾਹਿਤ ਸਭਾ ਦਿੱਲੀ ਵਲੋਂ ਧਰਮਿੰਦਰ ਦੀ ਇੱਛਾ ਪੂਰਤੀ



## ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਫਿਲਮੀ ਦੁਨੀਆਂ ਦੇ ਸਿਰਤਾਜ ਧਰਮਿੰਦਰ ਦੇ ਤੁਰ ਜਾਣ 'ਤੇ ਮੀਡੀਆ ਨੇ ਉਸਦੇ ਮਾਨਵੀ ਗੁਣਾਂ ਤੇ ਲੋੜਵੰਦਾਂ ਦੀ ਸਹਾਇਤਾ ਵਾਲੀ ਰੁਚੀ ਉੱਤੇ ਖ਼ੂਬ ਚਾਨਣਾ ਪਾਇਆ ਹੈ। ਉਸਦੀ ਸੰਗਤ ਵਿਚ ਫਿਲਮ ਅਭਿਨੇਤਰੀਆਂ ਦੇ ਅਤਿਅੰਤ ਸੁਰੱਖਿਅਤ ਹੋਣ ਵਾਲੇ ਪੱਖ ਨੂੰ ਉਭਾਰਦਿਆਂ ਉਹਦੇ ਨਾਲ ਕੰਮ ਕਰਨ ਵਾਲੀਆਂ ਸਾਧਨਾ, ਸ਼ਰਮੀਲਾ ਟੈਗੋਰ, ਲਤਾ ਮੰਗੇਸ਼ਕਰ, ਸਾਇਰਾ ਬਾਨੋ, ਨੂਤਨ, ਆਸ਼ਾ ਪਾਰੇਖ ਤੇ ਜ਼ੀਨਤ ਅਮਾਨ ਹੀ ਨਹੀਂ ਸੁਰਈਆ, ਮੀਨਾ ਕੁਮਾਰੀ ਤੇ ਹੇਮਾ ਮਾਲਿਨੀ ਦੇ ਨਾਂ ਵੀ ਚਰਚਾ ਵਿਚ ਹਨ ਜਿਥੋ ਮੀਨਾ ਕੁਮਾਰੀ ਦੀ ਸਾਂਝ ਵਿਚ ਕਦੀ ਕਦਾਈਂ ਦੋਹਾਂ ਦੇ ਕਵਿਤਾ ਲਿਖਣ ਦਾ ਸ਼ੌਕ ਹਾਵੀ ਸੀ। ਹੇਮਾ ਮਾਲਿਨੀ ਉਸਦੇ ਸਾਥ ਦੀ ਏਨੀ ਇੱਛੁਕ ਸੀ ਕਿ ਉਹਦੇ ਨਾਲ ਵਿਆਹ ਦੇ ਬੰਧਨ ਵਿਚ ਬੱਝਣ ਲਈ ਨਿਤਰ ਆਈ। ਫਿਲਮੀ ਦੁਨੀਆਂ ਵਿਚ ਸ਼ਾਇਦ ਧਰਮਿੰਦਰ ਹੀ ਅਜਿਹਾ ਸਿਤਾਰਾ ਹੈ ਜਿਸਨੇ ਦੋ ਵਿਆਹ ਕੀਤੇ ਤੇ ਦੋਵੇਂ ਬੀਵੀਆਂ ਇੱਕ ਦੂਜੀ ਨਾਲ ਰਲ-ਮਿਲ ਕੇ ਰਹੀਆਂ। ਪਹਿਲੀ ਪ੍ਰਕਾਸ਼ ਕੌਰ ਦੋ ਪੁਤਰਾਂ ਤੇ ਦੋ ਧੀਆਂ ਦੀ ਮਾਂ ਬਣੀ ਤੇ ਦੂਜੀ ਹੇਮਾ ਮਾਲਿਨੀ ਦੋ ਧੀਆਂ ਦੀ।

ਪੂਰਾ ਇਕ ਦਹਾਕਾ ਧਰਮਿੰਦਰ ਤੇ ਮੀਨਾ ਕੁਮਾਰੀ ਦੀ ਜੋੜੀ ਨੇ ਵੀ ਇਕੱਠਿਆਂ ਕੰਮ ਕਰਕੇ ਕਈ ਫਿਲਮਾ ਦਿੱਤੀਆਂ ਪਰ ਉਸਨੇ ਸਭ ਤੋਂ ਲੰਮਾ ਸਮਾਂ ਹੇਮਾ ਮਾਲਿਨੀ ਨਾਲ ਫਿਲਮਾਂ ਕੀਤੀਆਂ। ਇਸ ਜੋੜੀ ਨੇ 'ਸ਼ੋਅਲੇ', 'ਰਾਜ ਰਾਣੀ', 'ਸੀਤਾ ਔਰ ਗੀਤਾ', 'ਨਵਾਂ ਜ਼ਮਾਨਾ', 'ਪੱਥਰ ਔਰ ਪਾਇਲ', 'ਤੁਮ ਹੁਸੀਨ ਮੈਂ ਜਵਾਂ', 'ਜੁਗਨੂੰ', 'ਮਾਂ', 'ਚਾਚਾ ਭਤੀਜਾ' ਆਦਿ ਹਿੱਟ ਫਿਲਮਾਂ ਦਿੱਤੀਆਂ। ਤਿੰਨ ਸੌ ਫ਼ਿਲਮਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲਾ ਇਹ ਕਲਾਕਾਰ ਡਾਂਗੋ ਵਰਗੇ ਪੇਂਡੂ ਵਸਨੀਕ ਕੇਵਲ ਕ੍ਰਿਸ਼ਨ ਦੇ ਘਰ ਜਨਮ ਲੈ ਕੇ ਸਿਰਫ ਮੁੰਬਈ ਦੀ ਫ਼ਿਲਮੀ ਦੁਨੀਆਂ ਉੱਤੇ ਹੀ ਨਹੀਂ ਛਾਇਆ ਬੰਗਾਲੀ ਸਿਨੇਮਾ ਦਾ ਵੀ ਓਨਾ ਹੀ ਚਹੇਤਾ ਰਿਹਾ।

ਇਹ ਸਬੱਬ ਦੀ ਗੱਲ ਹੈ ਕਿ ਤਿੰਨ ਦਸੰਬਰ 2011 ਨੂੰ ਤੁਰ ਗਏ 114 ਫ਼ਿਲਮਾਂ ਨਾਲ ਜੁੜੇ ਬਾਲੀਵੁਡ ਅਦਾਕਾਰ ਦੇਵ ਅਨੰਦ ਨੂੰ ਵੀ ਇਨ੍ਹਾਂ ਦਿਨਾਂ ਵਿਚ ਹੀ ਚੇਤੇ ਕੀਤਾ ਜਾ ਰਿਹਾ ਹੈ। 1948 ਤੋਂ 1951 ਤੱਕ ਉਸਦੀ ਮੁਹੱਬਤ ਦੇ ਚਰਚੇ ਸੁਪ੍ਰਸਿੱਧ ਅਦਾਕਾਰਾ ਸੁਰੱਈਆ ਨਾਲ ਚੱਲੇ ਪਰ ਉਹ ਪੱਕੇ ਸਾਥੀ ਨਾ ਬਣ ਸਕੇ। ਅੰਤ ਉਸਨੇ ਫਿਲਮੀ ਅਦਾਕਾਰ ਕਲਪਨਾ ਕਾਰਤਿਕ ਨਾਲ ਸ਼ਾਦੀ ਕੀਤੀ ਜਿਸਨੇ ਦੇਵ ਅਨੰਦ ਦੀ ਫ਼ਿਲਮ ਟੈਕਸੀ ਡਰਾਈਵਰ ਵਿਚ ਨਾਇਕਾ ਦਾ ਰੋਲ ਕੀਤਾ ਸੀ। ਇਸ ਜੋੜੀ ਦੀ ਵੀ ਅੰਤਲੇ ਸਾਹਾਂ ਤੱਕ ਬਹੁਤ ਵਧੀਆ ਨਿਭੀ। ਸ਼ਾਇਦ ਇਸ ਲਈ ਕਿ ਫ਼ਿਲਮ ਜਗਤ ਵਿਚ ਇਕੱਠਾ ਕੰਮ ਕਰਨ ਵਾਲੇ ਇਕ ਦੂਜੇ ਨੂੰ ਏਨੀ ਚੰਗੀ ਤਰ੍ਹਾਂ ਜਾਨਣ ਲੱਗ ਜਾਂਦੇ ਹਨ ਕਿ ਉਨ੍ਹਾਂ ਵਿਚ ਮੁੜ ਕਦੀ ਵੀ ਕਿਸੇ ਤਰ੍ਹਾਂ ਦੀ ਤਰੇੜ ਨਹੀਂ ਆਉਂਦੀ।

ਧਰਮਿੰਦਰ ਦੇ ਸੁਭਾਅ ਦਾ ਇੱਕ ਪੱਖ ਇਹ ਵੀ ਸੀ ਕਿ




ਉਹ ਕਿਸੇ ਗੱਲ ਦੇ ਖਹਿੜੇ ਨਹੀਂ ਸੀ ਪੈਂਦਾ। ਮੀਡੀਆ ਨੇ ਦੱਸਿਆ ਹੈ ਕਿ ਉਹ ਆਪਣੇ ਜੱਦੀ ਪਿੰਡ ਡਾਂਗੋਂ ਵਿਚ ਆਪਣੇ ਪਿਤਾ ਦੇ ਨਾਂ ਉੱਤੇ ਲਾਇਬਰੇਰੀ ਦੇਖਣਾ ਚਾਹੁੰਦਾ ਸੀ। ਇੱਕ ਪੜਾਅ ਉੱਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੇ ਐਲਾਨ ਵੀ ਕੀਤਾ ਸੀ ਕਿ ਪੰਜਾਬ ਸਰਕਾਰ ਧਰਮਿੰਦਰ ਦੀ ਇਹ ਵਾਲੀ ਇੱਛਾ ਜ਼ਰੂਰ ਪੂਰੀ ਕਰੇਗੀ। ਇਹ ਐਲਾਨ ਵੀ ਰਾਜਨੀਤੀ ਤੱਕ ਹੀ ਸੀਮਤ ਸੀ। ਧਰਮਿੰਦਰ ਨੇ ਪਿੱਛਾ ਨਹੀਂ ਕੀਤਾ। ਹੁਣ ਮੀਡੀਆ ਵਿਚ ਧਰਮਿੰਦਰ ਦੀ ਇਸ ਭਾਵਨਾ ਦਾ ਜ਼ਿਕਰ ਉਸਦੇ ਅਕਾਲ ਚਲਾਣੇ ਉੱਤੇ ਆਉਣ ਉਪ੍ਰੰਤ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਨੇ ਇਸਨੂੰ ਆਪਣੀ ਦਿਹਾਤੀ ਲਾਇਬਰੇਰੀ ਸਕੀਮ ਰਾਹੀਂ ਪੂਰਾ ਕਰਨ ਦਾ ਮਨ ਬਣਾ ਕੇ ਉਹ ਡਾਂਗੋਂ ਪਿੰਡ ਦੇ ਸਰਪੰਚ ਅੰਮ੍ਰਿਤਪਾਲ ਸਿੰਘ ਉਰਫ ਬੌਬੀ ਨਾਲ ਤਾਲਮੇਲ ਕਰ ਰਹੀ ਹੈ।

ਚੇਤੇ ਰਹੇ ਕਿ ਇਹ ਵਾਲੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਵਿਚ ਪੈਂਦੇ ਪਿੰਡ ਬਹਿਲਪੁਰ ਦੇ ਜੰਮਪਲ ਸਵਰਗਵਾਸੀ ਹਰੀ ਸਿੰਘ ਨੇ 1943 ਵਿਚ ਰਜਿਸਟਰ ਕਰਵਾਈ ਸੀ। ਪ੍ਰਕਾਸ਼ਕ ਭਾਪਾ ਪ੍ਰੀਤਮ ਸਿੰਘ ਦੇ ਉੱਦਮ ਸਦਕਾ ਅੱਜ ਦੇ ਦਿਨ ਇਸ ਸਭ ਕੋਲ ਨਵੀਂ ਦਿੱਲੀ ਦੇ ਮਾਤਾ ਸੁੰਦਰੀ ਗੁਰਦਵਾਰਾ ਦੇ ਨੇੜੇ ਆਪਣੀ ਇਮਾਰਤ ਹੈ ਜਿਸਦਾ ਨਾਂ ਪੰਜਾਬੀ ਭਵਨ ਹੈ। ਇਹ ਭਵਨ ਏਨਾ ਚੰਗਾ ਹੈ ਕਿ ਇਸਦਾ ਕੁਝ ਹਿੱਸਾ ਕਿਰਾਏ ਉੱਤੇ ਦਿੱਤਾ ਹੋਣ ਕਾਰਨ। ਸਭਾ ਦੇ ਦਫਤਰ 'ਤੇ ਮੀਟਿੰਗਾਂ ਦਾ ਖਰਚਾ ਹੀ ਨਹੀਂ ਨਿਕਲਦਾ ਸਗੋਂ ਸਭਾ ਨੇ ਪੰਜਾਬ ਦੇ ਪਿੰਡਾਂ ਵਿਚ 200 ਦਿਹਾਤੀ ਲਾਇਬਰੇਰੀਆਂ ਸਥਾਪਤ ਕਰਨ ਦਾ ਪ੍ਰਬੰਧ ਵੀ ਕਰ ਰਖਿਆ ਹੈ। ਡਾਂਗੋਂ ਪਿੰਡ ਵਾਲੀ ਲਾਇਬਰੇਰੀ ਧਰਮਿੰਦਰ ਦੇ ਨਾਂ ਉੱਤੇ ਚੱਲੇਗੀ ਜਾਂ ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਸਿੰਘ ਦਿਉਲ ਦੇ ਨਾਂ ਉੱਤੇ ਇਸਦਾ ਫੈਸਲਾ ਪਿੰਡ ਦੀ ਪੰਚਾਇਤ ਨੇ ਕਰਨਾ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਇਸ ਵਾਲੇ ਪੰਜਾਬੀ ਭਵਨ ਦਾ ਨੀਂਹ ਪੱਥਰ 1990 ਵਿਚ ਉਸ ਵੇਲੇ ਦੇ ਵਿਦੇਸ਼ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਰਖਿਆ ਸੀ ਤੇ ਇਮਾਰਤ ਸੰਪੂਰਨ ਹੋਣ ਉਪ੍ਰੰਤ ਇਸਦੀ ਆਰਟ ਗੈਲਰੀ ਦਾ ਉਦਘਾਟਨ ਤੱਤਕਾਲੀ ਪ੍ਰਧਾਨ ਮੰਤਰੀ ਐਚ ਡੀ ਦੇਵਗੌੜਾ ਨੇ ਕੀਤਾ ਸੀ। ਏਥੇ ਇੱਕ ਖੁੱਲ੍ਹੀ ਡੁੱਲ੍ਹੀ ਲਾਇਬਰੇਰੀ ਵੀ ਹੈ। ਜਿੱਥੇ ਤਿੰਨ ਰੋਜ਼ਾਨਾ ਸਮਾਚਾਰ ਪੱਤਰ ਇੱਕ ਦਰਜਨ ਮਾਸਕ, ਦੋਮਾਸਕ ਤੇ ਤਰੈਮਾਸਕ ਰਸਾਲੇ ਲਗਾਤਾਰ ਆਉਂਦੇ ਹਨ।

ਸਭਾ ਦੇ ਪ੍ਰਬੰਧਕਾਂ ਨੂੰ ਇਸ ਗੱਲ ਦਾ ਅਫਸੋਸ ਹੈ ਕਿ ਉਨ੍ਹਾਂ ਨੂੰ ਧਰਮਿੰਦਰ ਦੀ ਇੱਛਾ ਦਾ ਪਤਾ ਨਹੀਂ ਸੀ ਨਹੀਂ ਤਾਂ ਉਨ੍ਹਾਂ ਨੇ ਡਾਂਗੋਂ ਪਿੰਡ ਵਾਲੀ ਲਾਇਬਰੇਰੀ ਧਰਮਿੰਦਰ ਦੇ ਜੀਉਂਦੇ ਜੀਆਂ ਚਾਲੂ ਕਰਕੇ ਇਸਦਾ ਉਦਘਾਟਨ ਧਰਮਿੰਦਰ ਤੋਂ ਕਰਵਾਉਣਾ ਸੀ।

ਕੁਝ ਏਸੇ ਤਰ੍ਹਾਂ ਦਾ ਅਫਸੋਸ ਫ਼ਿਲਮ ਜਗਤ ਦੇ ਜਾਣੇ ਪਹਿਚਾਣੇ ਲੇਖਕ ਨਿਰਦੇਸ਼ਕ ਸ੍ਰੀਰਾਮ ਰਾਘਵਨ ਨੂੰ ਹੈ ਜਿਸਦੀ ਧਰਮਿੰਦਰ ਵਾਲੀ ਇੱਕੀਸ ਨਾਂ ਦੀ ਫ਼ਿਲਮ ਦਸੰਬਰ 2025 ਵਿਚ ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨੀ ਸੀ। ਇਸ ਫ਼ਿਲਮ ਨੂੰ ਜਾਰੀ ਕਰਨ ਦੀ ਜਾਣਕਾਰੀ ਦੇਣ ਵਾਲਾ ਪੋਸਟਰ ਤਾਂ ਗੋਆ ਵਿਖੇ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਲੋਂ 24 ਨਵੰਬਰ 2025 ਨੂੰ ਵਿਖਾਇਆ ਗਿਆ ਪਰ ਇਸਦੇ ਜਾਰੀ ਹੋਣ ਤੋਂ ਪਹਿਲਾਂ ਹੀ ਇਸਦਾ ਨਾਇਕ ਸਦੀਵੀ ਵਿਛੋੜਾ ਦੇ ਗਿਆ। ਇਹ ਗੱਲ ਵੱਖਰੀ ਹੈ ਕਿ ਇਸ ਵਿਚ ਧਰਮਿੰਦਰ ਦੀ ਹੇਠ ਲਿਖੀ ਲਾਈਨ ਵਾਲੀ ਕਵਿਤਾ 'ਇੱਕੀਸ' ਦੇ ਦਰਸ਼ਕਾਂ ਨੂੰ ਧਰਮਿੰਦਰ ਦੀ ਯਾਦ ਦਿਵਾਂਦੀ ਰਹੇਗੀ।

'ਅੱਜ ਵੀ ਜੀ ਕਰਦਾ ਹੈ ਪਿੰਡ ਆਪਣੇ ਨੂੰ ਜਾਵਾਂ' ਸ੍ਰੀਰਾਮ ਰਾਘਵਨ ਨੇ ਇਸ ਲਾਈਨ ਵਾਲੀ ਕਵਿਤਾ ਧਰਮਿੰਦਰ ਕੋਲੋਂ ਉਸਦੇ ਖੰਡੇਲਵਾਲ ਫਾਰਮ ਹਾਊਸ ਦੀ ਫੇਰੀ ਸਮੇਂ ਸੁਣੀ ਤੇ ਇਸਨੂੰ ਫ਼ਿਲਮ 'ਇੱਕੀਸ' ਵਿਚ ਪਰੋ ਲਿਆ ਸੀ। ਉਸਦੇ ਕਹਿਣ ਅਨੁਸਾਰ ਧਰਮਿੰਦਰ ਡਾਂਗੋਂ ਪਿੰਡ ਵਿਚ ਚੁੱਲ੍ਹੇ ਅੱਗੇ ਬਹਿ ਕੇ ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਵੀ ਖਾਣੀ ਚਾਹੁੰਦਾ ਸੀ। ਉਸਦੀ ਇਹ ਸੱਧਰ ਵੀ ਧਰੀ ਧਰਾਈ ਰਹਿ ਗਈ। ਨਵੀਂ ਦਿੱਲੀ ਵਾਲੀ ਪੰਜਾਬੀ ਸਾਹਿਤ ਸਭਾ ਉਸਦੇ ਪਿਤਾ ਪੁਰਖੀ ਪਿੰਡ ਵਿਚ ਲਾਇਬਰੇਰੀ ਦਾ ਪ੍ਰਬੰਧ ਤਾਂ ਕਰ ਦੇਵੇਗੀ ਪਰ 'ਇੱਕੀਸ' ਵਾਲੀਆਂ ਰੀਝਾਂ ਉਹ ਆਪਣੇ ਨਾਲ ਹੀ ਲੈ ਗਿਆ।

ਉਹ ਮੇਰੇ ਨਾਲੋਂ ਉਮਰ ਵਿਚ ਛੋਟਾ ਸੀ ਪਰ ਪ੍ਰਾਪਤੀਆਂ ਵਿਚ ਬੇਅੰਤ ਵੱਡਾ। ਮੇਰੀ ਮੁਢਲੀ ਪੜ੍ਹਾਈ ਵਾਲੇ ਸਕੂਲ ਤੋਂ ਵੱਡਾ ਸੀ ਪਰ ਇਹ ਗੱਲ ਵੀ ਉਹਦੇ ਹੱਕ ਵਿਚ ਜਾਂਦੀ ਹੈ ਜਿਸਨੇ ਮਾੜੇ ਸਕੂਲ ਵਿਚ ਪੜ੍ਹ ਕੇ ਵੱਡੀਆਂ ਮੱਲਾਂ ਮਾਰੀਆਂ।


ਹਿੰਦੀ ਫ਼ਿਲਮਾਂ ਵਿਚ ਸਭ ਤੋਂ ਲੰਬਾ ਸਮਾਂ ਆਪਣੀ ਅਦਾਕਾਰੀ ਦਾ ਡੰਕਾ ਵਜਾਉਣ ਵਾਲਾ ਧਰਮ ਸਿੰਘ ਦਿਓਲ ਤੋਂ ਧਰਮਿੰਦਰ ਬਣਿਆ ਇਹ ਸਿਤਾਰਾ ਤਾਂ ਦੁਨੀਆ ਵਿਚ ਨਹੀਂ ਰਿਹਾ ਪਰ ਉਸ ਦੀਆਂ ਫ਼ਿਲਮ ਜਗਤ ਦੀਆਂ ਪ੍ਰਾਪਤੀਆਂ ਸਦਾ ਚੇਤੇ ਰਹਿਣਗੀਆਂ।

**ਅੰਤਿਕਾ**

ਸੀਰਤ ਕੇ ਹਮ ਗੁਲਾਮ ਹੈਂ ਸੂਰਤ ਹੁਈ ਤੋ ਕਿਆ
ਸੁਰਖ ਓ ਸਫੈਦ ਮਿੱਟੀ ਕੀ ਮੂਰਤ ਹੁਈ ਤੋ ਕਿਆ।

# ਸ਼ਾਰਟਵੇਵ ਰੇਡੀਓ ਦੀਆਂ ਅੰਤਰਰਾਸ਼ਟਰੀ ਆਵਾਜ਼ਾਂ ਵਿਚ ਕਿਉਂ ਮੱਧਮ ਹੈ ਆਲ ਇੰਡੀਆ ਰੇਡੀਓ ਦੀ ਆਵਾਜ਼!

ਭਾਰਤ ਦੀ ਸੱਭਿਆਚਾਰਕ ਆਵਾਜ਼ ਅਤੇ ਉਸ ਦੀ ਵਿਸ਼ਵ-ਪਹੁੰਚ ਦੇ ਕੇਂਦਰ ਵਿਚ ਕਈ ਦਹਾਕਿਆਂ ਤੱਕ ਸ਼ਾਰਟਵੇਵ ਰੇਡੀਓ ਇੱਕ ਅਹਿਮ ਮਾਧਿਅਮ ਰਿਹਾ ਹੈ। ਜਿੱਥੇ ਮੀਡੀਅਮ ਵੇਵ ਦੇ ਰੇਡੀਓ ਚੈਨਲਾਂ ਨੇ ਭਾਰਤ ਦੇ ਹਰ ਕੋਨੇ ਨੂੰ ਜੋੜਿਆ। ਉੱਥੇ 'ਆਲ ਇੰਡੀਆ ਰੇਡੀਓ' ਦੀ ਅੰਤਰਰਾਸ਼ਟਰੀ ਸ਼ਾਰਟਵੇਵ ਸੇਵਾਵਾਂ ਨੇ ਭਾਰਤ ਦੇ ਵਿਚਾਰ, ਸੱਭਿਆਚਾਰ, ਭਾਸ਼ਾਵਾਂ ਅਤੇ ਮਨੁੱਖਤਾ ਦੇ ਸੰਦੇਸ਼ ਨੂੰ ਗੁਆਂਢੀ ਦੇਸ਼ਾਂ ਅਤੇ ਵਿਸ਼ਵ ਭਰ ਵਿਚ ਅਰਬਾਂ ਲੋਕਾਂ ਤੱਕ ਪਹੁੰਚਾਇਆ ਹੈ।



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066

ਪਰ ਪਿਛਲੇ ਕੁਝ ਸਾਲਾਂ ਵਿਚ ਸ਼ਾਰਟਵੇਵ ਪ੍ਰਸਾਰਣ ਨੂੰ ਘਟਾਇਆ ਗਿਆ ਹੈ ਅਤੇ ਕਈ ਸੇਵਾਵਾਂ ਨੂੰ ਬੰਦ ਕੀਤਾ ਗਿਆ ਹੈ। ਜਿਸ ਨਾਲ ਭਾਰਤ ਦੀ ਇਸ ਅਹਿਮ ਆਵਾਜ਼ ਦੇ ਕਮਜ਼ੋਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਆਕਾਸ਼ਵਾਣੀ ਦੀ ਉਰਦੂ ਸੇਵਾ, ਵਿਵਿਧ ਭਾਰਤੀ ਅਤੇ ਹੋਰ ਕਈ ਸ਼ਾਰਟਵੇਵ ਚੈਨਲ ਜੋ ਕਦੇ ਦੱਖਣ ਏਸ਼ੀਆ, ਮੱਧ-ਪੂਰਬ ਅਤੇ ਕੇਂਦਰੀ ਏਸ਼ੀਆ ਵਿਚ ਸਭ ਤੋਂ ਜ਼ਿਆਦਾ ਸੁਣੇ ਜਾਂਦੇ ਸਨ, ਹੁਣ ਸ਼ਾਰਟਵੇਵ ਬੈਂਡ ਤੋਂ ਲਾਪਤਾ ਹਨ। ਜਲੰਧਰ ਮੀਡੀਅਮ ਵੇਵ ਤੋਂ ਚਲਦੇ ਪੰਜਾਬੀ ਪ੍ਰੋਗਰਾਮ—ਦੇਸ਼ ਪੰਜਾਬ ਅਤੇ ਯੁਵਵਾਣੀ—ਜੋ ਦੋਨੋਂ ਪਾਸਿਆਂ ਦੇ ਪੰਜਾਬੀ ਬੋਲਣ ਵਾਲੇ ਲੋਕਾਂ ਵਿਚ ਮਾਨਵਤਾ ਅਤੇ ਭਰੋਸੇ ਦੇ ਪੁਲ ਬਣਾਉਂਦੇ ਸਨ, ਉਹ ਮੀਡੀਅਮ ਵੇਵ ਤੋਂ ਬੰਦ ਕਰ ਦਿੱਤੇ ਗਏ ਹਨ। ਦੋਨੋ ਪ੍ਰੋਗਰਾਮ ਹੁਣ Newsonair ਐਪ/ਡੀਟੀਐਚ 'ਤੇ ਚਲ ਰਹੇ ਹਨ। ਮੀਡੀਅਮ ਵੇਵ ਤੇ ਇਹ ਉਹ ਚੈਨਲ/ਪ੍ਰੋਗਰਾਮ ਸਨ, ਜੋ ਗਰੀਬ ਸਰੋਤਿਆਂ ਅਤੇ ਪਰਵਾਸੀ ਮਜ਼ਦੂਰਾਂ ਲਈ ਮਾਤ-ਭਾਸ਼ਾ ਅਤੇ ਮਾਤ-ਭੂਮੀ ਨਾਲ ਜੋੜ ਬਣਾਈ ਰੱਖਦੇ ਸਨ। ਸਥਿਤੀ ਇਸ ਤਰ੍ਹਾਂ ਬਣ ਗਈ ਹੈ ਕਿ ਜਿੱਥੇ ਇੰਟਰਨੈੱਟ ਅਤੇ ਐਪ ਉਪਲਬਧ ਨਹੀਂ, ਉੱਥੇ ਆਵਾਜ਼ ਪਹੁੰਚਣੀ ਬੰਦ ਹੋ ਗਈ ਹੈ।

ਅੰਤਰਰਾਸ਼ਟਰੀ ਸੰਦਰਭ ਵਿਚ ਇਹ ਫੈਸਲਾ ਹੋਰ ਵੀ ਗੰਭੀਰ ਬਣ ਜਾਂਦਾ ਹੈ। ਦੁਨੀਆ ਦੇ ਵੱਡੇ ਦੇਸ਼ ਅਜੇ ਵੀ ਸ਼ਾਰਟਵੇਵ ਬੈਂਡ ਨੂੰ ਛੱਡਣ ਲਈ ਤਿਆਰ ਨਹੀਂ। ਚੀਨ ਆਪਣੇ ਦਰਜਨਾਂ ਸ਼ਾਰਟਵੇਵ ਟਰਾਂਸਮਿਟਰਾਂ ਰਾਹੀਂ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿਚ ਪ੍ਰਭਾਵ ਪੈਦਾ ਕਰ ਰਿਹਾ ਹੈ ਅਤੇ ਹਰ ਗੁਆਂਢੀ ਦੇਸ਼ ਲਈ ਉਸ ਦੀ ਭਾਸ਼ਾ ਵਿਚ ਪ੍ਰਸਾਰਣ ਕਰਦਾ ਹੈ। ਅਮਰੀਕਾ, ਰੂਸ, ਜਰਮਨੀ ਅਤੇ ਫਰਾਂਸ ਵੀ ਅਜੇ ਤੱਕ ਇਸ ਮਾਧਿਅਮ ਨੂੰ ਜ਼ਿੰਦਾ ਰੱਖੇ ਹੋਏ ਹਨ। ਹਾਲ ਹੀ ਵਿਚ ਫਿਲੀਪੀਨਜ਼ ਨੇ ਵੀ ਅੰਤਰਰਾਸ਼ਟਰੀ ਸ਼ਾਰਟਵੇਵ ਚੈਨਲ ਮੁੜ ਚਾਲੂ ਕਰ ਦਿੱਤੇ ਹਨ, ਜਿਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ਼ਾਰਟਵੇਵ ਰੇਡੀਓ 'ਪੁਰਾਣੀ ਤਕਨੀਕ' ਨਹੀਂ—ਸਗੋਂ ਅੰਤਰਰਾਸ਼ਟਰੀ ਸੰਚਾਰ ਦਾ ਅਜੇ ਵੀ ਭਰੋਸੇਮੰਦ ਅਤੇ ਰਣਨੀਤਕ ਸਾਧਨ ਹੈ।

ਅੰਤਰਰਾਸ਼ਟਰੀ ਸੰਚਾਰ ਕੇਵਲ ਤਕਨੀਕ ਦਾ ਵਿਸ਼ਾ ਨਹੀਂ, ਸਗੋਂ ਸੱਭਿਆਚਾਰਕ ਰਾਜਨੀਤੀ (Cultural Diplomacy) ਦਾ ਅਹਿਮ ਹਿੱਸਾ ਹੈ। ਜਦੋਂ ਇੱਕ ਦੇਸ਼ ਆਪਣੀ ਭਾਸ਼ਾ, ਸੰਗੀਤ, ਵਿਚਾਰਧਾਰਾ ਅਤੇ ਸੰਦੇਸ਼ ਨੂੰ ਦੁਨੀਆ ਤੱਕ ਲਗਾਤਾਰ ਅਤੇ ਬਿਨਾਂ ਰੁਕਾਵਟ ਪਹੁੰਚਾਉਂਦਾ ਹੈ, ਤਾਂ ਉਹ ਕੇਵਲ ਜਾਣਕਾਰੀ ਨਹੀਂ, ਬਲਕਿ ਪ੍ਰਭਾਵ ਵੀ ਬਣਾਉਂਦਾ ਹੈ। ਸ਼ਾਰਟਵੇਵ ਇਸ ਪ੍ਰਭਾਵ ਦਾ ਸਭ ਤੋਂ ਸਸਤਾ ਅਤੇ ਵਿਆਪਕ ਸਾਧਨ ਹੈ। ਜਿਹੜੇ ਦੇਸ਼ ਅੰਤਰਰਾਸ਼ਟਰੀ ਹਵਾ-ਤਰੰਗਾਂ 'ਤੇ ਆਪਣੀ ਆਵਾਜ਼ ਬਰਕਰਾਰ ਰੱਖਦੇ ਹਨ, ਉਨ੍ਹਾਂ ਦੀ ਮੌਜੂਦਗੀ ਹੀ ਉਨ੍ਹਾਂ ਦੀ ਤਾਕਤ ਬਣਦੀ ਹੈ—ਇਸ ਲਈ ਭਾਰਤ ਵਰਗੇ ਦੇਸ਼ ਲਈ ਇਹ ਸਿਰਫ਼ ਤਕਨੀਕੀ ਮਾਮਲਾ ਨਹੀਂ, ਸਗੋਂ ਰਣਨੀਤਕ ਜ਼ਿੰਮੇਵਾਰੀ ਹੈ।

ਇੰਟਰਨੈੱਟ ਦੇ ਯੁੱਗ ਵਿਚ ਵੀ ਸ਼ਾਰਟਵੇਵ ਦੀ ਲੋੜ ਇਸ ਲਈ ਕਾਇਮ ਹੈ ਕਿ ਇਹ ਬਿਨਾਂ ਕਿਸੀ ਵੱਡੇ ਬੁਨਿਆਦੀ ਢਾਂਚੇ ਅਤੇ ਬਿਨਾਂ ਕਿਸੇ ਨੈੱਟਵਰਕ ਦੇ ਕੰਮ ਕਰਦਾ ਹੈ। ਜਦ ਇੰਟਰਨੈੱਟ ਬੰਦ ਹੋ ਜਾਂਦਾ ਹੈ, ਜਦ ਹੜ, ਭੂਚਾਲ, ਸੁਨਾਮੀ ਆਦਿ ਦਾ ਸੰਕਟ ਆ ਜਾਂਦਾ ਹੈ ਜਾਂ ਜਦ ਰਾਜ ਸਰਕਾਰਾਂ ਜਾਣਕਾਰੀ ਰੋਕ ਦਿੰਦੀਆਂ ਹਨ, ਤਦ ਸ਼ਾਰਟਵੇਵ ਹੀ ਉਹ ਆਵਾਜ਼ ਹੁੰਦੀ ਹੈ, ਜੋ ਬੇਰੋਕ ਰਹਿੰਦੀ ਹੈ। ਇਹ ਤਰੰਗਾਂ ਪਹਾੜ, ਰੇਗਿਸਤਾਨ, ਸਮੁੰਦਰ, ਸਰਹੱਦ ਅਤੇ ਦੂਰ-ਦਰਾਜ ਬਸਤੀਆਂ ਤੱਕ ਬਿਨਾਂ ਰੁਕਾਵਟ ਪਹੁੰਚਦੀਆਂ ਹਨ। ਇੱਥੇ ਇਹ ਵੀ ਯਾਦ ਰਹੇ ਕਿ ਦੱਖਣੀ ਏਸ਼ੀਆ ਅਤੇ ਭਾਰਤ ਦੇ ਕਈ ਹਿੱਸੇ ਅਜੇ ਵੀ ਉਹ ਹਨ, ਜਿੱਥੇ ਨਾ ਐਫ਼ਐਮ ਹੈ, ਨਾ ਡੀਟੀਐਚ ਅਤੇ ਨਾ ਹੀ




ਭਰੋਸੇਯੋਗ ਇੰਟਰਨੈੱਟ ਹੈ।

ਭਾਰਤ ਜਿਹੇ ਵਿਸ਼ਾਲ ਅਤੇ ਭੂਗੋਲਿਕ ਤੌਰ 'ਤੇ ਵੱਖ-ਵੱਖ ਦੇਸ਼ਾਂ ਵਿਚ, ਡਿਜ਼ੀਟਲ ਡਿਵਾਈਸ ਅਜੇ ਵੀ ਇੱਕ ਹਕੀਕਤੀ ਸੁਪਨਾ ਹਨ। ਇੰਟਰਨੈੱਟ ਅਤੇ ਮੋਬਾਈਲ ਤਕਨੀਕ ਦਾ ਵਿਸਥਾਰ ਜ਼ਰੂਰ ਹੋਇਆ ਹੈ, ਪਰ ਅਜੇ ਵੀ ਕਰੋੜਾਂ ਲੋਕ ਅਜਿਹੇ ਹਨ ਜੋ ਆਨਲਾਈਨ ਮੀਡੀਆ 'ਤੇ ਨਿਰਭਰ ਨਹੀਂ ਰਹਿ ਸਕਦੇ। ਪ੍ਰਕ੍ਰਿਤਕ ਆਫ਼ਤਾਂ, ਬਾਰਡਰ ਟੈਨਸ਼ਨ ਜਾਂ ਨੀਤੀਗਤ ਬਲੌਕੇਡ ਦੇ ਸਮੇਂ, ਜਦੋਂ ਇੰਟਰਨੈੱਟ ਅਤੇ ਸੈਟੇਲਾਈਟ ਸੰਚਾਰ ਠੱਪ ਹੋ ਜਾਂਦਾ ਹੈ, ਤਦ ਰੇਡੀਓ ਖ਼ਾਸਕਰ ਸ਼ਾਰਟਵੇਵ ਸਭ ਤੋਂ ਭਰੋਸੇਯੋਗ ਮਾਧਿਅਮ ਸਾਬਤ ਹੁੰਦਾ ਹੈ। ਇਸ ਸੰਦਰਭ ਵਿਚ, ਸ਼ਾਰਟਵੇਵ ਦਾ ਬੰਦ ਹੋਣਾ ਲੋਕ-ਸੰਚਾਰ ਦੀ ਰਿੜਕ ਹੱਡੀ ਕਮਜ਼ੋਰ ਕਰਨ ਵਾਂਗ ਹੈ।

ਇਹ ਸਵਾਲ ਅਹਿਮ ਹੈ ਕਿ ਜੇ ਰੇਡੀਓ ਨੂੰ ਕੋਈ ਨਹੀਂ ਸੁਣਦਾ, ਤਾਂ ਫਿਰ ਚੀਨ, ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਅਜੇ ਵੀ ਰੋਜ਼ਾਨਾ ਮੀਡੀਅਮ ਵੇਵ ਅਤੇ ਸ਼ਾਰਟਵੇਵ 'ਤੇ ਕਿਉਂ ਪ੍ਰੋਗਰਾਮ ਚਲਾ ਰਹੇ ਹਨ? ਜੇ ਇਹ ਮਾਧਿਅਮ ਮ੍ਰਿਤ ਹੈ ਤਾਂ ਇਹ ਦੇਸ਼ ਇਸ ਨੂੰ ਜ਼ਿੰਦਾ ਰੱਖਣ 'ਤੇ ਕਿਉਂ ਧਿਆਨ ਦੇ ਰਹੇ ਹਨ? ਅਸਲ ਸਚਾਈ ਇਹ ਹੈ ਕਿ ਸ਼ਾਰਟਵੇਵ ਰੇਡੀਓ ਵਿਚਾਰਾਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ ਅਤੇ ਵਿਚਾਰ ਬਦਲਣ ਦੀ ਤਾਕਤ ਹੀ ਰਾਜਨੀਤਕ ਅਤੇ ਸੱਭਿਆਚਾਰਕ ਪ੍ਰਭਾਵ ਦੀ ਜੜ੍ਹ ਹੈ।

ਲੋੜ ਇਸ ਗੱਲ ਦੀ ਹੈ ਕਿ ਆਲ ਇੰਡੀਆ ਰੇਡੀਓ ਘੱਟੋ-ਘੱਟ ਦੋ ਉੱਚ-ਤਾਕਤ ਵਾਲੇ ਸ਼ਾਰਟਵੇਵ ਟਰਾਂਸਮੀਟਰ 24 ਘੰਟੇ ਚਾਲੂ ਰੱਖੇ ਅਤੇ ਉਰਦੂ ਸੇਵਾ, ਵਿਵਿਧ ਭਾਰਤੀ ਅਤੇ ਨਾਲ ਨਿਊਜ਼ ਆਨ ਏਅਰ ਨੂੰ ਦੁਬਾਰਾ ਸ਼ਾਰਟਵੇਵ 'ਤੇ ਪ੍ਰਸਾਰਿਤ ਕਰੇ। ਨਾਲ ਹੀ ਕੁਝ ਸੇਵਾਵਾਂ ਲੰਬੇ ਸਮੇ ਲਈ ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਮਿਆਂਮਾਰ ਬਰਮਾ, ਅਫ਼ਗਾਨਿਸਤਾਨ, ਚੀਨ ਦੇ ਇਲਾਕਿਆਂ ਅਤੇ ਅਰਬ ਖਾੜੀ ਤੱਕ ਰੋਜ਼ਾਨਾ ਉਨ੍ਹਾਂ ਦੀਆਂ ਭਾਸ਼ਾਵਾਂ ਵਿਚ ਚਲਾਈਆਂ ਜਾ ਸਕਦੀਆਂ ਹਨ। ਪਸ਼ਤੋਂ ਆਦਿ 'ਚ ਕੁਝ ਚਲਦੀਆਂ ਵੀ ਹਨ, ਪਰ ਕੁਝ ਉਹ ਜਿਆਦਾ ਹੀ ਸੰਖੇਪ ਸਮੇਂ ਦੀਆਂ ਹਨ। ਇਸ ਨਾਲ ਭਾਰਤ ਦੀ ਆਵਾਜ਼ ਦੁਬਾਰਾ ਦੱਖਣ ਏਸ਼ੀਆ ਵਿਚ ਨੇਤ੍ਰੀ ਸਥਿਤੀ ਹਾਸਲ ਕਰ ਸਕਦੀ ਹੈ ਅਤੇ ਦੋਸਤੀ, ਸਾਂਝ, ਮਨੁੱਖਤਾ ਅਤੇ ਸੱਭਿਆਚਾਰਕ ਸਮਨਵੈ ਦਾ ਮਜ਼ਬੂਤ ਨੈੱਟਵਰਕ ਦੁਬਾਰਾ ਬਣ ਸਕਦਾ ਹੈ।

ਇੱਕ ਵੱਡੇ ਅਤੇ ਪ੍ਰਭਾਵਸ਼ਾਲੀ ਦੇਸ਼ ਵਜੋਂ ਭਾਰਤ ਜੇ ਸ਼ਾਰਟਵੇਵ 'ਤੇ ਵਾਪਸੀ ਕਰਦਾ ਹੈ, ਤਾਂ ਹੋਰ ਦੇਸ਼ਾਂ ਲਈ ਵੀ ਇਹ ਪ੍ਰੇਰਨਾ ਦਾ ਸੰਦੇਸ਼ ਹੋਵੇਗਾ ਅਤੇ ਸੰਭਾਵਨਾ ਹੈ ਕਿ ਦੱਖਣ ਏਸ਼ੀਆ ਚ ਦੁਬਾਰਾ ਸ਼ਾਰਟਵੇਵ ਦਾ ਸੁਨਹਿਰੀ ਦੌਰ ਜੰਮ ਸਕੇ। ਜਿਵੇਂ ਪਹਿਲਾਂ ਰਾਤ ਦੇ ਅੰਨ੍ਹੇਰੇ ਵਿਚ ਸਰਹੱਦਾਂ ਦੇ ਦੋਨੋਂ ਪਾਸਿਆਂ ਦੇ ਲੋਕ ਦੂਰ ਦਰਾਜ ਦੀਆਂ ਆਵਾਜ਼ਾਂ ਸੁਣਦੇ ਹੋਏ ਮਨ ਮਿਲਾਉਂਦੇ ਸਨ।

ਇਹ ਸੁਝਾਵ ਕਿਸੇ ਰਾਜਨੀਤਕ ਟਿੱਪਣੀ ਦਾ ਹਿੱਸਾ ਨਹੀਂ, ਬਲਕਿ ਸਿਰਫ਼ ਇੱਕ ਤਕਨੀਕੀ, ਸੱਭਿਆਚਾਰਕ ਅਤੇ ਰਣਨੀਤਕ ਸੱਚਾਈ ਹੈ। ਭਾਰਤ ਦੀ ਆਵਾਜ਼ ਨੂੰ ਮਜ਼ਬੂਤ ਕਰਨ ਲਈ ਸ਼ਾਰਟਵੇਵ ਦੁਬਾਰਾ ਜ਼ਰੂਰੀ ਹੈ।

# ਜ਼ਿਮਨੀ ਚੋਣ ਅਗਲੀ ਸਰਕਾਰ ਦਾ ਕੋਈ ਪੈਮਾਨਾ ਨਹੀਂ ਹੁੰਦੀ

## ਹੰਕਾਰੀ ਸ਼ਬਦਾਵਲੀ ਛੱਡ ਕੇ ਲੋਕਾਂ ਨਾਲ ਸੰਪਰਕ ਸਥਾਪਤ ਕਰੇ ਅਕਾਲੀ ਦਲ

ਜ਼ਿਮਨੀ ਚੋਣਾਂ ਹਰ ਸਰਕਾਰ ਦੌਰਾਨ ਹੀ ਆਉਂਦੀਆਂ ਰਹਿੰਦੀਆਂ ਹਨ। ਚੋਣ ਦਾ ਐਲਾਨ ਹੁੰਦਾ ਹੈ, ਵੋਟਾਂ ਪੈਂਦੀਆਂ ਹਨ, ਨਤੀਜਾ ਆਉਂਦਾ ਹੈ ਅਤੇ ਜਿੱਤ ਚੁੱਕਿਆ ਉਮੀਦਵਾਰ



ਵਿਧਾਇਕ ਵਜੋਂ ਸਹੁੰ ਚੁੱਕ ਲੈਂਦਾ ਹੈ ਅਤੇ ਕੰਮ ਖਤਮ ਹੋ ਜਾਂਦਾ ਹੈ। ਪਰ ਪਿਛਲੇ ਦਿਨੀਂ ਤਰਨਤਾਰਨ ਹਲਕੇ ਦੀ ਜ਼ਿਮਨੀ ਚੋਣ ਦੇ ਜੇਤੂ ਸ. ਹਰਮੀਤ ਸਿੰਘ ਨੇ ਭਾਵੇਂ

**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਸਹੁੰ ਚੁੱਕ ਲਈ ਹੈ, ਪਰ ਇਸ ਚੋਣ ਦਾ ਕੰਮ ਅਜੇ ਸਮੇਟਿਆ ਹੋਇਆ ਨਜ਼ਰ ਨਹੀਂ ਆ ਰਿਹਾ। ਸਗੋਂ ਚੋਣ ਪ੍ਰਕਿਰਿਆ ਖਤਮ ਹੋਣ ਤੋਂ ਬਾਅਦ ਦਿਨੋਂ-ਦਿਨ ਚਰਚਾਵਾਂ ਵਧ ਰਹੀਆਂ ਹਨ, ਕਿ ਚੋਣਾਂ ਸਮੇਂ ਕੀ ਹੋਇਆ?

ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸ੍ਰੀਮਤੀ ਸੁਖਵਿੰਦਰ ਕੌਰ ਰੰਧਾਵਾ ਸੀ ਅਤੇ ਉਸਦੀ ਕਵਰਿੰਗ ਉਮੀਦਵਾਰ ਵਜੋਂ ਉਸਦੀ ਧੀ ਕੰਚਨਪ੍ਰੀਤ ਕੌਰ ਨੇ ਫਾਰਮ ਭਰੇ ਸਨ। ਜੋ ਕਾਫ਼ੀ ਸਮੇਂ ਤੋਂ ਕੈਨੇਡਾ ਰਹਿੰਦੀ ਹੈ। ਸ੍ਰੀਮਤੀ ਰੰਧਾਵਾ ਨੂੰ ਚੰਗੀਆਂ ਵੋਟਾਂ ਹਾਸਲ ਹੋਈਆਂ ਅਤੇ ਉਹ ਨਤੀਜੇ 'ਚ ਦੂਜੇ ਸਥਾਨ 'ਤੇ ਰਹੀ। ਇਸ ਨਤੀਜੇ ਤੋਂ ਅਕਾਲੀ ਦਲ ਬਹੁਤ ਖੁਸ਼ ਅਤੇ ਹੌਂਸਲੇ ਵਿਚ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਮਾੜੇ ਹਾਲਤ ਵਿਚ ਪਹੁੰਚ ਚੁੱਕੇ ਅਕਾਲੀ ਦਲ ਨੂੰ ਆਕਸੀਜਨ ਮਿਲੀ ਹੈ, ਪਰ ਇਸਦੇ ਨਾਲ-ਨਾਲ ਪਾਰਟੀ ਅਤੇ ਉਮੀਦਵਾਰ ਦੇ ਪਰਿਵਾਰ ਦੀ ਕਾਰਗੁਜ਼ਾਰੀ 'ਤੇ ਵੀ ਕਈ ਸੁਆਲ ਉੱਠ ਰਹੇ ਹਨ। ਅਕਾਲੀ ਉਮੀਦਵਾਰ ਦੀ ਧੀ ਬੀਬੀ ਕੰਚਨਪ੍ਰੀਤ ਕੌਰ ਹਲਕੇ ਵਿਚ ਮੁੱਖ ਬੁਲਾਰੇ ਵਜੋਂ ਵਿਚਰਦੀ ਰਹੀ ਅਤੇ ਉਸਨੇ ਮੁਹਿੰਮ ਨੂੰ ਪੂਰਾ ਭਖਾਇਆ ਤੇ ਪ੍ਰਚਾਰ ਕੀਤਾ। ਉਮੀਦਵਾਰ ਦੇ ਪਰਿਵਾਰਕ ਮੈਂਬਰ ਪ੍ਰਚਾਰ ਕਰਦੇ ਹੀ ਹੁੰਦੇ ਹਨ, ਇਸ ਗੱਲ ਦਾ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੋ ਸਕਦਾ, ਪਰ ਉਸਨੇ ਪ੍ਰਚਾਰ ਕਰਨ ਦਾ ਸਾਧਨ ਕਿਹੜਾ ਵਰਤਿਆ, ਇਹ ਹਰ ਬੁੱਧੀਜੀਵੀ ਤੇ ਜਾਗਰੂਕ ਵਿਅਕਤੀ ਨੂੰ ਜ਼ਰੂਰ ਚੁੱਭਦਾ ਹੈ।

ਕੰਚਨਪ੍ਰੀਤ 'ਤੇ ਦੋਸ਼ ਲਗਦੇ ਰਹੇ ਕਿ ਉਸਦੇ ਇਸ ਹਲਕੇ ਦੇ ਇੱਕ ਵੱਡੇ ਗੈਂਗਸਟਰ ਅੰਮ੍ਰਿਤਪਾਲ ਸਿੰਘ ਬਾਠ ਨਾਲ ਨਜ਼ਦੀਕੀ ਸਬੰਧ ਹਨ, ਜਿਸ 'ਤੇ ਕਈ ਮੁਕੱਦਮੇ ਦਰਜ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੰਚਨਪ੍ਰੀਤ ਕੌਰ ਕੈਨੇਡਾ ਵਿਚ ਇਸ ਅੰਮ੍ਰਿਤਪਾਲ ਬਾਠ ਨਾਲ ਲਿਵ ਇਨ ਰਿਲੇਸ਼ਨ ਦੇ ਤੌਰ 'ਤੇ ਕਈ ਸਾਲਾਂ ਤੋਂ ਰਹਿ ਰਹੀ ਹੈ। ਚੋਣਾਂ ਸਮੇਂ ਵੋਟਰਾਂ ਨੂੰ ਉਸ ਰਾਹੀਂ ਧਮਕੀਆਂ ਦਿਵਾਈਆਂ ਗਈਆਂ, ਕਿ ਜੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਨੂੰ ਵੋਟ ਪਾਈ ਗਈ ਤਾਂ ਉਸਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਅਕਾਲੀ ਦਲ ਨੂੰ ਵੋਟ ਪਾਉਣ ਲਈ ਹਦਾਇਤਾਂ ਵੀ ਕੀਤੀਆਂ ਗਈਆਂ। ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਮੁਕੱਦਮੇ ਵੀ ਦਰਜ ਹੋਏ ਹਨ। ਆਮ ਲੋਕ ਅਜਿਹੇ ਮੁਕੱਦਮਿਆਂ ਨੂੰ ਵੀ ਕਈ ਵਾਰ ਝੂਠੇ ਮੰਨ ਜਾਂਦੇ ਹਨ, ਪਰ ਕੰਚਨਪ੍ਰੀਤ ਦੇ ਭਾਰਤ ਆਉਣ ਤੇ ਵਾਪਸ ਜਾਣ, ਗੈਂਗਸਟਰ ਬਾਠ ਨਾਲ ਸਬੰਧਾਂ ਅਤੇ ਉਸ ਵਿਰੁੱਧ ਦਰਜ ਮੁਕੱਦਮਿਆਂ ਬਾਰੇ ਕਾਫ਼ੀ ਕੁੱਝ ਸਪਸ਼ਟ ਕਰਦੇ ਹਨ। ਕੰਚਨਪ੍ਰੀਤ ਕੌਰ ਕੈਨੇਡਾ ਤੋਂ ਨੇਪਾਲ ਰਸਤੇ ਚੋਣਾਂ ਤੋਂ ਪਹਿਲਾਂ ਭਾਰਤ ਆਈ, ਕਰੀਬ ਦੋ ਮਹੀਨੇ ਪੰਜਾਬ 'ਚ ਰਹਿ ਕੇ ਪ੍ਰਚਾਰ ਕੀਤਾ। ਵੋਟਾਂ ਪੈਣ ਤੋਂ ਤੁਰੰਤ ਬਾਅਦ ਨੇਪਾਲ ਰਸਤੇ ਹੀ ਕੈਨੇਡਾ ਵੱਲ ਚੋਰੀ ਚੋਰੀ ਚਲੀ ਗਈ। ਜੇਕਰ ਉਹ ਸੱਚੀ ਸੀ, ਉਸਦਾ ਕੋਈ ਕਸੂਰ ਜਾਂ ਦੋਸ਼ ਨਹੀਂ ਸੀ ਤਾਂ ਉਸਨੇ ਅਜਿਹਾ ਕਿਉਂ ਕੀਤਾ? ਉਸਦੀ ਇਹ ਕਾਰਵਾਈ ਵੋਟਰਾਂ ਨੂੰ ਧਮਕਾਉਣ ਵਾਲੇ ਮੁਕੱਦਮਿਆਂ ਨੂੰ ਜਾਇਜ਼ ਠਹਿਰਾਉਣ ਵੱਲ ਇਸ਼ਾਰਾ ਕਰਦੀ ਹੈ। ਸੁਆਲ ਉੱਠਦਾ ਹੈ ਕਿ ਅਕਾਲੀ ਦਲ ਹੁਣ ਗੈਂਗਸਟਰਾਂ ਨੂੰ ਮੂਹਰੇ ਲਾ ਕੇ ਚੋਣਾਂ ਲੜਿਆ ਕਰੇਗਾ, ਇਹ ਰੁਝਾਨ ਰਾਜਨੀਤੀ ਲਈ ਲਾਭਦਾਇਕ ਨਹੀਂ ਹੋਵੇਗਾ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਕਦੇ ਅਜਿਹੀ ਨੀਤੀ ਦਾ ਮੁਦੱਈ ਰਿਹਾ ਹੈ।



ਦੂਜੀ ਗੱਲ ਨਤੀਜੇ ਵਿਚ ਦੂਜੇ ਸਥਾਨ 'ਤੇ ਆ ਜਾਣ ਬਾਅਦ ਅਕਾਲੀ ਦਲ ਨੇ ਹੰਕਾਰੀ ਲਹਿਜ਼ੇ ਵਿਚ ਪ੍ਰਚਾਰ ਕੀਤਾ ਕਿ ਅਗਲੀ ਸਰਕਾਰ ਉਨ੍ਹਾਂ ਦੀ ਪਾਰਟੀ ਦੀ ਹੋਵੇਗੀ ਅਤੇ ਸ. ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਹੋਣਗੇ। ਲੋਕਾਂ 'ਤੇ ਪ੍ਰਭਾਵ ਬਣਾਉਣ ਅਤੇ ਵਿਰੋਧੀਆਂ ਨੂੰ ਡਰਾਉਣ ਦੇ ਇਰਾਦੇ ਨਾਲ ਸੁਖਬੀਰ ਬਾਦਲ ਨੂੰ ਡਾਇਨਾਸੋਰ ਦਾ ਸੰਗਲ ਫੜ ਕੇ ਤੁਰਿਆ ਜਾਂਦਾ ਵਿਖਾਇਆ ਗਿਆ, ਜਿਵੇਂ ਇਹ ਹਊਆ ਖੜਾ ਕੀਤਾ ਜਾਵੇ ਕਿ 'ਆ ਗਿਆ ਸੁਖਬੀਰ ਬਾਦਲ' ਵੱਡੀ ਸ਼ਕਤੀ ਹਾਸਲ ਕਰਕੇ, ਜਿਹੜਾ ਡਾਇਨਾਸੋਰ ਨੂੰ ਵੀ ਕਾਬੂ ਕਰ ਲਵੇਗਾ। ਅਸਲ ਵਿਚ ਡਾਇਨਾਸੋਰ ਨੂੰ ਵਿਰੋਧੀ ਧਿਰ ਜਾਂ ਅਫ਼ਸਰਸ਼ਾਹੀ ਵਜੋਂ ਪੇਸ਼ ਕੀਤਾ ਗਿਆ ਸੀ। ਇਹ ਪ੍ਰਚਾਰ ਵੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਸਿੱਖ ਸਿਧਾਂਤ ਅਨੁਸਾਰ ਸੰਗਤਾਂ ਮੂਹਰੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਦੇ ਵਿਰੁੱਧ ਹੈ। ਇੱਥੇ ਹੀ ਬੱਸ ਨਹੀਂ ਸ. ਸੁਖਬੀਰ ਸਿੰਘ ਬਾਦਲ ਤਾਂ ਅਗਲੀ ਸਰਕਾਰ ਲਈ ਮੰਤਰੀਆਂ ਦਾ ਐਲਾਨ ਵੀ ਕਰਨ ਲੱਗ ਪਿਆ, ਜਿਵੇਂ ਸਰਕਾਰ ਤਾਂ ਬਣ ਗਈ ਹੋਵੇ ਬੱਸ ਸਹੁੰ ਚੁੱਕਣੀ ਹੀ ਰਹਿੰਦੀ ਹੋਵੇ। ਇੱਥੇ ਹੀ ਬੱਸ ਨਹੀਂ! ਪਾਰਟੀ ਪ੍ਰਧਾਨ ਸ. ਬਾਦਲ ਭਾਸ਼ਣਾਂ ਵਿਚ ਕਹਿ ਰਹੇ ਹਨ ਕਿ ਸੱਤਾ ਸੰਭਾਲ ਲੈਣ 'ਤੇ ਅਕਾਲੀ ਸਰਕਾਰ ਪਹਿਲਾਂ ਵਾਂਗ ਡਟ ਕੇ ਕੰਮ ਕਰੇਗੀ। ਪਰ ਸ਼ਾਇਦ ਉਹ ਭੁੱਲ ਗਏ ਹਨ ਕਿ ਉਨ੍ਹਾਂ ਦੀ ਪਹਿਲੀ ਸਰਕਾਰ ਵੇਲੇ ਹੋਏ ਕੰਮਾਂ ਕਾਰਨ ਹੀ ਅਕਾਲੀ ਦਲ ਅਰਸ਼ ਤੋਂ ਫਰਸ਼ 'ਤੇ ਆ ਗਿਆ ਸੀ। ਸ. ਬਾਦਲ ਨੂੰ ਅਕਾਲੀ ਸਰਕਾਰ ਵੇਲੇ ਦੇ ਮੰਤਰੀ ਮੰਡਲ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਖੜ੍ਹ ਕੇ ਮੁਆਫ਼ੀਆਂ ਮੰਗਣੀਆਂ ਪਈਆਂ ਸਨ ਅਤੇ ਧਾਰਮਿਕ ਸਜ਼ਾ ਭੁਗਤਣੀ ਪਈ ਸੀ। ਕੀ ਅਗਲੀ ਸਰਕਾਰ ਬਣਨ ਤੇ ਵੀ ਉਹੋ ਜਿਹੇ ਕੰਮ ਹੀ ਹੋਣਗੇ, ਜੋ ਪਿਛਲੀ ਸਰਕਾਰ ਵੇਲੇ ਹੋਏ ਸਨ।

ਜ਼ਿਮਨੀ ਚੋਣ ਨਤੀਜੇ ਵਿਚ ਦੂਜੇ ਸਥਾਨ 'ਤੇ ਆਉਣ ਨਾਲ ਸਰਕਾਰ ਨਹੀਂ ਬਣ ਜਾਂਦੀ, ਜੇ ਮਨਦੀਪ ਸਿੰਘ ਦੂਜੇ ਨੰਬਰ 'ਤੇ ਆ ਜਾਂਦਾ ਤਾਂ ਕੀ ਉਸਦੀ ਸਰਕਾਰ ਬਣ ਜਾਂਦੀ? ਜੇ ਕੋਈ ਆਜ਼ਾਦ ਦੂਜੇ ਸਥਾਨ 'ਤੇ ਆ ਜਾਂਦਾ ਤਾਂ ਕੀ ਉਹ ਅਗਲੀ ਸਰਕਾਰ ਬਣਾ ਲੈਂਦਾ? ਦੂਜੇ ਸਥਾਨ 'ਤੇ ਆਉਣਾ ਨਾ ਕੋਈ ਪੈਮਾਨਾ ਹੈ ਅਤੇ ਨਾ ਹੀ ਭਵਿੱਖ ਦਾ ਕੋਈ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜੇ ਕਾਂਗਰਸ ਏਕਤਾ ਨਾਲ ਜਿੱਤ ਹਾਸਲ ਕਰਨ ਵਾਸਤੇ ਚੋਣ ਲੜਦੀ ਤਾਂ ਸ਼ਾਇਦ ਉਹ ਵੀ ਦੂਜੇ ਸਥਾਨ 'ਤੇ ਆ ਸਕਦੀ ਸੀ, ਪਰ ਉਹ ਤਾਂ ਹਾਰਨ-ਹਰਾਉਣ ਦੀ ਲੜਾਈ ਹੀ ਲੜ ਰਹੀ ਸੀ। ਦੂਜੇ ਪਾਸੇ ਆਮ ਆਦਮੀ ਪਾਰਟੀ 'ਤੇ ਦੋਸ਼ ਲੱਗ ਰਹੇ ਹਨ ਕਿ ਤਰਨ ਤਾਰਨ ਚੋਣ ਮੌਜੂਦਾ ਰਾਜ ਸਰਕਾਰ ਦੇ ਦਬਾਅ ਅਤੇ ਪੁਲਿਸ ਦੀ ਮੱਦਦ ਨਾਲ ਜਿੱਤੀ ਗਈ ਹੈ। ਕਾਫ਼ੀ ਹੱਦ ਤੱਕ ਇਹ ਸੱਚਾਈ ਵੀ ਹੋ ਸਕਦੀ ਹੈ, ਸਰਕਾਰ ਭਾਵੇਂ ਕੋਈ ਵੀ ਹੋਵੇ ਜ਼ਿਮਨੀ ਚੋਣ ਉਹ ਦਬਾਅ ਨਾਲ ਹੀ ਜਿੱਤਦੀ ਹੁੰਦੀ ਹੈ। ਤਰਨਤਾਰਨ ਦੀ ਇਹ ਜ਼ਿਮਨੀ ਚੋਣ ਸਮੇਂ ਕਥਿਤ ਤੌਰ 'ਤੇ ਪੁਲਿਸ ਰਾਜ, ਗੈਂਗਵਾਰ, ਗੁੰਡਾਗਰਦੀ, ਭ੍ਰਿਸ਼ਟਾਚਾਰ, ਧਮਕੀਆਂ ਆਦਿ ਦੀਆਂ ਚਰਚਾਵਾਂ ਵੀ ਹੁੰਦੀਆਂ ਰਹੀਆਂ ਹਨ।

ਸਿਆਸੀ ਪਾਰਟੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਡੰਡੇ ਦੇ ਜ਼ੋਰ ਨਾਲ ਲੋਕਰਾਜੀ ਹਕੂਮਤਾਂ ਨਹੀਂ ਚੱਲ ਸਕਦੀਆਂ, ਡਿਕਟੇਟਰਸ਼ਿਪ ਹੀ ਚੱਲ ਸਕਦੀ ਹੈ। ਪੰਜਾਬ ਦੇ ਲੋਕ ਤਾਨਾਸ਼ਾਹੀ ਦਾ ਨੱਕ ਭੰਨਣਾ ਵੀ ਜਾਣਦੇ ਹਨ। ਬੀਤੇ ਤੋਂ ਸਬਕ ਲੈ ਕੇ ਲੋਕ ਰਾਜ ਦੇ ਢੰਗ ਤਰੀਕਿਆਂ ਦੇ ਆਧਾਰ 'ਤੇ ਨੀਤੀਆਂ ਤੈਅ ਕਰਨੀਆਂ ਚਾਹੀਦੀਆਂ ਹਨ, ਡਰਾਵੇ ਧਮਕੀਆਂ ਨਾ ਲੋਕ ਹਿਤ ਵਿਚ ਹੋਣਗੀਆਂ ਅਤੇ ਨਾ ਸੂਬੇ ਦੇ ਹਿਤ ਵਿਚ। ਸ਼੍ਰੋਮਣੀ ਅਕਾਲੀ ਦਲ ਲਈ ਇਸ ਚੋਣ ਨਤੀਜੇ ਤੋਂ ਅਗਲੀ ਸਰਕਾਰ ਬਣ ਜਾਣ ਦਾ ਭੁਲੇਖਾ ਮਨ 'ਚੋਂ ਕੱਢ ਦੇਣਾ ਚਾਹੀਦਾ ਹੈ। ਦਲ ਦੀਆਂ ਪੁਰਾਤਨ ਰਿਵਾਇਤਾਂ ਅਨੁਸਾਰ ਆਮ ਲੋਕਾਂ ਵਿਚ ਸੰਪਰਕ ਸਥਾਪਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਹੰਕਾਰੀ ਸ਼ਬਦਾਵਲੀ ਸਹਾਈ ਨਹੀਂ ਹੋ ਸਕਦੀ, ਬਲਕਿ ਲੋਕਾਂ ਨਾਲੋਂ ਦੂਰੀਆਂ ਬਣਾਉਣ ਦਾ ਆਧਾਰ ਬਣ ਸਕਦੀ ਹੈ।

# 'ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ-2025' ਸਫਲਤਾਪੂਰਵਕ ਸੰਪੰਨ

## ਕਿਤਾਬ, ਸ਼ਬਦ, ਸੰਵਾਦ ਅਤੇ ਸੰਗੀਤ ਦੀ ਰੌਸ਼ਨੀ

ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ-2025, 15 ਤੋਂ 19 ਨਵੰਬਰ ਤੱਕ ਖਾਲਸਾ ਕਾਲਜ ਅੰਮ੍ਰਿਤਸਰ ਦੇ ਖੁੱਲ੍ਹੇ ਪੰਡਾਲ ਵਿਚ ਬੜੀ ਸ਼ਾਨੋ-ਸ਼ੌਕਤ ਅਤੇ ਸਾਂਝੀ ਸਭਿਆਚਾਰਕ ਮਹਿਕ ਨਾਲ ਸਫਲਤਾਪੂਰਵਕ ਸੰਪੰਨ ਹੋਇਆ। ਇਸ ਵਾਰ ਦਾ ਮੇਲਾ ਪੰਜਾਬ ਦੀ ਰੂਹਾਨੀ, ਸਾਹਿਤਕ ਅਤੇ ਬੌਧਿਕ ਪਰੰਪਰਾ ਦਾ ਮਹਾਨ ਜਸ਼ਨ ਬਣ ਕੇ ਉਭਰਿਆ। ਦੇਸ਼ ਭਰ ਤੋਂ 130 ਤੋਂ ਵੱਧ ਪ੍ਰਕਾਸ਼ਕ ਅਤੇ 150 ਤੋਂ ਵੱਧ ਲੇਖਕ, ਚਿੰਤਕ, ਕਲਾਕਾਰ ਤੇ ਵਿਚਾਰਕ ਆਪਣੀਆਂ ਰਚਨਾਵਾਂ, ਵਿਚਾਰਾਂ ਅਤੇ ਰੰਗਾਂ ਦੇ ਨਾਲ ਇਸ ਪੰਜ-ਰੋਜ਼ੇ ਜਲਸੇ ਵਿਚ ਸ਼ਿਰਕਤ ਕਰਨ ਪਹੁੰਚੇ। ਪੁਸਤਕਾਂ, ਸ਼ਬਦ, ਸੰਵਾਦ

**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 70873 20578**

ਅਤੇ ਸੰਗੀਤ ਦੀ ਰੌਣਕ ਨੇ ਇਸ ਮੇਲੇ ਨੂੰ ਇੱਕ ਜੀਵੰਤ ਸਭਿਆਚਾਰਕ ਹਰਮਨ-ਪਿਆਰਾ ਤਿਉਹਾਰ ਬਣਾ ਦਿੱਤਾ।

ਪੰਜਾਬ ਦਾ ਗਿਆਨ, ਕਿਤਾਬ ਅਤੇ ਸੰਗੀਤ ਨਾਲ ਰਿਹਾਂ ਦਾ ਨਾਤਾ ਸਦੀਵਾਂ ਤੋਂ ਗੂੜ੍ਹਾ ਰਿਹਾ ਹੈ। ਇਹ ਧਰਤੀ ਚਾਹੀਆਂ-ਅਣਚਾਹੀਆਂ ਜੰਗਾਂ ਦਾ ਮੈਦਾਨ ਭਾਵੇਂ ਬਣੀ ਰਹੀ, ਪਰ ਇਸਦੇ ਹਿਰਦੇ ਵਿਚ ਕਲਾ, ਕਵਿਤਾ, ਸੰਗਤ ਅਤੇ ਮਨੁੱਖਤਾ ਦੀ ਜੋਤ ਕਦੇ ਮੰਦ ਨਹੀਂ ਪਈ। ਅੱਜ ਦੇ ਤਕਨੀਕੀ ਯੁੱਗ ਵਿਚ ਆਪਣੀਆਂ ਨਵੀਂ ਪੀੜ੍ਹੀਆਂ ਨੂੰ ਕਿਤਾਬਾਂ, ਵਿਰਾਸਤ, ਸ਼ਬਦ ਅਤੇ ਸੰਵਾਦ ਨਾਲ ਜੋੜਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸੇ ਕਾਰਨ, ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਹਰ ਸਾਲ ਪੰਜਾਬ ਦੇ ਪਾਠਕਾਂ, ਲੇਖਕਾਂ ਅਤੇ ਕਲਾਕਾਰਾਂ ਲਈ ਪ੍ਰੇਰਣਾ ਦਾ ਇੱਕ ਪ੍ਰਮੁੱਖ ਕੇਂਦਰ ਬਣਦਾ ਜਾ ਰਿਹਾ ਹੈ।

ਉਦਘਾਟਨੀ ਸਮਾਰੋਹ ਵਿਦਿਆਰਥੀਆਂ ਦੇ ਸ਼ਬਦ ਗਾਇਨ ਨਾਲ ਸ਼ੁਰੂ ਹੋਇਆ। ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਸਮਾਗਮ ਵਿਚ ਸ. ਰਜਿੰਦਰ ਮੋਹਨ ਸਿੰਘ ਛੀਨਾ, ਡਾ. ਮਹਿਲ ਸਿੰਘ, ਡਾ. ਕਰਮਜੀਤ ਸਿੰਘ ਅਤੇ ਸ. ਨਵਦੀਪ ਸਿੰਘ ਸੂਰੀ ਵਰਗੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਨੇ ਇਸ ਮੇਲੇ ਨੂੰ ਹੋਰ ਵੀ ਮਾਣਯੋਗ





ਬਣਾ ਦਿੱਤਾ। ਸਾਰੇ ਵਿਦਵਾਨਾਂ ਨੇ ਕਿਤਾਬੀ ਸਭਿਆਚਾਰ ਦੇ ਵਧਾਅ, ਨਵੀਂ ਪੀੜ੍ਹੀ ਵਿਚ ਪੜ੍ਹਨ ਦੀ ਘਟਦੀ ਰੁਚੀ, ਅਤੇ ਪੰਜਾਬੀ ਭਾਸ਼ਾ ਦੀ ਮਹੱਤਤਾ ਬਾਰੇ ਕੀਮਤੀ ਵਿਚਾਰ ਸਾਂਝੇ ਕੀਤੇ। ਇਸੇ ਦਿਨ 'ਵਿਚਿ ਦੁਨੀਆ ਸੇਵ ਕਮਾਈਐ' ਸੈਸ਼ਨ ਵਿਚ ਡਾ. ਇੰਦਰਜੀਤ ਕੌਰ ਅਤੇ ਰਵਿੰਦਰ ਸਿੰਘ ਰੌਬਿਨ ਨੇ ਮਨੁੱਖਤਾ ਦੀ ਸੇਵਾ ਨੂੰ ਅੱਜ ਦੇ ਸਮੇਂ ਵਿਚ ਇੱਕ ਨਵੀਂ ਪਰਿਭਾਸ਼ਾ ਦਿੱਤੀ।

ਦੂਜੇ ਦਿਨ 'ਪੰਜਾਬ ਦੀ ਵੰਡ ਅਤੇ ਪੰਜਾਬੀ ਮਾਨਸਿਕਤਾ' 'ਤੇ ਕੇਂਦਰਿਤ ਵਿਚਾਰ-ਚਰਚਾ ਨੇ ਸਰੋਤਿਆਂ ਨੂੰ ਸੁਤੰਤਰਤਾ ਅਤੇ ਵੰਡ ਦੇ ਸਮੇਂ ਦੀਆਂ ਮਨੁੱਖੀ ਕਹਾਣੀਆਂ ਨਾਲ ਮੁੜ ਰੂਬਰੂ ਕਰਾਇਆ। ਵੱਖ-ਵੱਖ ਵਿਦਵਾਨਾਂ ਨੇ 1947 ਦੀ ਵੰਡ ਦੇ ਮਨੋਵਿਗਿਆਨਕ, ਸਮਾਜਿਕ ਅਤੇ ਰਾਜਨੀਤਿਕ ਪ੍ਰਭਾਵਾਂ ਉਤੇ ਗਹਿਰਾਈ ਨਾਲ ਵਿਚਾਰ ਕੀਤਾ ਅਤੇ ਇਹ ਵਧੀਆ ਤਰੀਕੇ ਨਾਲ ਸਮਝਾਇਆ ਕਿ ਕਿਵੇਂ ਵੰਡ ਨੇ ਪੰਜਾਬੀ ਸਮਾਜ ਦੀ ਸੋਚ, ਸੰਵੇਦਨਾ ਅਤੇ ਸਾਹਿਤ ਨੂੰ ਬਦਲ ਕੇ ਰੱਖ ਦਿੱਤਾ। ਇਸੇ ਦਿਨ ਕਵੀ ਦਰਬਾਰ ਵਿਚ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਗਮ ਨੂੰ ਹੋਰ ਵੀ ਰੰਗ-ਬਰੰਗਾ ਕਰ ਦਿੱਤਾ। ਦੁਪਹਿਰ ਬਾਅਦ ਲਾਈਵ ਪੇਂਟਿੰਗ ਅਤੇ ਸ਼ਾਮ ਵੇਲੇ ਲੋਕ ਸਾਜ਼ਾਂ ਦੀ ਢੱਡ-ਸਾਰੰਗੀ ਦੀ ਜੁਗਲਬੰਦੀ ਨੇ ਮੇਲੇ ਨੂੰ ਕਲਾਤਮਕ ਗਰਮੀ ਨਾਲ ਭਰ ਦਿੱਤਾ।

ਤੀਜੇ ਦਿਨ 'ਅਜੋਕੇ ਯੁੱਗ ਵਿਚ ਭਾਸ਼ਾ ਤੇ ਸਾਹਿਤ: ਚੁਣੌਤੀਆਂ ਤੇ ਸੰਭਾਵਨਾਵਾਂ' ਵਿਸ਼ੇ 'ਤੇ ਸੈਮੀਨਾਰ ਨੇ ਸਰੋਤਿਆਂ ਦੀ ਰੁਚੀ ਨੂੰ ਸ਼ਿਖਰ 'ਤੇ ਪਹੁੰਚਾ ਦਿੱਤਾ। ਤਕਨੀਕੀ ਯੁੱਗ, ਕ੍ਰਿਤਿਮ ਬੁੱਧੀ (AI), ਕਾਗਜ਼ ਅਤੇ ਕਲਮ ਦੇ ਸੰਬੰਧ, ਪੜ੍ਹਨ ਦੀ ਬਦਲਦੀ ਆਦਤ ਅਤੇ ਭਾਸ਼ਾਵਾਂ ਦੀ ਹੋਂਦ ਜਿਹੇ ਵਿਸ਼ਿਆਂ ਤੇ ਵਿਦਵਾਨਾਂ ਨੇ ਅਧੁਨਿਕ ਅਤੇ ਦੂਰ-ਅੰਦੇਸ਼ੀ ਵਿਚਾਰ ਪੇਸ਼ ਕੀਤੇ। ਨੌਜਵਾਨਾਂ ਲਈ ਆਯੋਜਿਤ ਕਵਿਜ਼ ਤੇ ਕਾਵਿ-ਉਚਾਰਣ ਮੁਕਾਬਲੇ ਉਨ੍ਹਾਂ ਦੀ ਰਚਨਾਤਮਿਕਤਾ ਦੇ ਪ੍ਰਗਟਾਵੇ ਲਈ ਇਕ ਮਜ਼ਬੂਤ ਮੰਚ ਬਣੇ। ਸ਼ਾਮ ਨੂੰ 'ਰੂਹ ਦੇ ਰੰਗ' ਸੂਫ਼ੀ ਗਾਇਨ ਨੇ ਸਮਾਗਮ ਨੂੰ ਰੂਹਾਨੀ ਮਹਿਕ ਨਾਲ ਰੰਗ ਦਿੱਤਾ।

ਚੌਥੇ ਦਿਨ 'ਪੰਜਾਬ ਦੇ ਰਾਜਸੀ-ਪ੍ਰਸ਼ਾਸਕੀ ਵਿਹਾਰ' ਵਿਸ਼ੇ 'ਤੇ ਆਯੋਜਿਤ ਸੈਸ਼ਨ ਵਿਚ ਸ. ਕਾਹਨ ਸਿੰਘ ਪੰਨੂ (ਆਈ.ਏ.ਐਸ. ਰਿਟਾਇਰਡ) ਨੇ ਲੋਕਤੰਤਰ, ਪ੍ਰਸ਼ਾਸਨ, ਸਿੱਖਿਆ ਅਤੇ ਸਮਾਜਿਕ ਤਰੱਕੀ ਬਾਰੇ ਵਿਸ਼ਾਲ ਅਤੇ ਪ੍ਰੇਰਕ ਵਿਚਾਰਾਂ ਨਾਲ ਵਿਦਿਆਰਥੀਆਂ ਦੀ ਦ੍ਰਿਸ਼ਟੀ ਨੂੰ ਹੋਰ ਵਿਸਤਾਰਿਤ ਕੀਤਾ। ਦੁਪਹਿਰ ਨੂੰ 'ਮਸਲੇ ਪਰਵਾਸ ਦੇ' ਸੈਸ਼ਨ ਵਿਚ ਯੁਵਾ, ਨਾਰੀ ਅਤੇ ਬਜ਼ੁਰਗ ਪਰਵਾਸ ਨਾਲ ਜੁੜੀਆਂ ਚੁਣੌਤੀਆਂ ਤੇ ਸਰਗਰਮ ਚਰਚਾ ਹੋਈ। ਸ਼ਾਮ ਸਮੇਂ ਕਵੀਸ਼ਰੀ ਅਤੇ ਗਿੱਧੇ ਨੇ ਮੇਲੇ ਵਿਚ ਮੌਜੂਦ ਸਭਿਆਚਾਰਕ ਰੰਗਾਂ ਨੂੰ ਹੋਰ ਗਹਿਰਾ ਕਰ ਦਿੱਤਾ।

ਪੰਜਵੇਂ ਅਤੇ ਆਖਰੀ ਦਿਨ ਦੀ ਸ਼ੁਰੂਆਤ ਗੁਰਬਾਣੀ ਦੀ ਤੁਕ 'ਘਾਲਿ ਖਾਇ ਕਿਛੁ ਹਥਹੁ ਦੇਇ' ਦੀ ਵਿਆਖਿਆ ਨਾਲ ਹੋਈ। ਡਾ. ਵਰਿੰਦਰ ਅਤੇ ਮਿਸਿਜ਼ ਰਤਨਾ ਭੱਲਾ ਭੱਲਾ (USA) ਨੇ ਆਪਣੇ ਪਿਤਾ ਚਮਨ ਲਾਲ ਭੱਲਾ ਦੀ ਪਰੰਪਰਾ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਲਈ ਸਕਾਲਰਸ਼ਿਪਾਂ ਦਾ ਐਲਾਨ ਕੀਤਾ ਅਤੇ ਯੁਵਕਾਂ ਨੂੰ ਸੇਵਾ, ਦ੍ਰਿੜਤਾ ਅਤੇ ਸਿਖਲਾਈ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਅਤੇ ਵਜੀਫੇ ਦਿੱਤੇ ਗਏ। 'ਪੰਜਾਬੀ ਯੁਵਕ ਤੇ ਰੰਗਮੰਚ' ਸੈਸ਼ਨ ਵਿਚ ਰੰਗਮੰਚ ਦੀ ਸਮਾਜਿਕ ਅਤੇ ਰਚਨਾਤਮਿਕ ਭੂਮਿਕਾ 'ਤੇ ਗਹਿਰਾ ਵਿਚਾਰ-ਵਿਮਰਸ਼ ਹੋਇਆ। ਅੰਤਲੇ ਵੇਲੇ ਵਿਦਿਆਰਥੀਆਂ ਨੇ ਕਾਵਿ-ਉਚਾਰਣ ਅਤੇ ਲੋਕਨਾਚ ਝੂਮਰ ਦੀ ਪੇਸ਼ਕਾਰੀ ਨਾਲ ਪੂਰੇ ਮੇਲੇ ਨੂੰ ਇੱਕ ਸੁੰਦਰ ਅਤੇ ਯਾਦਗਾਰ ਅੰਜ਼ਾਮ ਦਿੱਤਾ।

ਪੰਜ ਦਿਨਾਂ ਦੌਰਾਨ ਵਿਹਾਰਕ, ਵਿਰਾਸਤੀ ਅਤੇ ਕਲਾਤਮਕ ਪ੍ਰਦਰਸ਼ਨੀਆਂ ਨੇ ਸਰੋਤਿਆਂ ਨੂੰ ਪੰਜਾਬ ਦੀ ਅਸਲ ਰੂਹ ਨਾਲ ਜੋੜਿਆ। ਦੁਰਲੱਭ ਖਰੜਿਆਂ, ਪੁਰਾਤਨ ਸਿੱਕਿਆਂ, ਲੋਕ ਕਲਾ ਦੇ ਨਮੂਨਿਆਂ ਅਤੇ ਸਮੀਖਿਆ ਥੀਏਟਰਾਂ ਨੇ ਮੇਲੇ ਨੂੰ ਇਕ ਜੀਵੰਤ ਦਸਤਾਵੇਜ਼ ਬਣਾਇਆ।

ਇਸ ਵਾਰ ਦਾ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਸਿਰਫ ਇੱਕ ਸਮਾਗਮ ਨਹੀਂ ਸੀ, ਸਗੋਂ ਪੰਜਾਬੀ ਹੋਂਦ, ਵਿਚਾਰਧਾਰਾ ਤੇ ਸੰਸਕਾਰੀ ਵਿਰਾਸਤ ਦਾ ਇੱਕ ਵੱਡਾ ਜਸ਼ਨ ਸੀ। ਦਸਵੀਂ ਵਾਰ ਹੋ ਰਿਹਾ ਇਹ ਮੇਲਾ ਖਾਲਸਾ ਕਾਲਜ ਦੇ 133 ਸਾਲਾਂ ਦੇ ਇਤਿਹਾਸ ਵਿਚ ਇੱਕ ਹੋਰ ਮਾਣਯੋਗ ਪੰਨਾ ਜੋੜਦਾ ਹੈ। ਪੰਜਾਬੀ ਵਿਭਾਗ ਦੀ ਅਕਾਦਮਿਕ ਅਤੇ ਵਿਰਾਸਤੀ ਦੇਣ ਇਸ ਸਮਾਗਮ ਨੂੰ ਹਰ ਸਾਲ ਹੋਰ ਵੀ ਵਿਲੱਖਣ ਤੇ ਮਜ਼ਬੂਤ ਬਣਾਉਂਦੀ ਜਾ ਰਹੀ ਹੈ। ਆਸ ਹੈ ਕਿ ਅਗਲੇ ਸਾਲ ਵੀ ਇਹ ਜੋਤ ਕਿਤਾਬ, ਸ਼ਬਦ, ਸੰਵਾਦ ਅਤੇ ਸੰਗੀਤ ਦੀ ਰੌਸ਼ਨੀ ਨਾਲ ਇਸੇ ਤਰ੍ਹਾਂ ਜਗਦੀ ਰਹੇਗੀ।

# 'ਗੁਰੂ ਲਾਧੋ ਰੇ' ਵਾਲੇ ਬਾਬਾ ਮੱਖਣ ਸ਼ਾਹ

ਮਾਰਚ 1664 ਵਿਚ ਜਦ ਗੁਰੂ ਹਰਿ ਕ੍ਰਿਸ਼ਨ ਜੀ ਦਿਲੀ ਵਿਖੇ ਚੇਚਕ ਦੀ ਬਿਮਾਰੀ ਨਾਲ ਨਿਢਾਲ ਹੋ ਗਏ ਤਾਂ ਆਲੇ-ਦੁਆਲੇ ਦੇ ਜ਼ੁੰਮੇਵਾਰ ਸਿੱਖਾਂ ਨੇ ਚਿੰਤਤ ਹੋ ਕੇ ਅਣਹੋਣੀ ਹੋ ਜਾਣ ਦੀ ਸੂਰਤ ਵਿਚ ਅਗਲੇ ਗੁਰੂ ਬਾਰੇ ਜਾਣਨਾ ਚਾਹਿਆ। ਗੁਰੂ ਜੀ ਨੇ ਸਭ ਦੀ ਸਲਾਹ ਨਾਲ ਮੌਜੂਦਾ ਪ੍ਰਸਥਿਤੀਆਂ ਦੇ ਮੱਦੇ-ਨਜ਼ਰ ਇਹ ਸੋਚਿਆ ਕਿ ਬੇਹਤਰੀਨ ਇਹ ਰਹੇਗਾ ਕਿ ਪਿਛਲੇ ਵੀਹ ਸਾਲ ਤੋਂ ਆਪਣੇ ਨਾਨਕੇ ਪਿੰਡ ਬਕਾਲੇ ਬੈਠੇ ਬਾਬਾ ਤੇਗ ਬਹਾਦਰ ਜੀ ਨੂੰ ਗੁਰੂ ਥਾਪਿਆ ਜਾਵੇ। ਹਾਲਾਂਕਿ ਗੁਰੂ ਹਰਿ ਕ੍ਰਿਸ਼ਨ ਜੀ ਵੱਲੋਂ ਜਾਨਸ਼ੀਨੀ ਸਪਸ਼ਟ ਸ਼ਬਦਾਂ ਵਿਚ ਪ੍ਰਗਟਾਈ ਗਈ ਸੀ ਅਤੇ ਗੁਰੂਤਾ-ਪ੍ਰਦਾਨਤਾ ਦੀਆਂ ਨਿਸ਼ਾਨੀਆਂ ਆਪਣੇ ਹੱਥੀਂ ਮੁਹਤਬਰ ਸਿੱਖਾਂ ਨੂੰ ਸੌਂਪੀਆਂ ਗਈਆਂ ਸਨ, ਪਰ ਕਿਉਂਕਿ ਗੁਰੂਘਰ ਅਤੇ ਸਰਕਾਰੇ-ਦਰਬਾਰੇ ਹਾਲਾਤ ਬੜੇ ਪ੍ਰਤੀਕੂਲ

ਡਾ: ਆਸਾ ਸਿੰਘ ਘੁੰਮਣ
ਫੋਨ: 97798-53245

ਚੱਲ ਰਹੇ ਸਨ, ਇਸ ਲਈ ਇਸ ਸੰਬੰਧੀ ਜਾਣ-ਬੁੱਝ ਕੇ ਕਈ ਕਿਸਮ ਦੇ ਭੰਬਲ-ਭੂਸੇ ਖੜ੍ਹੇ ਕਰ ਦਿੱਤੇ ਗਏ।

ਸਮੇਂ ਦਾ ਹਾਕਮ ਮਹਿਸੂਸ ਕਰ ਰਿਹਾ ਸੀ ਕਿ ਸਿੱਖ-ਗੁਰੂਆਂ ਵੱਲੋਂ ਕੀਤੇ ਜਾਂਦੇ ਉਪਦੇਸ਼ ਸਮੁੱਚੇ ਸਮਾਜ ਨੂੰ ਜਿਵੇਂ ਪ੍ਰਭਾਵਿਤ ਕਰ ਰਹੇ ਸਨ, ਉਹ ਉਸ ਦੇ ਮੁਸਲਿਮ-ਪ੍ਰਸਾਰ ਏਜੰਡੇ ਸਾਹਮਣੇ ਰੋੜਾ ਬਣ ਰਹੇ ਸਨ ਕਿਉਂਕਿ ਸਿੱਖ-ਗੁਰੂਆਂ ਵੱਲੋਂ ਸਥਾਪਤ ਸਮਾਜ ਪੂਰੀ ਤਰ੍ਹਾਂ ਰਾਜਨੀਤਕ-ਚੇਤੰਨ ਸੀ। ਗੁਰੂ ਹਰਿ ਰਾਏ ਜੀ ਦਾ ਵੱਡੇ ਪੁੱਤਰ ਹਰਿ ਰਾਏ ਨੂੰ ਪਹਿਲਾਂ ਹੀ ਔਰੰਗਜ਼ੇਬ ਨੇ ਆਪਣੇ ਪ੍ਰਭਾਵ ਥੱਲੇ ਰੱਖਿਆ ਹੋਇਆ ਸੀ ਅਤੇ ਉਸਨੂੰ ਜਗੀਰ ਬਖਸ਼ ਕੇ ਉਸਦਾ ਡੇਰਾ ਡੇਹਰਾਦੂਨ ਵਿੱਖੇ ਸਥਾਪਤ ਕਰ ਦਿੱਤਾ ਸੀ। ਕੁਝ ਸਿੱਖ-ਸਰੋਤਾਂ ਅਨੁਸਾਰ ਧੀਰ-ਮੱਲ ਵੀ ਮੁਗਲ-ਹਕੂਮਤ ਤੋਂ ਧਰਮ-ਅਰਥ ਜਗੀਰ ਪ੍ਰਾਪਤ ਕਰਕੇ ਆਪਣੀ ਗੱਦੀ ਕਰਤਾਰਪੁਰ ਜਮਾਈ ਬੈਠਾ ਸੀ। ਮੀਣੇ ਕਹੇ ਜਾਂਦੇ ਹਰਿ ਜੀ ਪਹਿਲਾਂ ਹੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ 'ਤੇ ਆਪਣਾ ਕਬਜ਼ਾ ਜਮਾ ਕੇ ਆਪਣੇ-ਆਪ ਨੂੰ ਸਮਰੱਥ ਸਮਝਦੇ ਸਨ। ਗੁਰੂ-ਘਰ ਵਿਚੋਂ ਇੱਕੋ ਤੇਗ ਬਹਾਦਰ ਹੀ ਸਨ ਜੋ ਗੁਰੂ-ਪੁੱਤਰ ਹੋਣ ਨਾਤੇ ਆਪਣੀਆਂ ਗੁਰ-ਉਪਦੇਸ਼ਕ ਯਾਤਰਾਵਾਂ ਰਾਹੀਂ ਕੌਮੀ ਪੱਧਰ 'ਤੇ ਸਿੱਖ-ਸੰਗਤ ਵਿਚ ਗੁਰੂ ਨਾਨਕ ਅਨੁਸਾਰੀ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ।

ਸਿੱਖ-ਸ੍ਰੋਤਾਂ ਤੋਂ ਸਾਨੂੰ ਇਹ ਤਾਂ ਸਪਸ਼ਟ ਨਹੀਂ ਹੁੰਦਾ ਕਿ ਔਰੰਗਜ਼ੇਬ ਨੇ ਗੁਰਆਈ ਧਾਰਣ ਕਰ ਲੈਣ ਤੋਂ ਪਹਿਲਾਂ ਤੇਗ ਬਹਾਦਰ ਜੀ ਨੂੰ ਅਗਲਾ ਜਾਨਸ਼ੀਨ ਸਮਝ ਕੇ ਉਸ ਤੱਕ ਕਿਸੇ ਕਿਸਮ ਦੀ ਪਹੁੰਚ ਕੀਤੀ ਹੋਵੇ ਜਾਂ ਨਾ ਜਾਂ ਉਨ੍ਹਾਂ 'ਤੇ ਕੋਈ ਸ਼ੱਕੀ ਨਜ਼ਰ ਰੱਖੀ ਹੋਵੇ ਜਾਂ ਨਾ ਪਰ ਗੁਰਿਆਈ-ਵਸਤਾਂ ਦਾ ਬਕਾਲੇ ਵਿਖੇ ਦੇਰੀ ਨਾਲ ਪਹੁੰਚਣ ਦਾ ਇਕ ਕਾਰਨ ਜ਼ਰੂਰੀ ਤੌਰ 'ਤੇ ਸਰਕਾਰੀ ਹਕੂਮਤ ਦਾ ਲੁਕਵਾਂ ਹੱਥ ਹੋ ਸਕਦਾ ਹੈ।


ਬਾਬਾ ਮੱਖਣ ਸ਼ਾਹ ਦਾ ਸਭ ਤੋਂ ਪਹਿਲਾ ਜ਼ਿਕਰ ਕਵੀ ਕੰਕਨ ਦੀ ਕ੍ਰਿਤ 'ਦਸ ਗੁਰ-ਕਥਾ' ਵਿਚ ਮਿਲਦਾ ਹੈ, ਭਾਵੇਂ ਕਿ ਉਹ ਉਸਨੂੰ ਕੇਵਲ 'ਨਾਇਕ' ਹੀ ਲਿਖਦਾ ਹੈ। ਕੰਕਨ ਅਨੁਸਾਰ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਦਾ ਟਿੱਕਾ ਲਾਉਣ ਵਾਲਿਆਂ ਵਿਚ ਮੱਖਣ ਸ਼ਾਹ ਖ਼ੁਦ ਵੀ ਸ਼ਾਮਲ ਸੀ:

ਨਾਯਕ ਹਾਥ ਸੋਂ ਟੀਕਾ ਲਵਾਯਕੈ
ਭਾਨ ਸਮਾਨ ਭਯਾ ਗੁਰ ਭਾਰਾ

ਪਰ ਬਾਅਦ ਦੇ ਇਤਿਹਾਸਕ ਸਰੋਤਾਂ ਵਿਚ ਮੱਖਣ ਸ਼ਾਹ ਗੁਰੂਤਾ-ਰਸਮ ਤੋਂ ਕਾਫੀ ਦੇਰ ਬਾਦ ਬਕਾਲੇ ਵਿਖੇ ਆਉਂਦੇ ਹਨ। ਇਨ੍ਹਾਂ ਸ੍ਰੋਤਾਂ ਅਨੁਸਾਰ ਭਾਈ ਦਰਗਾਹ ਮੱਲ ਆਪਣੇ ਭਤੀਜਿਆਂ ਸਤੀ ਦਾਸ-ਮਤੀ ਦਾਸ ਅਤੇ ਹੋਰ ਅਹਿਮ ਸਿੱਖ ਸ਼ਖ਼ਸੀਅਤਾਂ ਸਮੇਤ ਅਗਸਤ ਮਹੀਨੇ ਬਕਾਲੇ ਵਿਖੇ ਪਹੁੰਚਦੇ ਹਨ ਤੇ ਖੁੱਲੇ ਪੰਡਾਲ ਵਿਚ, ਮਾਤਾ ਨਾਨਕੀ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ, ਤਾਜਪੋਸ਼ੀ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਇਹ ਦਿਹਾੜਾ ਪੁੰਨਿਆ ਦਾ ਸੀ ਜਾਂ ਨਹੀਂ ਪਰ ਮੌਜੂਦਾ ਨਗਰ ਬਾਬਾ ਬਕਾਲੇ ਵਿਖੇ ਇਹ ਮੌਕਾ ਰੱਖੜ-ਪੁੰਨਿਆ ਵਾਲੇ ਦਿਨ ਬੜੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਬਹੁਤੇ ਥਾਈਂ ਲੁਬਾਣਾ-ਸਮਾਜ ਵੱਲੋਂ ਰੱਖੜ-ਪੁੰਨਿਆਂ 'ਗੁਰੂ ਲਾਧੋ ਰੇ ਦਿਵਸ' ਦੇ ਤੌਰ ਤੇ ਮਨਾਇਆ ਜਾਂਦਾ ਹੈ।

ਧੀਰ ਮੱਲ ਕਈ ਦਿਨਾਂ ਤੋਂ ਬਕਾਲੇ ਡੇਰਾ ਲਾਈ ਬੈਠਾ ਸੀ ਪਰ ਗੁਰੂਤਾ ਤੋਂ ਬਾਅਦ ਤਾਂ ਧੀਰ ਮੱਲ ਬੁਖਲਾ ਹੀ ਉੱਠਿਆ ਅਤੇ ਆਪਣੇ ਸਹਿਯੋਗੀਆਂ ਦਾ ਇਕੱਠ ਵਧਾਉਣ ਦੇ ਆਹਰ ਵਿਚ ਜੁਟ ਗਿਆ। ਉਹ ਬਾਬਾ ਗੁਰਦਿਤਾ ਜੀ ਦਾ ਵੱਡਾ ਪੁਤਰ ਹੋਣ ਕਰਕੇ ਆਪਣੇ ਆਪ ਨੂੰ 'ਬਾਬਾ' ਹੋਣ ਦਾ ਜਨਮ-ਸਿੱਧ ਅਧਿਕਾਰੀ ਸਮਝਦਾ ਸੀ। ਹਕੂਮਤ ਤਾਂ ਸਿੱਧੇ/ਅਸਿੱਧੇ ਢੰਗ ਨਾਲ ਉਹਦੀ ਪਿੱਠ ਪਿੱਛੇ ਹੈ ਹੀ ਸੀ। ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਵੀ ਉਸ ਪਾਸ ਸੀ। ਭਾਵੇਂ ਕਿ ਫੁਰਮਾਨ ਜਾਂ ਹੁਕਮਨਾਮੇ ਲਿਖਣ ਦਾ ਰਿਵਾਜ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸ਼ੁਰੂ ਹੋ ਹੀ ਗਿਆ ਸੀ ਪਰ ਇਸ ਮਾਮਲੇ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਨੇ ਕੋਈ ਹੱਥ-ਲਿਖਤ ਫੁਰਮਾਨ ਤਾਂ ਕੀਤਾ ਨਹੀਂ ਸੀ, ਉਨ੍ਹਾਂ ਦਾ ਕਥਨ ਗਵਾਹੀ-ਅਧਾਰਿਤ ਹੀ ਸੀ। ਪਹਿਲੇ ਗੁਰੂ ਤਾਂ ਆਪਣੇ ਜਿਉਂਦੇ ਜੀ ਗੁਰੂ ਥਾਪ ਦੇਂਦੇ ਸਨ, ਇਸ ਲਈ ਇਹ ਫੈਸਲਾ ਚਸ਼ਮਦੀਦ ਗਵਾਹਾਂ 'ਤੇ ਨਿਰਭਰ ਨਹੀਂ ਸੀ ਕਰਦਾ। ਇਸ ਲਈ ਗੁਰਗੱਦੀ ਦੇ ਹੱਕਦਾਰ ਹੋਣ ਲਈ ਰੌਲਾ ਪਾਇਆ ਜਾ ਸਕਦਾ ਸੀ।

ਉਧਰ ਗੁਰੂ ਤੇਗ ਬਹਾਦਰ ਜੀ ਪਹਿਲਾਂ ਹੀ ਗੁਰਗੱਦੀ ਦੇ ਦਾਅਵਿਆਂ ਤੋਂ ਦੂਰ ਬੈਠੇ ਸਨ। ਹੁਣ ਵੀ ਇਸ ਜ਼ੁੰਮੇਵਾਰੀ ਦਾ ਟਿੱਕਾ ਲਗਵਾ ਲੈਣ ਤੋਂ ਬਾਅਦ ਵੀ ਉਹ ਸਰਗਰਮ ਹੋਣ ਲਈ ਅਨੁੱਚਿਤ ਸਮੇਂ ਦੀ ਉਡੀਕ ਕਰ ਰਹੇ ਸਨ, ਉੱਝ ਯਤਨਸ਼ੀਲ ਵੀ ਸਨ। ਉਨ੍ਹਾਂ ਨੇ ਆ ਰਹੀ ਦੀਵਾਲੀ ਵਾਸਤੇ ਸੰਗਤਾਂ ਨੂੰ ਹੁੰਮ-ਹੁਮਾ ਕੇ ਆਉਣ ਲਈ ਹੁਕਮਨਾਮੇ ਭੇਜਣੇ ਸ਼ੁਰੂ ਕਰ ਦਿਤੇ ਸਨ। ਭਾਈ ਬਠਾ ਵਰਗੇ ਸ਼ਰਧਾਲੂਆਂ ਨੂੰ 'ਸਰਬਤ ਸੰਗਤ' ਸਮੇਤ ਪਹੁੰਚਣ ਦੇ ਅਦੇਸ਼ ਦਿਤੇ ਗਏ ਸਨ।



ਕਰਮ ਸਿੰਘ ਹਿਸਟੋਰੀਅਨ ਅਨੁਸਾਰ ਮੱਖਣ ਸ਼ਾਹ ਗੁਜਰਾਤ (ਭਾਰਤ) ਦੇ ਇਲਾਕੇ ਦੇ ਮਸੰਦ ਸਨ ਅਤੇ ਹਰ ਸਾਲ ਦਿਵਾਲੀ-ਵਿਸਾਖੀ 'ਤੇ ਗੁਰੂ-ਘਰ ਦੀ ਕਾਰ-ਸੇਵਾ ਭੇਟ ਕਰਨ ਗੁਰੂ ਜੀ ਕੋਲ ਆਉਂਦੇ ਸਨ। ਕੁਝ ਲੇਖਕਾਂ ਦਾ ਖਿਆਲ ਹੈ ਕਿ ਉਹ ਬੜੇ ਵੱਡੇ ਧਨਾਢ ਸਨ ਅਤੇ ਉਨ੍ਹਾਂ ਦਾ ਜੱਦੀ-ਘਰ ਮੁਜ਼ਫਰਾਬਾਦ (ਕਸ਼ਮੀਰ) ਵਿਖੇ ਸੀ ਅਤੇ ਉਹ ਹਰ ਸਾਲ ਪਰਿਵਾਰ ਸਮੇਤ ਗੁਰੂ ਜੀ ਨੂੰ ਮੱਥਾ ਟੇਕਣ ਆਉਂਦੇ ਸਨ ਅਤੇ ਅੰਮ੍ਰਿਤਸਰ ਵਿਖੇ ਇਸ਼ਨਾਨ ਕਰਕੇ ਅੱਗੇ ਮੁਜ਼ਫਰਾਬਾਦ ਨੂੰ ਨਿਕਲਦੇ ਸਨ।

ਬਹੁ-ਪ੍ਰਚੱਲਿਤ ਅਤੇ ਸਥਾਪਿਤ ਪਰੰਪਰਾ ਅਨੁਸਾਰ ਉਹ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਭਾਲ ਵਿਚ ਇਸ ਕਰਕੇ ਨਿਕਲੇ ਸਨ ਕਿਉਂਕਿ ਗੁਰੂ ਜੀ ਨੇ ਉਨ੍ਹਾਂ ਦੇ ਘਟਨਾ-ਗ੍ਰਸਤ ਜਹਾਜ਼ ਨੂੰ ਬਚਾਉਣ ਵਿਚ ਸਹਾਇਤਾ ਕੀਤੀ ਸੀ ਅਤੇ ਉਨ੍ਹਾਂ ਇਸ ਸੰਬੰਧ ਵਿਚ ਆਪਣੀ ਸੁੱਖੀ ਸੁੱਖਣਾ ਉਤਾਰਣੀ ਸੀ।

ਗੁਰੂ ਤੇਗ ਬਹਾਦਰ ਜੀ ਦੀ ਗੁਰ-ਸਥਾਪਤੀ ਵਿਚ ਬਾਬਾ ਮੱਖਣ ਸ਼ਾਹ ਵੱਲੋਂ ਕੀਤੇ ਗਏ ਰੋਲ ਦਾ ਤਕਰੀਬਨ ਸਭ ਇਤਿਹਾਸਕਾਰ (ਕੇਸਰ ਸਿੰਘ ਛਿੱਬਰ ਤੋਂ ਬਿਨਾਂ) ਕਿਸੇ ਨਾ ਕਿਸੇ ਰੂਪ ਵਿੱਚ ਉਲੇਖ ਕਰਦੇ ਹਨ। ਬਿਨਾਂ-ਸ਼ੱਕ, ਮੱਖਣ ਸ਼ਾਹ ਵੱਡਾ ਵਿਉਪਾਰੀ ਸੀ ਅਤੇ ਗੁਰੂ-ਘਰ ਦਾ ਪਿਤਾ-ਪੁਰਖੀ ਅਨਿੰਨ ਭਗਤ ਸੀ। ਉਹ ਆਪਣੇ ਪਰਿਵਾਰ ਅਤੇ ਵੱਡੀ ਗਿਣਤੀ ਵਿਚ ਸੰਗਤ ਸਮੇਤ ਬਕਾਲੇ ਪਹੁੰਚਿਆ ਸੀ (ਕੁਝ ਸਰੋਤ ਇਹ ਗਿਣਤੀ 300 ਦੱਸਦੇ ਹਨ, ਕੁਝ 500)। ਚੋਖੀ ਗਿਣਤੀ ਵਿੱਚ ਸ਼ਸਤਰ-ਬੰਦ ਅਮਲਾ ਉਨ੍ਹਾਂ ਦੇ ਨਾਲ ਅਕਸਰ ਰਹਿੰਦਾ ਸੀ ਕਿਉਂਕਿ ਸਰਕਾਰੀ ਫੌਜਾਂ ਨੂੰ ਰਸਦ ਵਗੈਰਾ ਦੀ ਸਪਲਾਈ ਅਜਿਹੇ ਵਣਜਾਰੇ-ਵਪਾਰੀਆਂ ਵੱਲੋਂ ਕੀਤੀ ਜਾਂਦੀ ਸੀ ਜਿਸ ਲਈ ਕਾਰਵਾਂ ਰਾਤ-ਬਰਾਤੇ ਚੱਲਦੇ ਰਹਿੰਦੇ ਸਨ। ਮੱਖਣ ਸ਼ਾਹ ਨਾਮਵਰ ਸਿੱਖਾਂ ਵਿਚ ਵੀ ਜਾਣੀ-ਪਛਾਣੀ ਹਸਤੀ ਸੀ। ਸੰਗਤਾਂ ਉਸਦੇ ਕਿਰਦਾਰ ਤੋਂ ਖੂਬ ਵਾਕਫ ਸਨ ਅਤੇ ਉਹ ਵੀ ਧੀਰ ਮੱਲ ਵਰਗਿਆਂ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ। ਜੇ ਉਹ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਨਾ ਵੀ ਜਾਣਦਾ ਹੋਵੇ ਤਾਂ ਵੀ ਆਪਣੀ ਪਰਖ ਅਤੇ ਨਿੱਜੀ ਅਨੁਭਵ ਤੋਂ ਉਸਨੇ ਇਹ ਨਤੀਜਾ ਕੱਢ ਲਿਆ ਸੀ ਕਿ ਇਸ ਗੱਦੀ ਦੇ ਅਸਲ ਵਾਰਿਸ ਗੁਰੂ ਤੇਗ ਬਹਾਦਰ ਜੀ ਹੀ ਹੋਣੇ ਚਾਹੀਦੇ ਹਨ। ਦਿਵਾਲੀ ਦੇ ਮੌਕੇ 'ਤੇ ਬਕਾਲਾ ਵਿਖੇ ਧੀਰ ਮੱਲ ਦੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਅਲੱਗ ਅਲੱਗ ਅਗਵਾਈ ਵਿਚ ਵੱਡੇ ਜੋੜ-ਮੇਲੇ ਅਯੋਜਿਤ ਕੀਤੇ ਗਏ। ਬਾਬਾ ਮੱਖਣ ਸ਼ਾਹ ਨੇ ਉੱਚੇ ਸਥਾਨ 'ਤੇ ਚੜ ਕੇ ਧੀਰ ਮੱਲ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਉੱਚੇ ਅਵਾਜ਼ੇ ਲਗਾ ਦਿੱਤੇ ਕਿ ਅਸਲੀ ਅਤੇ ਸੱਚਾ ਗੁਰੂ ਤਾਂ ਏਧਰ ਬੈਠਾ ਹੈ। ਗੁਰੂ ਉਹ ਹੀ ਹੁੰਦਾ ਜਿਸਨੂੰ ਪਹਿਲਾ ਗੁਰੂ, ਅਪਣੀ ਜੋਤ ਬਖਸ਼ ਜਾਵੇ ਨਾ ਕਿ ਉਹ ਜਿਸ ਕੋਲ ਹੱਥ-ਲਿਖਤ ਗ੍ਰੰਥ ਸਾਹਿਬ ਹੋਵੇ ਜਾਂ ਜੋ ਹਰਿਮੰਦਰ ਸਾਹਿਬ 'ਤੇ ਕਾਬਜ਼ ਹੋਵੇ। ਉਸਨੇ ਗੁਰੂ ਜੀ ਪ੍ਰਤੀ ਆਪਣਾ ਨਿੰਜੀ ਅਨੁਭਵ ਵੀ ਸਾਂਝਾ ਕੀਤਾ। ਬੱਸ ਧੀਰ ਮੱਲ ਦੇ ਵੇਂਹਦਿਆਂ-ਵੇਂਹਦਿਆਂ ਹੀ ਸਿੱਖ-ਸੰਗਤ ਗੁਰੂ ਤੇਗ ਬਹਾਦਰ ਜੀ ਵੱਲ ਆਉਣੀ ਸ਼ੁਰੂ ਹੋ ਗਈ। ਰਾਤ ਨੂੰ ਖੂਬ ਦੀਪਾਵਲੀ ਕੀਤੀ ਗਈ।

ਕਾਰੋਬਾਰੀ, ਵਿਉਪਾਰੀ ਆਮ ਤੌਰ 'ਤੇ ਹਕੂਮਤ ਦੀਆਂ ਇੱਛਾਵਾਂ ਦੇ ਉਲਟ ਘੱਟ ਹੀ ਚੱਲਦੇ ਹਨ, ਉਹ ਵੀ ਜੋ ਸਰਕਾਰ ਨੂੰ ਮਾਲ-ਸਵਾਬ ਮੁਹੱਈਆ ਕਰਦੇ ਹੋਣ ਪਰ ਬਾਬਾ ਮੱਖਣ ਸ਼ਾਹ ਸ਼ਰਧਾਵੱਸ ਇਨ੍ਹਾਂ ਗੱਲਾਂ ਤੋਂ ਉੱਪਰ ਉੱਠ ਗਏ ਸਨ। ਇਹ ਤਾਂ ਹੋ ਨਹੀਂ ਸਕਦਾ ਕਿ ਹਕੂਮਤ ਮੱਖਣ ਸ਼ਾਹ ਬਾਰੇ ਜਾਣਦੀ ਨਾ ਹੋਵੇ ਅਤੇ ਇਹ ਵੀ ਨਹੀਂ ਹੋ ਸਕਦਾ ਕਿ ਬਾਬਾ ਮੱਖਣ ਸ਼ਾਹ ਧੀਰ ਮੱਲੀਆਂ ਪ੍ਰਤੀ ਸਰਕਾਰੀ ਰੁਖ ਤੋਂ ਅਣਭੋਲ ਅਤੇ ਅਨਜਾਣ ਹੋਣ।

ਖ਼ੈਰ! ਬਾਬਾ ਮੱਖਣ ਸ਼ਾਹ ਬਾਰੇ ਕੁਝ ਸੁਆਲਾਂ ਦੇ ਜੁਆਬ ਖੋਜ ਦੇ ਮੁਹਤਾਜ਼ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਗੁਰਿਆਈ ਮੌਕੇ ਏਡਾ ਵੱਡਾ ਰੋਲ ਅਦਾ ਕਰਨ ਵਾਲੇ ਸ਼ਖ਼ਸ ਦਾ ਗੁਰੂ ਜੀ ਵੱਲੋਂ ਗੁਰਿਆਈ ਉਪਰੰਤ ਕਿਸੇ ਵੀ ਹੁਕਮਨਾਮੇ ਵਿਚ ਜ਼ਿਕਰ ਨਹੀਂ, ਨਾ ਹੀ ਕਿਤੇ ਉਨ੍ਹਾਂ ਨਾਲ ਮੇਲ-ਮਿਲਾਪ ਦਾ ਜ਼ਿਕਰ ਹੀ ਆਉਂਦਾ ਹੈ। ਗੁਰੂ ਜੀ ਦੀ ਗ੍ਰਿਫਤਾਰੀ ਜਾਂ ਸ਼ਹਾਦਤ ਮੌਕੇ ਉਹ ਕਿੱਥੇ ਸੀ? ਇਤਿਹਾਸ ਇਸ ਬਾਰੇ ਮੁਕੰਮਲ ਚੁੱਪ ਹੈ। ਜਿਹੜਾ ਔਰੰਗਜ਼ੇਬ ਗੁਰੂ ਤੇਗ ਬਹਾਦਰ ਜੀ ਅਤੇ ਧੀਰ ਮੱਲ ਦੋਹਾਂ ਨੂੰ ਗ੍ਰਿਫਤਾਰ ਕਰਕੇ ਖ਼ਤਮ ਕਰਾ ਦੇਂਦਾ ਹੈ ਉਸਦਾ ਬਾਬਾ ਮੱਖਣ ਸ਼ਾਹ ਪ੍ਰਤੀ ਕੀ ਵਤੀਰਾ ਰਿਹਾ ਹੋਵੇਗਾ? ਉਸਦੇ ਪਰਿਵਾਰ-ਕਾਰੋਬਾਰ ਪ੍ਰਤੀ ਹਕੂਮਤ ਨੇ ਕੀ ਰੁਖ ਅਖਤਿਆਰ ਕੀਤਾ ਹੋਵੇਗਾ? ਬੜੇ ਉਤਸੁਕਤਾ ਵਾਲੇ ਸੁਆਲ ਹਨ ਜਿਨ੍ਹਾਂ ਬਾਰੇ ਇਤਿਹਾਸ ਵਿਚ ਕੋਈ ਉਲੇਖ ਨਹੀਂ।

# ਕੀ ਮਾਈ ਭਾਗੋ ਦੇ ਵਾਰਸ ਬਣਨਾ ਇੰਨਾ ਆਸਾਨ ਹੈ...?

ਮਾਈ ਭਾਗੋ, ਇਹ ਨਾਂ ਸਿਰਫ਼ ਇਤਿਹਾਸ ਦੀ ਕਿਤਾਬ ਦਾ ਪੰਨਾ ਨਹੀਂ, ਸਗੋਂ ਪੰਜਾਬ ਦੀ ਧਰਤੀ 'ਤੇ ਲਿਖੀ ਗਈ ਇੱਕ ਅਜਿਹੀ ਦਾਸਤਾਨ ਹੈ, ਜਿਸ ਵਿਚ ਇੱਕ ਔਰਤ ਨੇ ਆਪਣੇ ਪਤੀ, ਭਰਾ, ਪੁੱਤਰਾਂ ਨੂੰ ਗਵਾ ਕੇ ਵੀ ਹਾਰ ਨਹੀਂ ਮੰਨੀ। ਜਦੋਂ ਚਾਲੀ ਮੁਕਤਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡਣ ਦਾ ਫੈਸਲਾ ਕੀਤਾ ਸੀ, ਤਦ ਮਾਈ ਭਾਗੋ ਨੇ ਆਪਣੇ-ਆਪ ਨੂੰ ਪੂਰੀ ਤਰ੍ਹਾਂ ਨਿਛਾਵਰ ਕਰ ਦਿੱਤਾ। ਉਹ ਘੋੜੀ 'ਤੇ ਚੜ੍ਹੀ, ਹਥਿਆਰ ਫੜ ਕੇ ਮੁਕਤਸਰ ਦੀ ਜੰਗ ਵਿਚ ਲੜੀ, ਜ਼ਖ਼ਮੀ ਹੋਈ, ਪਰ ਧਰਮ ਅਤੇ ਇਨਸਾਨੀਅਤ ਦੀ ਰੱਖਿਆ ਲਈ ਆਪਣੀ ਜਾਨ ਵੀ ਦੇਣ ਤੋਂ ਨਹੀਂ ਡਰੀ। ਉਸ ਦੀ ਕੁਰਬਾਨੀ



ਸੰਦੀਪ ਕੁਮਾਰ
ਫੋਨ: 70098-07121

ਨੇ ਚਾਲੀ ਮੁਕਤਿਆਂ ਨੂੰ ਵੀ ਸ਼ਰਮਿੰਦਾ ਕੀਤਾ ਅਤੇ ਉਹ ਫਿਰ ਲੜਨ ਲਈ ਉੱਠੇ। ਇਹ ਸੀ ਮਾਈ ਭਾਗੋ ਦਾ ਜਜ਼ਬਾ, ਜੋ ਜ਼ੁਲਮ ਦੇ ਖ਼ਿਲਾਫ਼ ਖੜ੍ਹੀ ਹੋਈ, ਪਰ ਕਦੇ ਵੀ ਬਦਤਮੀਜ਼ੀ, ਹੰਕਾਰ ਜਾਂ ਧਮਕੀ ਦਾ ਸਹਾਰਾ ਨਹੀਂ ਲਿਆ। ਪਰ ਅੱਜ ਦਾ ਸਮਾਂ ਵੇਖੋ, ਸਿਰਫ਼ ਦੋ-ਚਾਰ ਲਲਕਾਰੇ ਮਾਰਨੇ, ਗੁੱਸੇ ਵਿਚ ਦੋ ਸ਼ਬਦ ਬੋਲ ਦੇਣੇ ਜਾਂ ਕਿਸੇ ਅਧਿਕਾਰੀ ਨਾਲ ਉੱਚੀ ਆਵਾਜ਼ ਵਿਚ ਗੱਲ ਕਰ ਲੈਣ ਨੂੰ ਹੀ ਕਈ ਲੋਕ 'ਮਾਈ ਭਾਗੋ ਦੀ ਵਾਰਸ' ਜਾਂ 'ਪੰਜਾਬ ਦੀ ਸ਼ੇਰਨੀ' ਐਲਾਨ ਕੇ ਅਵਾਰਡ ਤੱਕ ਦੇ ਦਿੰਦੇ ਹਨ। ਸੋਸ਼ਲ ਮੀਡੀਆ 'ਤੇ ਦੋ ਘੰਟੇ ਵਿਚ ਵਾਇਰਲ ਹੋ ਜਾਣਾ, ਕੁਝ ਰਾਜਨੇਤਾ ਜਾਂ ਜਥੇਬੰਦੀਆਂ ਦੀ ਹਵਾ ਲੱਗ ਜਾਣੀ, ਬੱਸ ਫਿਰ ਕੀ, ਇੱਕ ਆਮ ਕੁੜੀ ਨੂੰ ਮਾਈ ਭਾਗੋ ਦੀ ਵਾਰਸ ਬਣਾ ਕੇ ਪੇਸ਼ ਕਰ ਦਿੱਤਾ ਜਾਂਦਾ ਹੈ। ਪਰ ਕੀ ਅਸਲ ਵਿਚ ਮਾਈ ਭਾਗੋ ਦੀ ਵਾਰਸ ਬਣਨਾ ਇੰਨਾ ਸੌਖਾ ਹੈ?

ਮੌਜੂਦਾ ਸਮੇਂ ਵਿਚ ਦੋ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪਹਿਲੀ ਘਟਨਾ ਰਾਜਸਥਾਨ ਹਾਈਕੋਰਟ ਦੀ ਜੱਜ ਬਣਨ ਦੀ ਪ੍ਰੀਖਿਆ ਵਾਲੀ ਹੈ। ਇੱਕ ਸਿੱਖ ਕੁੜੀ ਨੂੰ ਸਿਰਫ਼ ਇਸ ਲਈ ਪ੍ਰੀਖਿਆ ਕੇਂਦਰ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ ਕਿਉਂਕਿ ਉਸ ਨੇ ਛੋਟੀ ਕਿਰਪਾਨ ਅਤੇ ਕੜਾ ਪਹਿਨਿਆ ਹੋਇਆ ਸੀ। ਇਹ ਗਲਤ ਸੀ, ਬਿਲਕੁਲ ਗਲਤ। ਇਹ ਧਾਰਮਿਕ ਅਜ਼ਾਦੀ ਦਾ ਸਵਾਲ ਸੀ ਅਤੇ ਉਸ ਦਾ ਵਿਰੋਧ ਕਰਨਾ ਉਸ ਕੁੜੀ ਦਾ ਹੱਕ ਵੀ ਸੀ। ਪਰ ਉਸ ਵਿਰੋਧ ਨੂੰ ਕਾਨੂੰਨੀ ਲੜਾਈ ਵਿਚ ਬਦਲਣ ਦੀ ਬਜਾਏ ਕੁਝ ਲੋਕਾਂ ਨੇ ਉਸ ਨੂੰ 'ਮਾਈ ਭਾਗੋ ਦੀ ਵਾਰਸ' ਐਲਾਨ ਕੇ ਅੱਗੇ ਕਰ ਦਿੱਤਾ। ਫਿਰ ਕੀ ਹੋਇਆ? ਉਹ ਕੁੜੀ ਸਵੇਰੇ-ਸਵੇਰੇ ਹਨੇਰੇ ਵਿਚ ਪਰਿਵਾਰ ਸਮੇਤ ਪਿੰਡਾਂ ਵਿਚ ਘੁੰਮਣ ਲੱਗ ਪਈ, ਜਲਸਿਆਂ ਵਿਚ ਸਨਮਾਨ ਲੈਣ ਲੱਗ ਪਈ, ਅਵਾਰਡ ਲੈਣ ਲੱਗ ਪਈ। ਪਰ ਉਸ ਦੀ ਅਸਲ ਮੰਜ਼ਿਲ, ਜੱਜ ਬਣਨਾ, ਕਾਨੂੰਨੀ ਤੌਰ 'ਤੇ ਆਪਣਾ ਹੱਕ ਹਾਸਲ ਕਰਨਾ, ਉਹ ਤਾਂ ਪਿੱਛੇ ਰਹਿ ਗਿਆ। ਉਹ ਰਾਹ ਭਟਕ ਗਈ। ਅੱਜ ਉਸ ਦੀ ਲੜਾਈ ਕਿੱਥੇ ਪਹੁੰਚੀ? ਕੋਈ ਨਹੀਂ ਜਾਣਦਾ। ਪਰ ਮੀਡੀਆ ਵਿਚ ਉਹ ਕੁਝ ਦਿਨਾਂ ਦੀ 'ਸ਼ੇਰਨੀ' ਜ਼ਰੂਰ ਬਣੀ ਰਹੀ।

ਦੂਜੀ ਘਟਨਾ ਤਾਜ਼ਾ, ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਵਿਰੋਧ ਲਹਿਰ ਦੀ ਹੈ। ਇੱਕ ਕੁੜੀ ਨੇ ਗੇਟ ਅੰਦਰ ਜਾਣ ਲਈ ਪੁਲਿਸ ਨਾਲ ਧੱਕਾ-ਮੁੱਕੀ ਕੀਤੀ ਅਤੇ ਬੋਲੀ, 'ਅਗਰ ਮੈਨੂੰ ਕੁਝ ਕਿਹਾ ਤਾਂ ਆਪਣਾ ਹਿਸਾਬ ਲਾ ਲਿਓ'। ਕਾਨੂੰਨ ਦੀ ਨਜ਼ਰ ਵਿਚ ਇਹ ਸ਼ਬਦ ਸਿੱਧੇ ਧਮਕੀ ਦੇ ਦਾਇਰੇ ਵਿਚ ਆਉਂਦੇ ਹਨ। ਭਾਰਤੀ ਦੰਡਾਵਲੀ ਦੀ ਧਾਰਾ 503, ਧਾਰਾ 506 (ਧਮਕੀ ਦੇਣ ਦੀ ਸਜ਼ਾ) ਅਤੇ ਜੇ ਡਿਊਟੀ 'ਤੇ ਮੌਜੂਦ ਸਰਕਾਰੀ ਮੁਲਾਜ਼ਮ ਨਾਲ ਹੋਵੇ ਤਾਂ ਧਾਰਾ 186 (ਸਰਕਾਰੀ ਕੰਮ ਵਿਚ ਰੁਕਾਵਟ ਪਾਉਣਾ) ਅਤੇ 353 (ਡਿਊਟੀ ਕਰ ਰਹੇ ਅਧਿਕਾਰੀ 'ਤੇ ਜ਼ੋਰ ਜਾਂ ਧਮਕੀ ਵਰਤਣਾ) ਲੱਗ ਸਕਦੀ ਹੈ। ਇਹ ਕੋਈ ਛੋਟੀ ਗੱਲ ਨਹੀਂ। ਪਰ ਇਸ ਤੋਂ ਬਾਅਦ ਜੋ ਹੋਇਆ ਉਹ ਹੈਰਾਨ ਕਰਨ ਵਾਲਾ ਸੀ। ਕਈ ਰਾਜਨੇਤਾ, ਜਥੇਬੰਦੀਆਂ ਅਤੇ ਮੀਡੀਆ ਨੇ ਉਸ ਨੂੰ 'ਪੰਜਾਬ ਦੀ ਸ਼ੇਰਨੀ' ਅਤੇ 'ਮਾਈ ਭਾਗੋ ਦੀ ਵਾਰਸ' ਐਲਾਨ ਦਿੱਤਾ। ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਜੇ ਮਹਿਲਾ ਪੁਲਿਸ ਵਾਲੀ ਨੇ ਹੱਥ ਚੁੱਕਿਆ ਹੁੰਦਾ ਤਾਂ ਕੀ ਕਰਦੀ? ਉਸ ਨੇ ਕਿਹਾ, 'ਫਿਰ ਮੈਂ ਵੀ ਚਪੇੜਾਂ ਮਾਰਦੀ'। ਇਹ ਸ਼ਬਦ ਵੀ ਕੈਮਰੇ 'ਤੇ ਰਿਕਾਰਡ ਹਨ। ਕਾਨੂੰਨੀ ਤੌਰ 'ਤੇ ਇਹ ਵੀ ਧਾਰਾ 506 ਅਤੇ ਸੰਭਵ ਤੌਰ 'ਤੇ ਧਾਰਾ 355 (ਹਮਲੇ ਜਾਂ ਅਪਰਾਧਿਕ ਮਾਨਸਿਕਤਾ ਨਾਲ ਸਰਕਾਰੀ ਮੁਲਾਜ਼ਮ ਨੂੰ ਡਿਊਟੀ ਤੋਂ ਰੋਕਣ ਦੀ ਧਮਕੀ) ਅਧੀਨ ਆਉਂਦੇ ਹਨ। ਪਰ ਇਸ ਸਭ ਦੇ ਬਾਵਜੂਦ ਉਸ ਨੂੰ ਮਾਈ ਭਾਗੋ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਐਮ.ਐਲ.ਏ. ਬਣਾਉਣ ਦੇ ਸੁਪਨੇ ਦਿਖਾਏ ਗਏ। ਇੱਕ ਪਲ ਲਈ ਸੋਚੋ, ਜੇ ਉਸ ਦੇ ਖ਼ਿਲਾਫ਼ ਪਰਚਾ ਦਰਜ ਹੋ ਜਾਂਦਾ, ਜੇ ਉਹ ਜੱਜ ਸਾਹਮਣੇ ਖੜ੍ਹੀ ਹੁੰਦੀ, ਤਾਂ ਕੀ ਜੱਜ ਉਸ ਨੂੰ ਇਹ ਕਹਿ ਕੇ ਛੱਡ ਦਿੰਦਾ ਕਿ 'ਬਹੁਤ ਦਲੇਰੀ ਕੀਤੀ ਬੇਟੀ'? ਬਿਲਕੁਲ ਨਹੀਂ। ਡਿਊਟੀ 'ਤੇ ਮੌਜੂਦ ਮਹਿਲਾ ਪੁਲਿਸ ਮੁਲਾਜ਼ਮ 'ਤੇ ਹੱਥ ਚੁੱਕਣ ਦੀ ਧਮਕੀ ਦੇਣ ਵਾਲੇ ਨੂੰ ਕਾਨੂੰਨ ਸਖ਼ਤ ਸਜ਼ਾ ਦਿੰਦਾ ਹੈ। ਇੱਕ ਵਿਦਿਆਰਥਣ ਜੋ ਪੰਜਾਬ ਯੂਨੀਵਰਸਿਟੀ ਵਿਚ ਪੜ੍ਹਨ ਦੀ ਯੋਗਤਾ ਰੱਖਦੀ ਹੈ, ਉਸ ਦਾ ਕਰੀਅਰ ਇੱਕ ਪਲ ਵਿਚ ਖ਼ਤਮ ਹੋ ਸਕਦਾ ਹੈ। ਪਰ ਸਾਡੇ ਸਮਾਜ ਨੇ ਫੋਕੀ ਹਵਾ ਦੇ ਕੇ ਉਸ ਨੂੰ ਸ਼ੇਰਨੀ ਬਣਾ ਕੇ ਉਸ ਦੇ ਹੱਥ ਵਿਚ ਅਜਿਹਾ ਹਥਿਆਰ ਫੜਾ ਦਿੱਤਾ ਜਿਸ ਦਾ ਨੁਕਸਾਨ ਉਸ ਨੂੰ ਖ਼ੁਦ ਭੁਗਤਣਾ ਪਵੇਗਾ।

ਸੰਘਰਸ਼ ਕਰਨਾ ਹਰ ਨਾਗਰਿਕ ਦਾ ਹੱਕ ਹੈ। ਪਰ ਸੰਘਰਸ਼ ਅਤੇ ਬਦਤਮੀਜ਼ੀ ਵਿਚ ਫ਼ਰਕ ਹੁੰਦਾ ਹੈ। ਹੰਕਾਰ ਅਤੇ ਧਮਕੀ ਦਾ ਰਾਹ ਕਦੇ ਵੀ ਸਤਿਕਾਰਯੋਗ ਨਹੀਂ ਹੁੰਦਾ। ਜਿਸ ਕੁੜੀ ਨੂੰ ਪੜ੍ਹ ਕੇ ਸਮਾਜ ਲਈ ਮਿਸਾਲ ਬਣਨਾ ਚਾਹੀਦਾ ਸੀ, ਉਸ ਦੇ ਅਜਿਹੇ ਵਿਵਹਾਰ ਨੇ ਕਿੰਨੇ ਹੀ ਮਾਪਿਆਂ ਦੇ ਮਨ ਵਿਚ ਡਰ ਪੈਦਾ ਕਰ ਦਿੱਤਾ ਹੋਵੇਗਾ ਕਿ 'ਸਾਡੀ ਧੀ ਵੀ ਜੇ ਅਜਿਹੀ ਹਵਾ ਵਿਚ ਉੱਡ ਗਈ ਤਾਂ?'। ਅਸਲ ਮਾਈ ਭਾਗੋ ਦੀ ਵਾਰਸ ਕੌਣ ਹੈ? ਜੇ ਸੱਚਮੁੱਚ ਕਿਸੇ ਨੂੰ ਇਹ ਸਨਮਾਨ ਦੇਣਾ ਹੈ ਤਾਂ ਪੰਜਾਬ ਦੀਆਂ ਉਨ੍ਹਾਂ ਮਾਵਾਂ ਨੂੰ ਦਿਓ ਜੋ ਸਾਰੀ ਉਮਰ ਦੁੱਖ-ਤਕਲੀਫ਼ਾਂ ਸਹਿੰਦੀਆਂ ਹਨ, ਪਰਿਵਾਰ ਨੂੰ ਜੋੜ ਕੇ ਰੱਖਦੀਆਂ ਹਨ, ਬੱਚਿਆਂ ਨੂੰ ਪਾਲਦੀਆਂ-ਪੋਸਦੀਆਂ ਹਨ, ਰਿਸ਼ਤੇ ਨਿਭਾਉਂਦੀਆਂ ਹਨ ਅਤੇ ਆਪਣੇ ਆਪ ਨੂੰ ਪਰਿਵਾਰ ਲਈ ਪੂਰੀ ਤਰ੍ਹਾਂ ਨਿਛਾਵਰ ਕਰ ਦਿੰਦੀਆਂ ਹਨ। ਉਹ ਕਦੇ ਸਟੇਜ 'ਤੇ ਨਹੀਂ ਚੜ੍ਹਦੀਆਂ, ਕੋਈ ਅਵਾਰਡ ਨਹੀਂ ਲੈਂਦੀਆਂ, ਪਰ ਉਨ੍ਹਾਂ ਦੀ ਕੁਰਬਾਨੀ ਮਾਈ ਭਾਗੋ ਤੋਂ ਘੱਟ ਨਹੀਂ ਹੁੰਦੀ। ਪਰ ਉਨ੍ਹਾਂ ਨੂੰ ਕੋਈ 'ਸ਼ੇਰਨੀ' ਨਹੀਂ ਆਖਦਾ, ਕਿਉਂਕਿ ਉਨ੍ਹਾਂ ਦਾ ਸੰਘਰਸ਼ ਚੁੱਪ-ਚੁਪੀਤੇ ਹੁੰਦਾ ਹੈ, ਉਹ ਰਾਜਨੀਤੀ ਦੀ ਰੋਟੀ ਸੇਕਣ ਲਈ ਵਰਤੀਆਂ ਨਹੀਂ ਜਾ ਸਕਦੀਆਂ।

ਮਾਈ ਭਾਗੋ ਦਾ ਨਾਂ ਇਤਿਹਾਸ ਨੇ ਬਹੁਤ ਵੱਡੀਆਂ ਕੁਰਬਾਨੀਆਂ ਦੇ ਬਦਲੇ ਲਿਖਿਆ ਹੈ। ਉਸ ਨਾਂ ਨੂੰ ਹਲਕਾ ਕਰਨਾ ਸਾਡੇ ਮਹਾਨ ਇਤਿਹਾਸ ਨਾਲ ਧੋਖਾ ਹੈ। ਸਿਰਫ਼ ਦੋ ਲਲਕਾਰੇ ਮਾਰਨ ਨਾਲ, ਦੋ ਗੁੱਸੇ ਵਾਲੇ ਬੋਲ ਬੋਲਣ ਨਾਲ ਕੋਈ ਮਾਈ ਭਾਗੋ ਦੀ ਵਾਰਸ ਨਹੀਂ ਬਣ ਸਕਦਾ। ਜਿਹੜੇ ਲੋਕ ਅਜਿਹਾ ਕਰ ਰਹੇ ਹਨ, ਉਹ ਅਸਲ ਵਿਚ ਉਨ੍ਹਾਂ ਨੌਜਵਾਨਾਂ ਦਾ ਸਭ ਤੋਂ ਵੱਡਾ ਨੁਕਸਾਨ ਕਰ ਰਹੇ ਹਨ ਜਿਨ੍ਹਾਂ ਨੂੰ ਆਪਣੇ ਭਵਿੱਖ ਵਿਚ ਅੱਗੇ ਵਧਣਾ ਚਾਹੀਦਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਮਹਾਨ ਕਿਰਦਾਰਾਂ ਦੇ ਨਾਂ ਨੂੰ ਬਚਾਈਏ। ਉਨ੍ਹਾਂ ਨੂੰ ਰਾਜਨੀਤੀ ਦੀ ਭੇਟ ਨਾ ਚੜ੍ਹਾਈਏ। ਸੱਚੀ ਦਲੇਰੀ ਚੁੱਪ-ਚਾਪ ਜਿਉਣ ਵਿਚ ਵੀ ਹੁੰਦੀ ਹੈ, ਸਹੀ ਰਾਹ 'ਤੇ ਚੱਲਣ ਵਿਚ ਵੀ ਹੁੰਦੀ ਹੈ ਅਤੇ ਸਭ ਤੋਂ ਵੱਡੀ ਦਲੇਰੀ ਤਾਂ ਆਪਣੀ ਗਲਤੀ ਸਵੀਕਾਰ ਕਰਨ ਅਤੇ ਸੁਧਾਰ ਕਰਨ ਵਿਚ ਹੁੰਦੀ ਹੈ। ਮਾਈ ਭਾਗੋ ਦੀ ਵਾਰਸ ਬਣਨਾ ਬਹੁਤ ਔਖਾ ਹੈ। ਇਹ ਸਿਰਫ਼ ਲਲਕਾਰੇ ਮਾਰਨ ਨਾਲ ਨਹੀਂ ਹੁੰਦਾ। ਇਹ ਤਾਂ ਜੀਵਨ ਨੂੰ ਪੂਰੀ ਤਰ੍ਹਾਂ ਨਿਛਾਵਰ ਕਰਨ ਨਾਲ ਹੁੰਦਾ ਹੈ ਅਤੇ ਉਹ ਜਜ਼ਬਾ ਅੱਜ ਵੀ ਜਿਉਂਦਾ ਹੈ, ਸਾਡੀਆਂ ਮਾਵਾਂ, ਸਾਡੀਆਂ ਧੀਆਂ ਵਿਚ, ਜੋ ਚੁੱਪ-ਚਾਪ, ਸਤਿਕਾਰ ਨਾਲ, ਪਰ ਅਡੋਲ ਹੋ ਕੇ ਜ਼ਿੰਦਗੀ ਦੀ ਜੰਗ ਲੜ ਰਹੀਆਂ ਹਨ। ਉਨ੍ਹਾਂ ਨੂੰ ਸਲਾਮ ਕਰੋ। ਉਨ੍ਹਾਂ ਨੂੰ ਮਾਈ ਭਾਗੋ ਦੀ ਅਸਲ ਵਾਰਸ ਮੰਨੋ। ਬਾਕੀ ਸਿਰਫ਼ ਸ਼ੋਰ ਹੈ, ਸੱਚ ਨਹੀਂ।

# ਸਿੱਖੀ ਪਛਾਣ ਦਾ ਪੈਗਾਮ-ਦੌੜਾਕ ਗੁਰਦਿਆਲ ਸਿੰਘ ਸੁੰਨੜ


ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080



ਸੁਪਨਾ ਲੈਣ ਅਤੇ ਇਸਨੂੰ ਪੂਰਾ ਕਰਨ ਦੀ ਕੋਈ ਨਿਸ਼ਚਿਤ ਉਮਰ ਨਹੀਂ ਹੁੰਦੀ। ਸੁਪਨਾ ਕਿਸੇ ਵੀ ਉਮਰ ਵਿਚ ਪੂਰਾ ਕੀਤਾ ਜਾ ਸਕਦੈ। ਖਾਸ ਕਰਕੇ ਜਦ ਇਹ ਸੁਪਨਾ ਦੌੜਾਂ ਰਾਹੀਂ ਸਿੱਖ ਕੌਮ ਦੀ ਪਛਾਣ ਨੂੰ ਅਮਰੀਕਾ ਵਿਚ ਵੱਸਦੀਆਂ ਬਾਕੀ ਕਮਿਊਨਿਟੀਆਂ ਵਿਚ ਪਹੁੰਚਾਣਾ ਹੋਵੇ। ਅਜੇਹੇ ਸੁਪਨੇ ਦੇ ਸੱਚ ਦਾ ਸਿਰਨਾਵਾਂ ਹੈ, ਕਪੂਰਥਲੇ ਦੇ ਪਿੰਡ ਸੁੰਨੜਾਂ ਦਾ ਜੰਮਪਲ, ਕਲੀਵਲੈਂਡ (ਓਹਾਈਓ) ਦਾ ਬਿਜ਼ਨੈਸਮੈਨ ਗੁਰਦਿਆਲ ਸਿੰਘ ਸੁੰਨੜ, ਜਿਸਨੇ ਅਮਰੀਕਾ ਅਤੇ ਕੈਨੇਡਾ ਵਿਚ ਸੀਨੀਅਰ ਵਰਗ ਵਿਚ 5 ਕਿਲੋਮੀਟਰ, ਦਸ ਕਿਲੋਮੀਟਰ, 1000 ਮੀਟਰ, 800 ਮੀਟਰ, 400 ਮੀਟਰ ਅਤੇ 200 ਮੀਟਰ ਦੀਆਂ ਦੌੜਾਂ ਵਿਚ ਜਿੱਤਾਂ ਪ੍ਰਾਪਤ ਕਰਕੇ ਸਿੱਖੀ ਪਛਾਣ ਨੂੰ ਉਜਾਗਰ ਕੀਤਾ ਹੈ।

ਰਣਧੀਰ ਕਾਲਜ ਕਪੂਰਥਲਾ ਵਿਚ ਪੜ੍ਹਦਿਆਂ ਵੱਖ-ਵੱਖ ਵਰਗਾਂ ਦੀਆਂ ਦੌੜਾਂ ਜਿੱਤਣ ਵਾਲੇ ਗੁਰਦਿਆਲ ਸਿੰਘ ਨੇ 1983 ਵਿਚ ਬੀਏ ਕੀਤੀ ਅਤੇ ਫਿਰ ਈਟੀਟੀ ਵੀ ਕੀਤੀ। ਪਰ ਬੇਰੁਜ਼ਗਾਰੀ ਅਤੇ ਪੰਜਾਬ ਦੇ ਮਾੜੇ ਹਾਲਾਤਾਂ ਤੋਂ ਸਤਾਇਆ, ਉਹ ਅਮਰੀਕਾ ਆ ਗਿਆ। 1996 ਤੋਂ ਉਹ ਕਲੀਵਲੈਂਡ ਵਿਚ ਰਹਿ ਰਿਹਾ ਹੈ। ਬਹੁਤ ਵਧੀਆ ਬਿਜ਼ਨੈਸਮੈਨ ਅਤੇ ਸਮਾਜਿਕ ਕਾਰਜਾਂ ਵਿਚ ਮੂਹਰੀ ਹੁੰਦਾ ਹੈ।

ਗੁਰਦਿਆਲ ਸਿੰਘ ਨੇ ਦੌੜਾਂ ਵਿਚ ਭਾਗ ਲੈਣ ਦੀ ਸ਼ੁਰੂਆਤ 2015 ਵਿਚ ਨਿਊਯਾਰਕ ਤੋਂ



ਸ਼ੁਰੂ ਕੀਤੀ ਅਤੇ ਪਹਿਲੇ ਸਥਾਨ 'ਤੇ ਰਿਹਾ। ਜ਼ਿਕਰਯੋਗ ਹੈ ਕਿ ਉਸਦਾ ਬੇਟਾ, ਨੂੰਹ ਤੇ ਬੇਟੀ ਵੀ ਦੌੜਾਂ ਵਿਚ ਭਾਗ ਲੈਂਦੇ ਹਨ। ਉਹ ਯੂ.ਐਸ. ਟਰੈਕ ਅਤੇ ਫੀਲਡ ਸੰਸਥਾ ਦਾ ਮੈਂਬਰ ਹੈ ਅਤੇ ਇਸ ਸੰਸਥਾ ਵਲੋਂ ਕਰਵਾਏ ਜਾਂਦੇ ਦੌੜਾਂ ਦੇ ਮੁਕਾਬਲਿਆਂ ਵਿਚ ਭਾਗ ਲੈਂਦਾ ਹੈ। ਓਹਾਇਓ ਸਟੇਟ ਵਲੋਂ ਕਰਵਾਏ ਸੀਨੀਅਰ ਮੁਕਾਬਲਿਆਂ ਵਿਚ ਉਸਨੇ ਦੋ ਸੋਨੇ ਦੇ ਮੈਡਲ ਜਿੱਤੇ। ਯੂ.ਐਸ. ਟਰੈਕ ਅਤੇ ਫੀਲਡ ਵਲੋਂ ਜਨੇਵਾ ਵਿਚ ਹੋਈਆਂ ਅਮਰੀਕਨ ਓਲੰਪਿਕ ਸੀਨੀਅਰ ਗੇਮਜ਼ ਦੌੜਾਂ ਵਿਚ ਉਸਨੇ 5 ਸੋਨੇ ਦੇ ਅਤੇ ਇਕ ਸਿਲਵਰ ਮੈਡਲ ਜਿੱਤਿਆ। ਮਾਂਟਰੀਅਲ ਵਿਚ ਕਰਵਾਈਆਂ ਗਈਆਂ ਉਤਰੀ ਅਮਰੀਕਨ ਸੀਨੀਅਰ ਗੇਮਾਂ ਵਿਚ ਉਸਨੇ 10,000 ਮੀਟਰ, 5000 ਮੀਟਰ, 1000 ਮੀਟਰ, 800 ਮੀਟਰ, 400 ਮੀਟਰ, 400 ਮੀਟਰ ਰਿਲੇਅ ਵਿਚ 6 ਮੈਡਲ ਜਿੱਤ ਕੇ, ਦਸਤਾਰਧਾਰੀ ਸਿੱਖ ਵਜੋਂ ਜਿੱਤ ਦੇ ਝੰਡੇ ਗੱਡੇ। ਦੌੜਾਂ ਵਿਚ ਆਪਣੀ ਸਿਰੜ ਸਾਧਨਾ ਨਾਲ ਹੁਣ ਤੱਕ ਉਹ 18 ਗੋਲਡ ਮੈਡਲਾਂ ਸਮੇਤ 233 ਮੈਡਲ ਜਿੱਤ ਚੁੱਕਾ ਹੈ।

ਗੁਰਦਿਆਲ ਸਿੰਘ ਹੁਣ ਤੱਕ ਨਿਊਯਾਰਕ, ਮਿਸ਼ੀਗਨ, ਨਾਰਥ ਕੈਰੋਲਾਈਨਾ, ਪੈਨਸੈਲਵੇਨੀਆ, ਨਿਊਜਰਸੀ, ਓਹਾਈਓ ਸਮੇਤ ਵੱਖ ਵੱਖ ਸਟੇਟਾਂ ਵਿਚ ਭਾਗ ਲੈ ਕੇ ਆਪਣੀਆਂ ਜਿੱਤਾਂ ਦਾ ਪ੍ਰਚਮ ਲਹਿਰਾ ਚੁੱਕਾ ਹੈ। ਉਸਨੂੰ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸੰਸਥਾਵਾਂ ਵਲੋਂ ਉਸਦੀਆਂ ਦੌੜਾਂ ਵਿਚ ਉਪਲਬਧੀਆਂ ਲਈ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸਭ ਤੋਂ ਖ਼ੂਬਸੂਰਤ ਗੱਲ ਹੈ ਕਿ ਉਹ ਦਸਤਾਰਧਾਰੀ ਸਿੱਖ ਦੌੜਾਕ ਹੋਣ ਕਰਕੇ, ਸਿੱਖ ਪਛਾਣ ਦਾ ਪ੍ਰਤੀਕ ਬਣ ਚੁੱਕਾ ਹੈ।

ਆਸ ਹੈ ਕਿ 65 ਸਾਲ ਦੀ ਉਮਰ ਵਿਚ ਨੌਜਵਾਨਾਂ ਵਾਲੇ ਜੋਸ਼ ਅਤੇ ਜਨੂੰਨ ਨਾਲ ਭਰਿਆ, ਸਾਊ ਦਿੱਖ ਵਾਲਾ ਗੁਰਦਿਆਲ ਸਿੰਘ ਦੌੜਾਂ ਜਿੱਤਦਾ, ਇਕ ਦਿਨ ਸੀਨੀਅਰ ਵਰਗ ਵਿਚ ਬਾਬਾ ਫੌਜਾ ਸਿੰਘ ਵਾਂਗ ਆਪਣਾ ਨਾਮ ਅਮਰੀਕਾ ਸਮੇਤ ਦੁਨੀਆਂ ਭਰ ਵਿਚ ਚਮਕਾਵੇਗਾ।
























# ਕੰਨਾਂ 'ਚ ਰਸ ਘੋਲਦੀ ਸੀ ਦਿਲਸ਼ਾਦ ਅਖ਼ਤਰ ਦੀ ਆਵਾਜ਼

ਪੰਜਾਬੀ ਗਾਇਕੀ ਨੂੰ ਕਈ ਕੀਮਤੀ ਹੀਰੇ ਹਾਸਲ ਹੋਏ ਹਨ, ਜਿਨ੍ਹਾਂ ਦੇ ਦਮ 'ਤੇ ਇਹ ਖੇਤਰ ਸਾਰੀ ਦੁਨੀਆ ਦੇ ਸੰਗੀਤ 'ਤੇ ਰਾਜ ਕਰਨ ਦੇ ਕਾਬਲ ਹੋਇਆ ਹੈ। ਇਸੇ ਤਰ੍ਹਾਂ ਦਾ ਹੀਰਾ ਗਾਇਕ ਹੈ ਦਿਲਸ਼ਾਦ ਅਖ਼ਤਰ 1980ਵਿਆਂ ਦੀ ਸ਼ੁਰੂਆਤ 'ਚ ਪੇਸ਼ੇਵਰ ਗਾਇਕ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਦਿਲਸ਼ਾਦ ਅਖ਼ਤਰ ਦੀ ਆਵਾਜ਼ ਦੀ ਬੁਲੰਦੀ ਨੂੰ ਲੋਕ ਅੱਜ ਵੀ ਚੇਤੇ ਕਰਦੇ ਹਨ। 'ਦਿਲ ਵਿਚ ਵੱਸਨੈ ਸੱਜਣਾ ਵੇ ਰਹਿਨੈ ਅੱਖੀਆਂ ਤੋਂ ਦੂਰ' ਤੇ 'ਸਾਨੂੰ ਪਰਦੇਸੀਆਂ ਨੂੰ ਨੂੰ ਯਾਦ ਕਰਕੇ ਦਿਲਸ਼ਾਦ ਅਖ਼ਤਰ ਦੇ ਅਜਿਹੇ ਗਾਣੇ ਹਨ ਜੋ ਕਦੇ ਵੀ ਪੁਰਾਣੇ ਨਹੀਂ ਹੋ ਸਕਦੇ। ਇਨ੍ਹਾਂ ਦੇ ਬੋਲਾਂ ਤੇ ਪੇਸ਼ਕਾਰੀ 'ਚ ਅਜਿਹਾ ਤਾਜ਼ਾਪਣ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ।



ਦਿਲਸ਼ਾਦ ਅਖ਼ਤਰ ਦਾ ਨਾਂ ਅਮਰ ਸਿੰਘ ਚਮਕੀਲਾ, ਕੁਲਦੀਪ ਮਾਣਕ ਤੇ ਉਸ ਦੌਰ ਦੇ



ਚੰਦ ਕੁ ਗਾਇਕਾਂ ਦੀ ਸੂਚੀ 'ਚ ਸ਼ੁਮਾਰ ਹੈ, ਜਿਨ੍ਹਾਂ ਦੀਆਂ ਕੈਸੇਟਾਂ ਲੋਕਾਂ ਨੇ ਲੱਭ-ਲੱਭ ਕੇ ਖਰੀਦੀਆਂ ਹਨ। ਉਨ੍ਹਾਂ ਦੀ ਗਾਇਕੀ ਦੀ ਚੜ੍ਹਤ ਨੇ ਪੰਜਾਬੀ ਗਾਇਕੀ ਲਈ ਨਵੇਂ ਰਾਹ ਖੋਲ੍ਹੇ ਹਨ। ਦਿਲਸ਼ਾਦ ਅਖ਼ਤਰ ਦੀ ਪਹਿਲੀ ਕੈਸੇਟ 1981 'ਚ ਮਾਰਕੀਟ 'ਚ ਆਈ ਸੀ।

ਮਾਰਚ 2008 ਦੌਰਾਨ ਮੀਡੀਆ ਦੀਆਂ ਖ਼ਬਰਾਂ ਮੁਤਾਬਕ ਦਿਲਸ਼ਾਦ ਨੂੰ 28 ਜਨਵਰੀ 1996 'ਚ ਸਟੇਜ 'ਤੇ ਗਾਉਂਦਿਆਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਇਹ ਘਟਨਾ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਕਸਬੇ ਦੇ ਪਿੰਡ ਸਿੰਘਪੁਰਾ ਦੀ ਹੈ। ਉਹ ਇਕ ਵਿਆਹ ਪ੍ਰੋਗਰਾਮ ਦੌਰਾਨ ਗਾ ਰਿਹਾ ਸੀ ਤੇ ਉਸ ਨੂੰ ਗੋਲੀ ਮਾਰ ਦਿੱਤੀ ਗਈ। ਗੋਲੀ ਮਾਰਨ ਵਾਲਾ ਕੋਈ ਪੁਲਿਸ ਅਧਿਕਾਰੀ ਸੀ ਤੇ ਉਸ ਨੇ ਦਿਲਸ਼ਾਦ ਨੂੰ ਕਿਸੇ ਹੋਰ ਗਾਇਕ ਦਾ ਗੀਤ ਗਾਉਣ ਦੀ ਫਰਮਾਇਸ਼ ਕੀਤੀ ਪਰ ਉਸ ਨੇ ਮਨ੍ਹਾਂ ਕਰ ਦਿੱਤਾ। ਇਸ 'ਤੇ ਭੜਕੇ ਉਸ ਵਿਅਕਤੀ ਨੇ ਆਪਣੇ ਹੀ ਸੁਰੱਖਿਆ ਮੁਲਾਜ਼ਮ ਕੋਲੋਂ ਏਕੇ-47 ਖੋਹ ਕੇ ਦਿਲਸ਼ਾਦ 'ਤੇ ਗੋਲੀਆਂ ਵਰ੍ਹਾ ਦਿੱਤੀਆਂ। ਬਾਅਦ 'ਚ ਇਹ ਖ਼ਬਰਾਂ ਵੀ ਆਈਆਂ ਕਿ ਉਸ ਅਧਿਕਾਰੀ ਨੇ ਮਾਰਚ 2008 'ਚ ਆਤਮਹੱਤਿਆ ਕਰ ਲਈ ਸੀ।

ਦਿਲਸ਼ਾਦ ਅਖ਼ਤਰ ਦੇ ਹਿੱਟ ਗੀਤਾਂ ਦੀ ਸੂਚੀ ਲੰਬੀ ਹੈ। ਉਸ ਦੀ ਪਹਿਲੀ ਕੈਸੇਟ 'ਧਰਤੀ ਪੰਜ ਦਰਿਆਵਾਂ ਦੀ' ਆਈ ਸੀ। ਇਸ ਤੋਂ ਬਾਅਦ ਬਾਬੂ ਸਿੰਘ ਮਾਨ ਵੱਲੋਂ ਰਿਕਾਰਡ ਕੀਤਾ ਉਸ ਦਾ ਗੀਤ 'ਮਨ ਵਿੱਚ ਵੱਸਦਾ ਸੱਜਣਾ ਵੇ ਰਹਿਨੈ ਅੱਖੀਆਂ ਤੋਂ ਦੂਰ ਖੂਬ ਮਕਬੂਲ ਹੋਇਆ। 'ਸਾਨੂੰ ਪਰਦੇਸੀਆਂ ਨੂੰ ਯਾਦ ਕਰਕੇ ਕਾਹਨੂੰ ਅੱਥਰੂ ਵਹਾਉਨੀ' ਅਤੇ 'ਦੇਸੀ ਬਾਂਦਰੀ ਵਲੈਤੀ ਚੀਕਾਂ' ਤੇ 'ਕੀ ਹਾਲ ਪ੍ਰੀਤੋ' ਦਾ ਉਸ ਵੱਲੋਂ ਗਾਏ ਲਾਜਵਾਬ ਗੀਤ ਹਨ। ਦਿਲਸ਼ਾਦ ਨੇ ਹਰ ਤਰ੍ਹਾਂ ਦੇ ਗੀਤ ਗਾਏ। ਭੰਗੜੇ ਵਾਲੇ ਗੀਤਾਂ ਦੇ ਨਾਲ- ਨਾਲ ਦੁੱਖ ਭਰੇ ਤੇ ਵੀਰ ਰਸ ਗੀਤਾਂ ਨੂੰ ਵੀ ਆਵਾਜ਼ ਦਿੱਤੀ। ਉਹ ਕਹਿੰਦਾ ਸੀ ਕਿ ਮੈਂ ਅਜਿਹੇ ਗੀਤ ਗਾਉਣਾ ਚਾਹੁੰਦਾ ਹਾਂ, ਜੋ ਪਰਿਵਾਰ 'ਚ ਬਹਿ ਕੇ ਸੁਣੇ ਜਾ ਸਕਣ। ਕੈਸੇਟ ਯੁੱਗ ਦੇ ਅਖੀਰਲੇ ਦਿਨਾਂ 'ਚ ਉਸ ਨੇ ਗਾਉਣਾ ਸ਼ੁਰੂ ਕੀਤਾ ਤੇ ਇਸ ਦੇ ਬਾਵਜੂਦ ਉਸ ਦੀਆਂ ਕੈਸੇਟਾਂ ਦੇ ਲੋਕ ਦੀਵਾਨੇ ਸਨ।

ਦਿਲਸ਼ਾਦ ਦਾ ਜਨਮ ਫਰੀਦਕੋਟ ਦੇ ਕਸਬੇ ਕੋਟਕਪੂਰਾ 'ਚ ਜਨਵਰੀ 1965 ਵਿੱਚ ਹੋਇਆ ਸੀ। ਉਸ ਦਾ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਗਾਇਕੀ ਨਾਲ ਜੁੜਿਆ ਰਿਹਾ ਸੀ। ਉਸ ਦੇ ਪਿਤਾ ਕੀੜੇ ਖ਼ਾਨ ਸ਼ੌਕੀਨ ਵੀ ਸੰਗੀਤ ਦੇ ਉਸਤਾਦ ਸਨ। ਦਿਲਸ਼ਾਦ 1980 ਦੇ ਦਹਾਕੇ 'ਚ ਪੰਜਾਬੀ ਸੰਗੀਤਕ ਜਗਤ 'ਚ ਆਗਾਜ਼ ਕਰਨ ਵਾਲੇ ਮੋਹਰੀ ਗਾਇਕਾਂ 'ਚ ਆਉਂਦਾ ਸੀ। ਮਿਆਰੀ ਗਾਇਕੀ 'ਚ ਦਿਲਸ਼ਾਦ ਦਾ ਨਾਂ ਅਦਬ ਨਾਲ ਲਿਆ ਜਾਂਦਾ ਹੈ। ਸਾਲ 1990 ਦੌਰਾਨ ਦੂਰਦਰਸ਼ਨ 'ਤੇ ਉਸ ਦੇ ਗੀਤ ਆਮ ਤੌਰ 'ਤੇ ਵੱਜਦੇ ਸੁਣੇ ਜਾਂਦੇ ਸਨ। ਉਸ ਨੇ 1989-90 'ਚ 'ਅਣਖ ਜੱਟਾਂ ਦੀ' ਫ਼ਿਲਮ 'ਚ ਵੀ ਗੀਤ ਗਾਏ। ਦਿਲਸ਼ਾਦ ਨੂੰ ਉਸ ਦੇ ਸਾਥੀ ਕਲਾਕਾਰ ਵੀ ਪਿਆਰ ਕਰਦੇ ਸਨ ਤੇ ਉਸ ਦੇ ਜਾਣ ਤੋਂ ਬਾਅਦ ਉਸ ਨੂੰ ਸਮਰਪਿਤ ਕੈਸੇਟਾਂ ਵੀ ਕੀਤੀਆਂ ਗਈਆਂ। ਇਨ੍ਹਾਂ 'ਚੋਂ ਇਕ ਕੈਸੇਟ 'ਯਾਦਾਂ ਦਿਲਸ਼ਾਦ ਦੀਆਂ' ਕਾਫ਼ੀ ਮਕਬੂਲ ਹੋਈ।

ਉਸ ਦੌਰ 'ਚ ਬੇਸ਼ੱਕ ਕੁਲਦੀਪ ਮਾਣਕ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਗੁਰਦਾਸ

**ਕਲਾ ਪਰਿਕਰਮਾ**

ਮਾਨ ਦਾ ਵੱਖਰਾ ਮੁਕਾਮ ਸੀ ਪਰ ਦਿਲਸ਼ਾਦ ਨੇ ਆਪਣੀ ਥਾਂ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ। ਪੰਜਾਬੀ ਗਾਇਕੀ ਦਾ ਇਹ ਸਦਾਬਹਾਰ ਗਾਇਕ ਆਪਣੇ ਪਿੱਛੇ ਸੰਗੀਤ ਦੀ ਵੱਡੀ ਵਿਰਾਸਤ ਛੱਡ ਗਿਆ ਹੈ।

# ਮਖਮਲੀ ਆਵਾਜ਼ ਦੀ ਮਾਲਕ ਸੀ ਪਰਮਿੰਦਰ ਸੰਧੂ

ਮਰਹੂਮ ਗਾਇਕਾ ਪਰਮਿੰਦਰ ਸੰਧੂ ਦਾ ਪੰਜਾਬੀ ਗਾਇਕੀ 'ਚ ਵੱਖਰਾ ਮੁਕਾਮ ਹੈ। ਇਸ ਖੇਤਰ 'ਚ ਪੈਰ ਧਰਨ ਦੇ ਮੁੱਢਲੇ ਦਿਨਾਂ 'ਚ ਸ਼ਾਇਦ ਉਸ ਨੂੰ ਵੀ ਇਸ ਗੱਲ ਦਾ ਇਲਮ ਨਹੀਂ ਸੀ ਕਿ ਉਸ ਮਿੱਠੀ ਤੇ ਸੁਰੀਲੀ ਆਵਾਜ਼ ਦਹਾਕਿਆਂ ਤੱਕ ਲੋਕ ਮਨਾਂ 'ਤੇ ਰਾਜ ਕਰੇਗੀ। ਦੂਰਦਰਸ਼ਨ 'ਤੇ ਜਦੋਂ ਪੰਜਾਬੀ ਗਾਇਕਾਂ ਤੇ ਗੀਤਕਾਰਾਂ ਦੀ ਚੜ੍ਹਤ ਸੀ ਤੇ ਖ਼ਾਸਕਰ ਪ੍ਰੋਗਰਾਮ 'ਲਿਸ਼ਕਾਰੇ' ਦਾ ਦੌਰ ਸੀ, ਉਸ ਵੇਲੇ ਪਰਮਿੰਦਰ ਨੇ ਵੀ ਆਪਣੇ ਗੀਤਾਂ ਨਾਲ ਪੰਜਾਬੀਆਂ ਨੂੰ ਕੀਲ ਕੇ ਰੱਖਿਆ ਹੋਇਆ ਸੀ।



ਉਨ੍ਹਾਂ ਦਾ ਜਨਮ ਪਿਤਾ ਸਰਦਾਰ ਸੁਰਜੀਤ ਸਿੰਘ ਸੰਧੂ ਦੇ ਘਰ ਹਿਸਾਰ ਵਿਖੇ ਹੋਇਆ। ਗਾਇਕਾ ਸੰਧੂ ਨੇ ਆਪਣੀ ਸਕੂਲੀ ਸਿੱਖਿਆ ਤੇ ਬਚਪਨ ਹਿਸਾਰ ਵਿਖੇ ਆਪਣੇ ਭੈਣਾ-ਭਰਾਵਾਂ ਨਾਲ ਗੁਜ਼ਾਰਿਆ। ਗਾਇਕੀ ਦੀ ਤਾਲੀਮ ਉਸ ਨੇ ਪਟਿਆਲਾ ਘਰਾਣੇ ਦੇ ਉਸਤਾਦ ਬਾਕਰ ਹੁਸੈਨ ਤੋਂ ਹਾਸਲ ਕੀਤੀ ਤੇ ਇਸ ਦੇ ਬਲਬੂਤੇ ਉਸ ਨੇ ਦੇਸ਼-ਵਿਦੇਸ਼ ਦੀ ਧਰਤੀ 'ਤੇ ਨਾਮਣਾ ਖੱਟਿਆ। ਇਕ ਦੌਰ ਇਹ ਵੀ ਰਿਹਾ 'ਕਿ ਇਸ ਉਸ ਦੀ ਆਵਾਜ਼ ਦੀ ਬੁਲੰਦੀ ਕਾਰਨ ਲੋਕ ਉਸ ਪੰਜਾਬ ਦੀ ਲਤਾ ਮੰਗੇਸ਼ਕਰ ਕਹਿੰਦੇ ਸਨ।



ਸੰਧੂ ਦਾ ਸੁਹੱਪਣ ਤੇ ਗਾਇਕੀ 'ਚ ਵੱਖਰਾ ਅੰਦਾਜ਼ ਵੀ ਉਸ ਦੇ ਮਕਬੂਲ ਹੋਣ ਦਾ ਕਾਰਨ ਸੀ। ਉਸ ਨੇ ਜੋ ਬੁਲੰਦੀ ਹਾਸਲ ਕੀਤੀ ਹੈ, ਉਹ ਸ਼ਾਇਦ ਹੀ ਕਿਸੇ ਪੰਜਾਬੀ ਲੋਕ ਗਾਇਕਾ ਦੇ ਹਿੱਸੇ ਆਈ ਹੋਵੇ। ਸਟੇਜੀ ਅਖਾੜਿਆਂ 'ਚ ਵੀ ਉਸ ਨੇ ਖੂਬ ਧੁੰਮਾਂ ਪਾਈਆਂ। ਆਪਣੀ ਮਖਮਲੀ ਆਵਾਜ਼ ਦੇ ਦਮ 'ਤੇ ਉਹ ਕਈ-ਕਈ ਘੰਟੇ ਸਟੇਜ 'ਤੇ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਬੰਨ੍ਹ ਕੇ ਰੱਖਦੀ ਸੀ। ਪਰਮਿੰਦਰ ਸੰਧੂ ਨੇ ਕਈ ਕੈਸੇਟ ਕੰਪਨੀਆਂ ਨਾਲ ਕੰਮ ਕੀਤਾ ਤੇ ਆਪਣੀਆਂ ਐਲਬਮ ਰਿਲੀਜ਼ ਕੀਤੀਆਂ। ਉਸ ਨੇ ਆਪਣਾ ਪਹਿਲਾ ਸੋਲੋ ਗੀਤ ਜਰਨੈਲ ਘੁਮਾਣ ਦੀ ਕੈਸੇਟ ਕੰਪਨੀ ਸੀਐੱਮਸੀ 'ਚ 'ਉੱਡਕੇ ਸੋਹਣਿਆਂ ਆਜਾ' ਰਿਕਾਰਡ ਕਰਵਾਇਆ ਸੀ। ਇਸੇ ਤਰ੍ਹਾਂ ਪਰਮਿੰਦਰ ਦੀਆਂ ਐਲਬਮਾਂ ਟੀ-ਸੀਰੀਜ਼ ਕੰਪਨੀ ਅਤੇ ਸੁਰ ਸੰਗਮ ਨੇ ਵੀ ਪੇਸ਼ ਕੀਤੀਆ ਹਨ।ਉਸ ਦੇ ਸੁਪਰਹਿੱਟ ਗੀਤਾਂ ਦੀ ਲਿਸਟ 'ਚ 'ਉੱਡਕੇ ਸੋਹਣਿਆ ਆ ਜਾ', 'ਚੁੰਨੀ ਨਾਲ ਪਤਾਸੇ', 'ਵਿਸਕੀ ਵਰਗੀ ਕੁੜੀ', 'ਮਸਤ ਮਸਤ', 'ਆਜਾ ਦੋਵੇ ਨੱਚੀਏ', 'ਗਰੇ ਰੰਗ ਦਾ ਫੈਨ', 'ਪੈ ਗਿਆ ਗੂੜਾ ਪਿਆਰ', 'ਕੀ ਨਾਂ ਸੋਹਣੀਏ ਤੇਰਾ', 'ਰੰਗਪੁਰ ਰੰਗ ਲਾਉਣ ਵਾਲੀਏ', 'ਕੂੰਜ ਦੀ ਉਡਾਰੀ ਬਾਬਲਾ' ਉਚੇਚੇ ਤੌਰ 'ਤੇ ਅੱਜ ਵੀ ਸੁਣੇ ਜਾਂਦੇ ਹਨ। ਪਰਮਿੰਦਰ ਸੰਧੂ ਨੇ ਪੰਜਾਬੀ ਦੀਆਂ ਕਈ ਹਿੱਟ ਫਿਲਮਾਂ 'ਚ ਅਦਾਕਾਰੀ ਵੀ ਕੀਤੀ ਹੈ। ਇਨ੍ਹਾਂ 'ਚ 'ਜਿਊਣਾ ਮੌੜ' 'ਚ ਪਰਮਿੰਦਰ ਨੇ 'ਡੋਗਰੀ' ਦਾ ਸਦਾਬਹਾਰ ਕਿਰਦਾਰ ਨਿਭਾਇਆ ਹੈ।

ਪਰਮਿੰਦਰ ਦੀ ਸਫਲਤਾ ਲਈ ਉਸ ਦੇ ਛੋਟੇ ਭਰਾ ਤੇ ਫਿਲਮ ਡਾਇਰੈਕਟਰ ਬਿੱਟੂ ਸੰਧੂ ਦਾ ਵੱਡਾ ਰੋਲ ਰਿਹਾ ਹੈ। ਬਿੱਟੂ ਸੰਧੂ ਨੇ ਵੀ ਪੰਜਾਬੀ ਫ਼ੀਚਰ ਫਿਲਮ 'ਜੱਟਾਂ ਦੀਆਂ ਦਿਲਦਾਰੀਆਂ' ਤੇ ਫਿਲਮ 'ਦੀਪੋ' ਦਾ ਨਿਰਦੇਸ਼ਨ ਕੀਤਾ ਸੀ। ਪਰਮਿੰਦਰ ਸੰਧੂ ਨੂੰ ਇਸ ਖੇਤਰ 'ਚ ਕੀਤੀ ਗਈ ਸੇਵਾ ਦੇ ਲਈ ਕਈ ਖ਼ਿਤਾਬ ਦਿੱਤੇ ਗਏ ਸਨ।

ਪਰਿਵਾਰ ਦਾ ਬੋਝ ਉਸ ਦੇ ਮੋਢਿਆ 'ਤੇ ਸੀ। ਘਰ ਦੇ ਹਾਲਾਤਾਂ ਨੂੰ ਠੀਕ ਕਰਦੀ ਉਹ ਇਕ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਈ। 5 ਫਰਵਰੀ 2011 ਨੂੰ ਪਰਮਿੰਦਰ ਸੰਧੂ ਨੇ ਆਖਰੀ ਸਾਹ ਲਿਆ। ਉਸ ਦੇ ਪਰਿਵਾਰ 'ਚ ਪਿੱਛੇ ਪਤੀ ਕੁਲਜੀਤ ਸੰਧੂ ਤੇ ਦੋ ਬੱਚੇ ਹਨ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਦਸੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-720



*ਮਾਘ ਦਾ ਮਹੀਨਾ ਹੈ ਆਇਆ, ਆਏ ਸਿਆਲ ਦਾ ਖਿਆਲ ਬਈ,*
*ਰਸਵਾਲੇ ਫਲ ਹੋਏ ਮਿੱਠੇ ਮਿੱਠੇ, ਜਾਗੇ ਰਸ ਪੀਣ ਦਾ ਮਲਾਲ ਬਈ।*
*ਦੇਖੋ ਬਾਗਾਂ 'ਚ ਲੱਗੀਆਂ ਰੌਣਕਾਂ, ਕਾਮੇ ਤੋੜ ਤੋੜ ਲਾਂਦੇ ਢੇਰ ਬਈ,*
*ਠੇਕੇਦਾਰ ਬੈਠਾ ਹੱਲਾਸ਼ੇਰੀ ਦਿੰਦਾ, ਕਰੋ ਫਟਾਫਟ ਹੋਏ ਨ ਦੇਰ ਬਈ।*

## ਕੈਪਸ਼ਨ ਮੁਕਾਬਲਾ-718



ਬਾਂਗ ਕੁਕੜ ਦੀ ਨਾਲ ਨੇ ਉਠਦੇ,
ਬਲਦਾਂ ਗਲ ਪੰਜਾਲੀ ਪਾਉਂਦੇ
ਅਮ੍ਰਿਤ ਵੇਲੇ ਜਾਣ ਖੇਤ ਨੂੰ,
ਨਾਲੇ ਰੱਬ ਦਾ ਨਾਮ ਧਿਆਉਂਦੇ
ਦਿਨ ਚੜ੍ਹਦੇ ਨੂੰ ਵਾਹ ਲੈਣ ਜਿੰਨੀ,
ਮਾਰ ਸੁਹਾਗਾ ਗਿੱਲ ਦਬਾਉਂਦੇ
ਹੱਡ ਭੰਨਵੀਂ ਕਰਨ ਕਮਾਈ,
ਖੁਸ਼ੀ 'ਚ ਢੋਲੇ ਮਾਹੀਏ ਗਾਉਂਦੇ
ਰੱਬ ਜੋ ਦਿੰਦਾ ਰੁੱਖੀ ਮਿੱਸੀ,
ਖਾ ਕੇ ਉਸਦਾ ਸ਼ੁਕਰ ਮਨਾਉਂਦੇ।
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਵਾਹੀ ਦਾ ਕੰਮ ਨੱਕੀ ਕਰਕੇ
ਮਗਰ ਸੁਹਾਗਾ ਪਾਉਂਦੇ ਸੀ।
ਨਾਰੇ ਬੱਗੇ ਨੂੰ ਦੇ ਕੇ ਥਾਪੀ
ਪੰਜਾਲੀ ਵਿੱਚ ਫਸਾਉਂਦੇ ਸੀ।
ਕਾਬੂ ਦੇ ਵਿਚ ਰੱਖਣ ਖਾਤਰ
ਰੋਕ ਅਰਲੀ ਦੀ ਲਾਉਂਦੇ ਸੀ।
ਖੁਦ ਸੁਹਾਗੇ ਉਪਰ ਖੜ੍ਹ ਕੇ
ਕਲੀ ਹੀਰ ਦੀ ਗਾਉਂਦੇ ਸੀ।
ਤੱਤਾ-ਤੱਤਾ, ਹਟ-ਹਟ ਕਰਦੇ
ਪੱਧਰ ਖੇਤ ਕਰਾਉਂਦੇ ਸੀ।
ਨਾ ਕੋਈ ਚਿੰਤਾ ਨਾ ਕੋਈ ਝੋਰਾ
ਉਹੀ ਖਾਂਦੇ ਜੋ ਕਮਾਉਂਦੇ ਸੀ।
ਬੀਤ ਗਏ ਦੀਆਂ ਬਾਤਾਂ ਹੋਈਆਂ
ਜਦ ਢੋਲੇ ਦੀਆਂ ਲਾਉਂਦੇ ਸੀ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403-439-2008***

---

ਮਿੱਟੀ ਦਾ ਪੁੱਤ ਮਿੱਟੀ ਹੋ ਕੇ,
ਜੱਗ ਦਾ ਢਿੱਡ ਹੈ ਭਰਦਾ,
ਡਾਢੀ ਭੈੜੀ ਕਿਸਮਤ ਦੇਖੋ,
ਮਸਾਂ ਦੋ ਵਕਤ ਹੈ ਸਰਦਾ।
ਲੁੱਟਣ ਨੂੰ ਤਿਆਰ ਨੇ ਲਾਲੇ,
ਕਰਜ਼ਾ ਜਾਂਦਾ ਹੈ ਚੜ੍ਹਦਾ,
ਸਰਕਾਰਾਂ ਨੇ ਭੀ ਝਾੜੇ ਪੱਲੇ,
ਖੁਦਕੁਸ਼ੀਆਂ ਜੱਟ ਕਰਦਾ।
***-ਸੇਵਾ ਸਿੰਘ 'ਨੂਰਪੁਰੀ'***

---

ਤਸਵੀਰ ਪੇਸ਼ ਕਰਦੀ
ਅੱਧੀ ਸਦੀ ਪਹਿਲਾਂ ਦੇ ਹਾਲਾਤ
ਹੁਣ ਤਾਂ ਮਸ਼ੀਨਰੀ ਯੁਗ ਆਇਆ
ਕੰਮ ਨਾਲ ਮਤਲਬ ਰੱਖਦੇ
ਸਾਂਝਾਂ ਦੀ ਨ੍ਹੀਂ ਕੋਈ ਬਾਤ
ਹੁਣ ਨਾ ਕੋਈ ਬੈਲਾਂ ਦੀ ਜੋੜੀ ਰੱਖੇ
ਨਾ ਗਾਉਂਦੇ ਢੋਲੇ ਮਾਹੀਆ
ਗਰੀਬ, ਜ਼ਿਮੀਂਦਾਰ, ਮਜ਼ਦੂਰ ਬਣਗੇ
ਹੁਨਰਾਂ ਵਾਲਿਆਂ ਦੇ
ਬਣ ਗਏ ਦੂਣ ਸਵਾਈਏ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

# ਲੋਹੇ ਦੀ ਮੁੰਦਰੀ (IRON RING) ਕਨੇਡਾ ਵਿਚ ਆਇਰਨ ਰਿੰਗ ਦੇ ਪਿੱਛੇ ਦੀ ਅਸਲ ਕਹਾਣੀ ਕੀ ਹੈ?

**ਹਰਜੀਤ ਸਿੰਘ ਗਿੱਲ**
**ਫੋਨ: 647 542 0007 (ਕਨੇਡਾ)**
**9888945127 (ਭਾਰਤ)**

ਪੰਜਾਬ ਵਿਚ ਆਏ ਜ਼ਬਰਦਸਤ ਹੜ੍ਹਾਂ ਨੇ ਜਿੱਥੇ ਇੱਕ ਪਾਸੇ ਸਾਡੇ ਰਾਜਨੀਤਕ ਤੰਤਰ ਵਿਚ ਫੈਲੇ ਭ੍ਰਿਸ਼ਟਾਚਾਰ ਬਾਰੇ ਕਈ ਕਿੱਸੇ ਕਹਾਣੀਆਂ ਲੋਕਾਂ ਸਾਹਮਣੇ ਲਿਆਦੇ ਹਨ ਉਥੇ ਸਾਡੇ ਮੁਲਕ ਦੇ ਪ੍ਰਬੰਧਕੀ ਢਾਂਚੇ ਦੀਆਂ ਕਮਜ਼ੋਰੀਆਂ ਵੀ ਜੱਗ ਜਾਹਿਰ ਹੋਈਆਂ ਹਨ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਸਾਡੇ ਡੈਮਾਂ, ਬੈਰਾਜ਼ਾਂ, ਸੜਕਾਂ ਅਤੇ ਪੁਲਾਂ ਦੇ ਨਿਰਮਾਣ ਅਤੇ ਰੱਖ ਰਖਾਓ (ENGINEERING PRACTICE) ਦੀ ਵੀ ਖੁੱਲ੍ਹ ਕੇ ਸ਼ੋਸ਼ਲ ਮੀਡੀਆ ਤੇ ਚਰਚਾ ਚੱਲੀ ਹੈ। ਮਾਧੋਪੁਰ ਦੇ ਬੈਰਾਜ਼ ਦੇ ਪਾਣੀ ਕੰਟਰੌਲ ਕਰਨ ਵਾਲੇ ਗੇਟ ਅਤੇ ਉਸ ਦੀ ਫਾਊਂਡੇਸ਼ਨ ਪਾਣੀ ਦੇ ਦਬਾਅ ਨੂੰ ਨਾ ਝੱਲਦਿਆਂ ਉਖੜ ਗਏ, ਜਿਸ ਨਾਲ ਬੜੇ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ। ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਹਿੱਤ ਤਿੰਨ ਹੇਠਲੇ ਦਰਜ਼ੇ ਦੇ ਅਫਸਰਾਂ ਨੂੰ ਮੁਅੱਤਲ ਕਰਨ ਵਾਲੀ ਰਵਾਇਤੀ ਜਿਹੀ ਕਾਰਵਾਈ ਕਰਕੇ ਗੱਲ ਦੀ ਗੰਭੀਰਤਾ ਨੂੰ ਟਾਲਣ ਅਤੇ ਖੂਹ ਖਾਤੇ ਵਿਚ ਪਾਉਣ ਦਾ ਯਤਨ ਕੀਤਾ ਗਿਆ ਹੈ। ਭਲਾ ਇਸ ਵੱਡੀ ਅਣਗਹਿਲੀ ਲਈ ਸਿਰਫ ਇੱਕ ਓਵਰਸੀਅਰ, ਸਬ ਡਵੀਜ਼ਨ ਇੰਜੀਨੀਅਰ ਅਤੇ ਕਾਰਜਕਾਰੀ ਇੰਜੀਨੀਅਰ ਹੀ ਜਿੰਮੇਵਾਰ ਹੋ ਸਕਦੇ ਹਨ? ਹਰਗਿਜ਼ ਨਹੀਂ। ਇਹ ਤਾਂ ਪੂਰੇ ਭ੍ਰਿਸ਼ਟ ਤੰਤਰ 'ਤੇ ਸਿਰਫ਼ ਪਰਦਾ ਪਾਉਣ ਵਾਲੀ ਕਾਗਜ਼ੀ ਕਾਰਵਾਈ ਤੋਂ ਵਧੀਕ ਕੁਝ ਵੀ ਨਹੀਂ ਹੈ। ਬਲੀ ਦਾ ਬੱਕਰਾ ਬਣਾਏ ਗਏ ਇਹ ਬੇਦੋਸ਼ੇ ਅਫ਼ਸਰ ਵੀ ਗੱਲ ਦੇ ਠੰਡੇ ਹੁੰਦਿਆਂ ਹੀ ਬਹਾਲ ਕਰ ਦਿੱਤੇ ਜਾਣਗੇ। ਬਾਅਦ ਵਿਚ ਜਿਵੇਂ ਕਿ ਅਕਸਰ ਹੁੰਦਾ ਹੀ ਆਇਆ ਹੈ ਸਗੋਂ ਬਹਾਲੀ ਉਪਰੰਤ ਇਸ ਸਮੇਂ ਦੌਰਾਨ ਉਨ੍ਹਾਂ ਦੇ ਪਏ ਆਰਥਿਕ ਘਾਟੇ ਨੂੰ ਪੂਰਾ ਕਰਨ ਲਈ ਮਲਾਈਦਾਰ ਜਿਸ ਨੂੰ ਵਧੇਰੇ WORK LOADS ਵਾਲੀ ਡਵੀਜ਼ਨ ਕਿਹਾ ਜਾਂਦਾ ਹੈ ਵਿਚ ਤਾਇਨਾਤ ਕਰ ਦਿੱਤਾ ਜਾਵੇਗਾ। ਜੀ ਹਾਂ! ਸਾਡੇ ਭ੍ਰਿਸ਼ਟ ਤੰਤਰ ਦਾ ਇਹ ਹੀ ਪੁਰਾਣਾ ਇਤਿਹਾਸਕ ਦਸਤੂਰ ਹੈ! ਤੁਸੀਂ ਕਿਸੇ ਵੀ ਇਹੋ ਜਿਹੀ ਪੁਰਾਣੀ ਮੁਅੱਤਲੀ ਦੇ ਰਿਕਾਰਡ ਦੀ ਨਿਰਖ-ਪਰਖ ਕਰਕੇ ਇਸੇ ਹੀ ਨਤੀਜੇ 'ਤੇ ਪਹੁੰਚੋਗੇ।

ਖ਼ੈਰ! ਸਾਡੇ ਮੁਲਕ ਜਿਸ ਨੂੰ ਭਾਰਤ ਭੂਮੀ ਕਹਿ ਕੇ ਵਡਿਆਇਆ ਜਾਂਦਾ ਹੈ, ਭਾਰਤ ਮਾਤਾ ਕਹਿ ਕੇ ਪੂਜਿਆ ਜਾਂਦਾ ਹੈ ਆਮ ਲੋਕਾਂ ਨੂੰ ਦੇਸ਼ ਭਗਤੀ ਦੇ ਪਾਠ ਪੜ੍ਹਾਏ ਅਤੇ ਦੁਹਰਾਏ ਜਾਂਦੇ ਹਨ ਇਥੇ ਦਾ ਇਹ ਹੀ ਵਰਤਾਰਾ ਹੈ ਭੋਲੇ-ਭਾਲੇ ਲੋਕ ਪੁਚਕਾਰ ਕੇ ਵਰਗਲਾਏ ਜਾਂਦੇ ਹਨ ਅਤੇ ਲੋਕ ਅਜਿਹੀ ਮਿੱਟੀ ਦੇ ਬਣੇ ਹਨ ਕਿ ਭੁੱਲ-ਭੁਲਾ ਕੇ ਫਿਰ ਸਿਰ ਸੁੱਟ ਕੇ ਲਗ ਪੈਣਗੇ ਜ਼ਿੰਦਾਬਾਦ ਜ਼ਿੰਦਾਬਾਦ ਕਰਨ। ਕੋਈ ਵੀ ਚੋਣ ਆ ਲੈਣ ਦਿਉ, ਜਿੰਨਾ ਚਾਅ ਸਾਡੇ ਰਾਜਨੀਤਕ ਆਗੂਆਂ ਨੂੰ ਚੜ੍ਹਦਾ ਹੈ, ਉਸ ਤੋਂ ਵੀ ਵੱਧ ਖੁਮਾਰੀ ਵੋਟਰਾਂ ਨੂੰ ਚੜ੍ਹਨ ਲੱਗ ਪੈਂਦੀ ਹੈ। ਉਸ ਤਰ੍ਹਾਂ ਸਾਡੇ ਦੇਸ਼ ਵਿਚ ਵਾਪਰਦੇ ਅਜਿਹੇ ਹਾਦਸਿਆਂ ਦੀ ਕੋਈ ਘਾਟ ਨਹੀਂ ਹੈ। ਸੜਕਾਂ, ਪੁਲ, ਇਮਾਰਤਾਂ ਤਾਂ ਬਣਦੀਆਂ ਹੀ ਟੁੱਟਣ ਲਈ ਹੁੰਦੀਆਂ ਹਨ। ਵੱਡੇ ਵੱਡੇ ਲੋੜੋਂ ਕਿਤੇ ਵੱਧ ਉੱਚੇ ਵਿਗਿਆਪਨ ਬੋਰਡ ਹਵਾ ਦੇ ਦਬਾਅ ਨਾ ਸਹਿੰਦੇ ਹੋਏ ਉੱਖੜ ਕੇ ਰਾਹ ਜਾਂਦੇ ਰਾਹੀਆਂ ਦੀਆਂ ਜਾਨਾ ਲੈਂਦੇ ਰਹਿਣਗੇ, ਤਪਤੀਸ਼ ਅਤੇ ਇਨਕੁਆਰੀ ਬੈਠਦੀ ਰਹੇਗੀ ਪਰ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ, ਮਜਾਲ ਹੈ ਕਿ ਅਸੀਂ ਕੋਈ ਸਬਕ ਸਿੱਖ ਕੇ ਪੁਖਤਾ ਪ੍ਰਬੰਧ ਕਰੀਏ ਕਿ ਭਵਿੱਖ ਵਿਚ ਅਜਿਹਾ ਕੋਈ ਦੁਖਾਂਤ ਨਾ ਵਾਪਰੇ। ਸਾਡੇ ਕੋਲ ਤਾ ਆਪਣੇ ਲੋਕਾਂ ਨੂੰ ਇਹ ਦੱਸਣ ਅਤੇ ਸਮਝਾਉਣ ਦੀ ਭਰਪੂਰ ਕਲਾ ਅਤੇ ਸਮਰੱਥਾ ਹੈ ਕਿ ਇਹ ਸਭ ਕੁਦਰਤ ਦੀ ਖੇਡ ਹੈ, ਰੱਬੀ ਭਾਣਾ ਹੈ, ਕੁਦਰਤ ਅੱਗੇ ਕਿਸ ਦਾ ਜ਼ੋਰ ਹੈ? ਅਤੇ ਅਸੀਂ ਧਰਮੀ ਲੋਕ, ਰੱਬ ਦੀ ਰਜ਼ਾ ਵਿਚ ਰਹਿਣ ਵਾਲੇ, ਸਭ ਕੁੱਝ ਸਹਿਣ ਲਈ ਝੱਟ-ਪੱਟ ਤਿਆਰ ਹੋ ਹੀ ਜਾਂਦੇ ਹਾਂ।

ਪੁਲਾਂ ਨੂੰ ਹੀ ਲੈ ਲਵੋ, ਭਾਰਤ ਵਿਚ ਪੁਲ ਢਹਿਣ ਦਾ ਇੱਕ ਦਸਤਾਵੇਜ਼ੀ ਇਤਿਹਾਸ ਹੈ ਜਿਸ ਵਿਚ ਨਾਕਾਫ਼ੀ ਰੱਖ-ਰਖਾਅ, ਭੀੜ-ਭੜੱਕਾ ਅਤੇ ਉਸਾਰੀ ਵਿਚ ਕਮੀਆਂ ਕਾਰਨ ਅਨੇਕਾਂ ਪੁਲ ਢਹਿ ਗਏ। ਮਹੱਤਵਪੂਰਨ ਘਟਨਾਵਾਂ ਵਿਚ 2011 ਵਿਚ ਦਾਰਜੀਲਿੰਗ ਅਤੇ ਸੇਪਾ ਪੁਲ ਢਹਿਣਾ ਸ਼ਾਮਲ ਹੈ, ਜਿਸ ਵਿਚ 60 ਤੋਂ ਵੱਧ ਲੋਕ ਮਾਰੇ ਗਏ ਸਨ; 2016 ਵਿਚ ਕੋਲਕਾਤਾ ਫਲਾਈਓਵਰ ਢਹਿਣ ਨਾਲ 26 ਲੋਕਾਂ ਦੀ ਮੌਤ ਹੋ ਗਈ ਸੀ। ਜਦੋਂ ਮਜ਼ਦੂਰਾਂ ਨੇ ਤਰੇੜਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਸੀ। 2022 ਵਿਚ ਗੁਜਰਾਤ ਵਿਚ ਮੋਰਬੀ ਪੁਲ ਢਹਿਣਾ, ਜਿਸ ਵਿਚ ਮੁਰੰਮਤ ਅਤੇ ਦੁਬਾਰਾ ਖੋਲ੍ਹਣ ਤੋਂ ਬਾਅਦ 130 ਤੋਂ ਵੱਧ ਲੋਕ ਮਾਰੇ ਗਏ ਸਨ; ਅਤੇ ਜੁਲਾਈ 2025 ਵਿਚ ਗੁਜਰਾਤ ਦੇ ਵਡੋਦਰਾ ਵਿਚ ਇੱਕ ਪੁਲ ਦਾ ਢਹਿਣਾ, ਜਿਸ ਵਿਚ ਘੱਟੋ-ਘੱਟ ਨੌਂ ਲੋਕਾਂ ਦੀ ਮੌਤ ਹੋ ਗਈ ਸੀ। ਇਕੱਲੇ ਗੁਜਰਾਤ ਵਿਚ ਪੰਜ ਸਾਲਾਂ ਵਿਚ ਇੱਕ ਦਰਜਨ ਤੋਂ ਵੱਧ ਪੁਲ ਢਹਿ ਢੇਰੀ ਹੋਏ ਹਨ। ਸੜਕ ਆਵਾਜਾਈ ਮੰਤਰਾਲੇ ਨੇ 2021 ਤੋਂ ਲੈ ਕੇ ਹੁਣ ਤੱਕ ਰਾਸ਼ਟਰੀ ਰਾਜਮਾਰਗਾਂ 'ਤੇ 21 ਪੁਲ ਡਿੱਗਣ ਦਾ ਜ਼ਿਕਰ ਕੀਤਾ ਹੈ। ਗੰਭੀਰਾ ਪੁਲ ਢਹਿਣ ਦੀ ਘਟਨਾ 9 ਜੁਲਾਈ 2025 ਨੂੰ ਗੁਜਰਾਤ, ਭਾਰਤ ਦੇ ਪਾਦਰਾ ਵਿਚ ਵਾਪਰੀ ਸੀ, ਜਿਸ ਦੇ ਨਤੀਜੇ ਵਜੋਂ 22 ਮੌਤਾਂ ਹੋਈਆਂ ਅਤੇ ਕਈ ਜ਼ਖਮੀ ਹੋ ਗਏ। ਜਦੋਂ ਕਿ ਪੁਲ ਦੇ ਢਹਿਣ ਦੇ ਅਧਿਕਾਰਤ ਕਾਰਨਾਂ ਦੀ ਜਾਂਚ ਕੀਤੀ ਗਈ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਹ ਭਾਰੀ ਵਰਤੋਂ ਅਤੇ ਨਾਕਾਫ਼ੀ ਰੱਖ-ਰਖਾਅ ਦੇ ਸੁਮੇਲ ਕਾਰਨ ਹੋਈ ਢਾਂਚਾਗਤ ਅਸਫਲਤਾ ਕਾਰਨ ਹੋਇਆ ਹੈ। ਪੁਣੇ ਦੀ ਮਾਵਲ ਤਹਿਸੀਲ ਵਿਚ ਜੰਗਾਲ ਅਤੇ ਢਾਂਚਾਗਤ ਅਸਫਲਤਾ ਕਾਰਨ ਦੁਖਦਾਈ ਘਟਨਾ ਵਾਪਰੀ ਅਤੇ ਪੁਲ ਢਹਿ ਗਿਆ। ਪੁਲਾਂ ਦਾ ਟੁੱਟਣਾ ਡਿਜ਼ਾਈਨ ਦੀਆਂ ਖਾਮੀਆਂ, ਭ੍ਰਿਸ਼ਟਾਚਾਰ, ਮਾੜੀ ਉਸਾਰੀ, ਸਮੱਗਰੀ ਦੀ ਕਮੀ, ਬਹੁਤ ਜ਼ਿਆਦਾ ਓਵਰਲੋਡਿੰਗ, ਅਣਗਹਿਲੀ ਅਤੇ ਵਾਰ-ਵਾਰ ਅਸਫਲਤਾਵਾਂ ਦਾ ਇੱਕੋ ਇੱਕ ਪੈਟਰਨ ਹੈ ਮਾਹਿਰ ਇਨ੍ਹਾਂ ਘਟਨਾਵਾਂ ਦਾ ਕਾਰਨ ਢਾਂਚਾਗਤ ਅਸਫਲਤਾ, ਪੁਰਾਣੀਆਂ ਬਣਤਰਾਂ, ਮਾੜੀ ਦੇਖਭਾਲ ਅਤੇ ਸਮੱਗਰੀ ਦੀ ਖਰਾਬੀ ਨੂੰ ਮੰਨਦੇ ਹਨ। ਪੁਲ ਉਸਾਰੀ ਦੇ ਖੇਤਰ ਨਾਲ ਜੁੜੇ ਇੰਜੀਨੀਅਰਾਂ ਲਈ ਭਵਿੱਖ ਦੀਆਂ ਘਟਨਾਵਾਂ ਨੂੰ ਰੋਕਣ, ਸੁਰੱਖਿਆ ਦੀ ਰੱਖਿਆ ਕਰਨ ਅਤੇ ਇਮਾਰਤਾਂ, ਪੁਲਾਂ ਅਤੇ ਹੋਰ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਢਾਂਚਾਗਤ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੇ ਢਹਿ ਜਾਣ ਦੇ ਕਾਰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪਰ ਕੀ ਅਸੀਂ ਇਨ੍ਹਾਂ ਦੁਖਦਾਈ ਘਟਨਾਵਾਂ ਦੇ ਬਾਰ ਬਾਰ ਵਾਪਰਨ ਤੋਂ ਕੋਈ ਸਬਕ ਸਿੱਖਿਆ? ਹਰ ਵਾਰ ਗੋਂਗਲੂਆਂ ਤੋਂ ਮਿੱਟੀ ਝਾੜਨ ਤੋਂ ਵੱਧ ਕੁਝ ਵੀ ਨਹੀਂ।

ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਘਾਤਕ ਪੁਲ ਦਾ ਢਹਿਣ 1809 ਵਿਚ ਹੋਇਆ ਸੀ, ਜਦੋਂ ਪੁਰਤਗਾਲ ਦੇ ਪੋਰਟੋ ਵਿਚ ਪੋਂਟੇ ਦਾਸ ਬਾਰਕਾਸ ਪੁਲ ਢਹਿ ਗਿਆ ਸੀ, ਜਿਸ ਕਾਰਨ ਘੱਟੋ-ਘੱਟ 4,000 ਲੋਕਾਂ ਦੀ ਮੌਤ ਹੋ ਗਈ ਸੀ। ਪੋਂਟੇ ਦਾਸ ਬਾਰਕਾਸ ਪੁਲ ਉਸ ਵਿਲੱਖਣ ਤਰੀਕੇ ਨਾਲ ਡਿਜ਼ਾਈਨ ਕੀਤਾ ਗਿਆ ਸੀ, ਜਿਸ ਵਿਚ ਲੱਕੜ ਦੀਆਂ ਕਿਸ਼ਤੀਆਂ ਦੀ ਵਰਤੋਂ ਕੀਤੀ ਗਈ ਸੀ ਜੋ ਇੱਕ ਪੁਲ ਬਣਾਉਣ ਲਈ ਇਕੱਠੇ ਜੁੜੀਆਂ ਸਨ। ਤੁਸੀਂ ਇਸ ਬਾਰੇ ਜਰੂਰ ਸੁਣਿਆ ਹੋਵੇਗਾ ਕਿ ਕਨੇਡਾ ਦੇ ਕਿਊਬੈਕ ਵਿਚ ਮਾਂਟਰੀਅਲ ਵਿਖੇ 1907 ਵਿਚ ਪੁਲ ਦੇ ਢਹਿਣ ਨਾਲ ਉਥੇ ਕੰਮ ਕਰਦੇ 86 ਕਾਮਿਆਂ ਵਿਚੋਂ 75 ਕਾਮੇ ਮਾਰੇ ਗਏ ਸਨ।, 1900 ਵਿਚ, ਕਿਊਬੈਕ ਬ੍ਰਿਜ 'ਤੇ ਉਸਾਰੀ ਸ਼ੁਰੂ ਹੋਈ, ਇਸ ਪੁਲ ਨੇ ਵਿਨੀਪੈਗ ਨੂੰ ਨੈਸ਼ਨਲ ਟ੍ਰਾਂਸ-ਕੌਂਟੀਨੈਂਟਲ ਰੇਲਵੇ 'ਤੇ ਮੋਨਕਟਨ ਨਾਲ ਜੋੜਨਾ ਸੀ। ਜਿਵੇਂ ਹੀ ਉਸਾਰੀ ਮੁਕੰਮਲ ਹੋਣ ਦੇ ਨੇੜੇ ਸੀ, ਇਹ ਸਟੀਲ ਨਾਲ ਭਰੇ ਇੱਕ ਲੋਕੋਮੋਟਿਵ ਦੇ ਭਾਰ ਹੇਠ ਆ ਕੇ ਡਿੱਗ ਗਿਆ। ਪੰਝੱਤਰ ਲੋਕ ਮਾਰੇ ਗਏ ਅਤੇ ਬਾਅਦ ਦੀ ਜਾਂਚ ਤੋਂ ਪਤਾ ਲੱਗਾ ਕਿ ਇਹ ਹਾਦਸਾ ਪੁਲ ਨੂੰ ਡਿਜ਼ਾਈਨ ਕਰਨ ਵਾਲੇ ਇੰਜੀਨੀਅਰਾਂ ਦੁਆਰਾ ਡਿਜ਼ਾਈਨ ਨਿਰਣੇ ਵਿਚ ਗਲਤੀ ਕਾਰਨ ਹੋਇਆ ਸੀ। 1916 ਵਿਚ ਪੁਲ ਬਣਾਉਣ ਦੀ ਦੂਜੀ ਕੋਸ਼ਿਸ਼ ਦੌਰਾਨ ਇੱਕ ਵਾਰ ਫਿਰ ਦੁਖਾਂਤ ਵਾਪਰਿਆ। ਸੈਂਟਰ ਸਪੈਨ ਨੂੰ ਜਗ੍ਹਾ 'ਤੇ ਟਿਕਾਉਂਦੇ ਸਮੇਂ ਇਹ ਫ਼ਿਰ ਢਹਿ ਗਿਆ, ਜਿਸ ਨਾਲ 10 ਹੋਰ ਲੋਕ ਮਾਰੇ ਗਏ। ਪੁਲ ਅੰਤ ਵਿਚ 1917 ਵਿਚ ਪੂਰਾ ਕੀਤਾ ਗਿਆ। ਪਰ ਪੁਲ ਦੇ ਢਹਿ ਜਾਣ ਨਾਲ ਇੰਜੀਨੀਅਰਾਂ ਦੀ ਨਿਮਰਤਾ ਅਤੇ ਭੁੱਲਣਸ਼ੀਲਤਾ ਦੇ ਪ੍ਰਤੀਕ ਵਜੋਂ ਆਇਰਨ ਰਿੰਗ ਦੀ ਪਰੰਪਰਾ ਸ਼ੁਰੂ ਹੋਈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਹਿਲੇ ਪਹਿਲ ਰਿੰਗ ਢਹਿ ਗਏ ਪੁਲ ਤੋਂ ਲੋਹੇ ਤੋਂ ਬਣਾਏ ਗਏ ਸਨ। ਕੁਝ ਲੋਕ ਇਸ ਨੂੰ ਇੱਕ ਮਿੱਥ ਵਾਲਾ ਵਿਸ਼ਵਾਸ ਮੰਨਦੇ ਹਨ। ਕਿਊਬੈਕ ਬ੍ਰਿਜ ਢਹਿ ਜਾਣ ਦਾ ਇੰਜੀਨੀਅਰਿੰਗ ਭਾਈਚਾਰੇ ਵਿਚ ਇੱਕ ਵੱਡਾ ਪ੍ਰਭਾਵ ਪਿਆ, ਜਿਸ ਨਾਲ ਨੈਤਿਕ ਪ੍ਰੈਕਟਿਸ ਅਤੇ ਆਦਰਸ਼ਾਂ ਦੀ ਸਿਰਜਣਾ ਹੋਈ ਜਿਨ੍ਹਾਂ 'ਤੇ ਕੈਨੇਡਾ ਭਰ ਦੇ ਸਾਰੇ ਇੰਜੀਨੀਅਰ ਵਿਸ਼ਵਾਸ ਰੱਖਦੇ ਹਨ।




1922 ਵਿਚ ਆਇਰਨ ਰਿੰਗ ਦੀ ਸਿਰਜਣਾ ਨੇ ਕੈਨੇਡੀਅਨ ਇੰਜੀਨੀਅਰਾਂ ਦੀ ਅਗਲੀ ਪੀੜ੍ਹੀ ਨੂੰ ਇੱਕ ਰਿੰਗ ਦੇਣ ਦੀ ਇੱਕ ਪ੍ਰਤੀਕਾਤਮਕ ਪਰੰਪਰਾ ਸ਼ੁਰੂ ਕੀਤੀ ਜੋ ਆਪਣੀਆਂ ਪੇਸ਼ੇਵਰ ਭੂਮਿਕਾਵਾਂ ਨੂੰ ਉਨ੍ਹਾਂ ਭਾਈਚਾਰਿਆਂ ਲਈ ਬਹੁਤ ਧਿਆਨ ਅਤੇ ਸਤਿਕਾਰ ਨਾਲ ਨਿਭਾਉਣ ਲਈ ਵਚਨਬੱਧ ਹਨ, ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ। ਹਰ ਸਾਲ, ਗ੍ਰੈਜੂਏਟ ਹੋ ਰਹੇ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੂੰ ਇੱਕ ਸਮਾਰੋਹ ਵਿਚ ਇੱਕ ਲੋਹੇ ਦੀ ਅੰਗੂਠੀ ਦਿੱਤੀ ਜਾਂਦੀ ਹੈ। ਜੋ ਉਨ੍ਹਾਂ ਨੇ ਆਪਣੇ ਕੰਮ ਕਰਨ ਵਾਲੇ ਹੱਥ ਦੀ ਛੋਟੀ ਉਂਗਲੀ ਵਿਚ ਪਾਉਣੀ ਹੁੰਦੀ ਹੈ। ਇਹ ਅੰਗੂਠੀ ਸਾਰੇ ਇੰਜੀਨੀਅਰਿੰਗ ਗ੍ਰੈਜੂਏਟਾਂ ਨੂੰ ਇੰਜੀਨੀਅਰਿੰਗ ਦੇ ਪੇਸ਼ੇ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਅਤੇ ਆਪਣੀ ਯੋਗਤਾ ਅਨੁਸਾਰ ਆਪਣਾ ਕੰਮ ਕਰਨ ਦਾ ਯਾਦ ਕਰਵਾਉਂਦੀ ਹੈ। ਪਹਿਲਾ ਸਮਾਰੋਹ, ਜਿਸਨੂੰ ਕਿਪਲਿੰਗ ਰੀਤੀਅਲ ਵੀ ਕਿਹਾ ਜਾਂਦਾ ਹੈ, 1925 ਵਿਚ ਆਯੋਜਿਤ ਕੀਤਾ ਗਿਆ ਸੀ। ਹਰ ਸਾਲ ਸੈਂਕੜੇ ਹੀ ਇੰਜੀਨੀਅਰਿੰਗ ਦੀ ਪ੍ਰੈਕਟਿਸ ਕਰਨ ਵਾਲੇ ਅਤੇ ਗ੍ਰੈਜੂਏਟ ਹੋ ਰਹੇ ਇੰਜੀਨੀਅਰਾਂ ਨੂੰ ਇਸ ਸਮਾਰੋਹ ਵਿਚ ਅੰਗੂਠੀ ਪਹਿਨਾਈ ਜਾਂਦੀ ਹੈ ਜੋ ਆਮ ਜਨਤਾ ਲਈ ਨਹੀਂ ਹੁੰਦੀ ਹੈ। ਆਪਣੀ ਅੰਗੂਠੀ ਪ੍ਰਾਪਤ ਕਰਨ ਲਈ ਤੁਹਾਡੇ ਕੋਲ ਇੱਕ ਮਾਨਤਾ ਪ੍ਰਾਪਤ ਇੰਜੀਨੀਅਰਿੰਗ ਪ੍ਰੋਗਰਾਮ ਤੋਂ ਗ੍ਰੈਜੂਏਟ ਹੋਣਾ ਲਾਜ਼ਮੀ ਹੈ। ਇਹ ਸਮਾਗਮ ਇੱਕ ਸਹੁੰ ਚੁੱਕ ਸਮਾਗਮ ਵਰਗਾ ਹੁੰਦਾ ਹੈ। ਸ਼ਾਮਲ ਹੋਣ ਵਾਲਾ ਹਰ ਇੱਕ ਮਹਿਮਾਨ ਲਾਜ਼ਮੀ ਇੰਜੀਨੀਅਰ ਹੋਣਾ ਚਾਹੀਦਾ ਹੈ। ਭਾਵ, ਉਹ ਖੁਦ ਇੰਜੀਨੀਅਰ ਹੋਣ ਅਤੇ ਪਹਿਲਾਂ ਇੱਕ ਆਇਰਨ ਰਿੰਗ ਸਮਾਰੋਹ ਵਿਚ ਹਿੱਸਾ ਲਿਆ ਹੋਵੇ ਅਤੇ ਸਮਾਰੋਹ ਵਾਲੇ ਦਿਨ ਆਪਣੀ ਲੋਹੇ ਦੀ ਅੰਗੂਠੀ ਪਹਿਨੀ ਹੋਵੇ। ਇਸ ਵਿਚ ਕੋਈ ਅਪਵਾਦ ਨਹੀਂ ਇਥੋਂ ਤੀਕ ਕਿ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਉਨ੍ਹਾਂ ਇੰਜੀਨੀਅਰਾਂ ਨੂੰ ਵੀ ਉਦੋਂ ਤੱਕ ਦਾਖਲਾ ਨਹੀਂ ਦਿੱਤਾ ਜਾ ਸਕਦਾ, ਜਦੋਂ ਤੱਕ ਉਹ ਜ਼ਿੰਮੇਵਾਰ ਨਾ ਹੋਣ। ਇਹ ਇੰਜੀਨੀਅਰ ਦੀ ਇਮਾਨਦਾਰੀ, ਨੈਤਿਕ ਸਿਧਾਂਤਾਂ ਅਤੇ ਜਨਤਕ ਸੁਰੱਖਿਆ ਪ੍ਰਤੀ ਵਚਨਬੱਧਤਾ ਦੀ ਪ੍ਰਤੀਕ ਹੈ। ਕੈਨੇਡੀਅਨ ਆਇਰਨ ਰਿੰਗ ਇੰਜੀਨੀਅਰਿੰਗ ਦੇ ਪੇਸ਼ੇ ਪ੍ਰਤੀ ਵਚਨਬੱਧਤਾ ਦਾ ਵੀ ਪ੍ਰਤੀਕ ਹੈ, ਜਿਸਦੀ ਸਤ੍ਹਾ ਦੀ ਦਿੱਖ ਜਾਣ-ਬੁੱਝ ਕੇ' ਤੇ 'ਖਰਾਬ', ਖੁਰਦਰੀ ਅਤੇ ਅਣਪਾਲਿਸ਼ ਹੁੰਦੀ ਹੈ ਜੋ ਵਿਕਾਸ ਕਾਰਜਾਂ ਅਤੇ ਕਰੀਅਰ ਦੌਰਾਨ ਦਰਪੇਸ਼ ਚੁਣੌਤੀਆਂ ਜੋ ਇੰਜੀਨੀਅਰਾਂ ਨੂੰ ਆਉਂਦੀਆਂ ਬਾਰੇ ਪੇਸ਼ੇ ਦੀਆਂ ਨੈਤਿਕ ਜ਼ਿੰਮੇਵਾਰੀਆਂ ਦੀ ਇੱਕ ਭੌਤਿਕ ਯਾਦ ਦਿਵਾਈ ਜਾ ਸਕੇ।

ਕੀ ਸਾਡੇ ਦੇਸ਼ ਵਿਚ ਵੱਖ ਵੱਖ ਮਹੱਤਵਪੂਰਨ ਪੇਸ਼ੇਵਰ ਲੋਕਾਂ ਲਈ ਅਜਿਹੀ ਕਿਸੇ ਪਰੰਪਰਾ ਦੀ ਉਦਹਾਰਣ ਹੈ ?

## ਕਾਵਿ-ਕਿਆਰੀ

### ਕੁਝ ਸੱਚਾਈਆਂ

ਚਿੱਟੀਆਂ ਪਹਿਨ ਕਮੀਜ਼ਾਂ, ਦਿਲ ਦੀ ਕਾਲਕ ਨੀ ਜਾਂਦੀ
ਲੱਖ ਕੋਸ਼ਿਸ਼ਾਂ ਕਰ ਲੋ ਮਿੱਤਰੋ, ਆਦਤ ਨੀ ਜਾਂਦੀ
ਕੋਟ ਪਹਿਨ ਕੇ ਬਾਂਦਰ, ਜੈਂਟਲਮੈਨ ਨਹੀ ਬਣਦੇ
ਬਿਨਾ ਗੁਣਾਂ ਤੋਂ ਲੋਕ ਕਿਸੇ ਦੇ, ਫੈਨ ਨਹੀਂ ਬਣਦੇ

ਖੱਲ ਪਹਿਨ ਕੇ ਸ਼ੇਰਾ ਦੀ ਕੋਈ, ਸ਼ੇਰ ਨਹੀਂ ਬਣਦਾ
ਬਿਨਾ ਹੌਂਸਲੇ ਬੰਦਾ ਮਰਦ, ਦਲੇਰ ਨਹੀਂ ਬਣਦਾ
ਜੇਬ ਚ ਕੰਘੀਆਂ ਰੱਖ ਕੇ ਸਿਰ ਤੇ, ਵਾਲ ਨਹੀਂ ਆਉਂਦੇ
ਬਿਨਾ ਸਿੱਖੇ ਤੋਂ ਸੂਤ ਕਦੇ, ਸੁਰ-ਤਾਲ ਨਹੀਂ ਆਉਂਦੇ

ਜਿਉਂਦੇ ਸੱਪ ਦੀ ਕਦੇ ਲੰਬਾਈ, ਮਾਪੀ ਜਾਂਦੀ ਨਾ
ਸਾਗਰ ਦੀ ਬਈ ਕਦੇ ਡੂੰਘਾਈ, ਨਾਪੀ ਜਾਂਦੀ ਨਾ
ਦਿਲ ਲਾਕਟ ਵਰਗੇ ਹੁੰਦੇ, ਛੇਤੀ ਖੁੱਲਦੇ ਨਾ
ਜਖਮਾਂ ਵਰਗੇ ਸੱਜਣ, ਛੇਤੀ ਭੁੱਲਦੇ ਨਾ

ਮਗਰਮੱਛ ਨੀ ਰਹਿੰਦੇ, ਸੁੱਕੀਆਂ ਝੀਲਾਂ 'ਤੇ
ਸਿੰਘ ਬਾਹਰ ਨੀ ਆਉਂਦੇ, ਕਦੇ ਅਪੀਲਾਂ 'ਤੇ
ਰਿਸ਼ਤੇ ਕਦੇ ਨੀ ਬਣਦੇ, ਅੱਗਾਂ-ਤੀਲਾਂ ਦੇ
ਤਰਸਾਂ 'ਤੇ ਨੀ ਚੱਲਦੇ, ਕੰਮ ਵਕੀਲਾਂ ਦੇ

ਦਿਲ ਦੀਆਂ ਗੱਲਾਂ ਪੜ੍ਹੀਆਂ ਜਾਵਣ, ਚਿਹਰੇ ਤੋਂ
ਚਮਕ ਹੀਰੇ ਦੀ ਫੜ੍ਹੀ ਜਾਂਦੀ ਆ, ਨੇਹਰੇ ਤੋਂ
ਡਰਦੇ ਨਹੀਓਂ ਸੂਰਜ, ਕਦੇ ਸਵੇਰੇ ਤੋਂ
ਭਾਗ ਪਛਾਣੇ ਜਾਂਦੇ, ਸਦਾ ਬਨੇਰੇ ਤੋਂ

ਦੋਚਿੱਤੇ, ਦੋ-ਤਰਫੇ ਬੰਦੇ, ਡੁੱਬਦੇ ਹੁੰਦੇ ਆ
ਅੱਖ, ਸੱਚ ਤੇ ਕੱਚ ਹਮੇਸ਼ਾਂ, ਚੁੱਭਦੇ ਹੁੰਦੇ ਆ
ਉੱਚੀਆਂ ਸੋਚਾਂ ਵਾਲੇ ਉੱਚੇ, ਉੱਡਦੇ ਹੁੰਦੇ ਆ
ਹਿੰਮਤਾਂ ਵਾਲੇ ਮੰਜ਼ਿਲਾਂ ਉੱਤੇ, ਪੁੱਜਦੇ ਹੁੰਦੇ ਆ

ਇਲਮਦੀਨ ਨਾਂ ਰੱਖ ਕੇ ਕੋਈ, ਸਿਆਣਾ ਨੀ ਬਣਦਾ
ਥੱਲੇ ਬਹਿ ਕੇ ਬੰਦਾ ਕਦੇ, ਨਿਮਾਣਾ ਨੀ ਬਣਦਾ
ਬਿਨਾ ਤਣੇ ਤੋਂ ਰੁੱਖ ਦਾ ਕੋਈ, ਟਾਹਣਾ ਨੀ ਬਣਦਾ
ਡਾਣਸੀਵਾਲੀਆ ਜਜ਼ਬਿਆਂ ਬਾਝੋਂ, ਗਾਣਾ ਨੀ ਬਣਦਾ

***-ਕੁਲਵੀਰ ਸਿੰਘ ਡਾਣਸੀਵਾਲ***
***ਫੋਨ: 778 863 2472***

---

### ਖ਼ਿਆਲਾਂ ਦੀ ਖਿਚੜੀ

ਚੜ੍ਹਦੇ ਸੂਰਜ ਨੂੰ ਸਭ ਹੋਣ ਸਲਾਮਾਂ,
ਲਹਿੰਦੇ ਤੋਂ ਸਾਰੇ ਕੰਨੀਂ ਖਿਸਕਾਉਂਦੇ।
ਛੱਡਣ ਹੌਸਲਾ ਢਹਿੰਦੀ ਕਲਾ ਵਿਚ,
ਪਰ ਸਿਰੜਾਂ ਵਾਲ਼ੇ ਮੰਜ਼ਿਲ ਪਾਉਂਦੇ।

ਹਾਰ-ਜਿੱਤ ਦਾ ਨਹੀਂ ਮਤਲਬ ਕੋਈ,
ਜੀਵਨ ਛਿਣ ਛਿਣ ਹੈ ਖੇਡ ਮੈਦਾਨ।
ਨਿਰੰਤਰ ਮੁਸ਼ੱਕਤਾਂ ਕਰਦੇ ਹੈ ਜਾਣਾ,
ਹਰ ਦਿਨ ਹੀ ਹੈ ਇੱਕ ਇਮਤਿਹਾਨ।

ਖੁਸ਼ੀਆਂ ਗ਼ਮੀਆਂ ਸੰਗ ਹੈ ਵਹਿਣਾ,
ਪਰ ਜ਼ਿੰਦਗੀ ਤਾਂ ਤੁਰਦੇ ਹੈ ਰਹਿਣਾ।
ਨਾਲ਼ ਨਸੀਬਾਂ ਦੇ ਕਰ ਕੇ ਸਮਝੌਤਾ,
'ਕੱਲੇ ਰੋ, ਜੱਗ ਸੰਗ ਹੈ ਹੱਸ ਬਹਿਣਾ।

ਚੰਗੇ ਅਮਲਾਂ ਦੇ ਹੈ ਹੱਥ ਵਡਿਆਈ,
ਬਹੁਤਿਆਂ ਦੇ ਪਰ ਰਾਸ ਨਹੀਂ ਆਈ।
ਦੂਜਿਆਂ ਦੇ ਹੱਕ ਖੋਹ ਖੋਹ ਕੇ ਖਾਂਦੇ
ਅਮੀਰ ਬਣ ਬੈਠੇ ਕਰਕੇ ਚਤੁਰਾਈ।

ਕਿਰਦਾਰ ਨੇਤਾਵਾਂ ਦਾ ਚੋਰਾਂ ਵਾਲ਼ਾ,
ਬਾਹਲ਼ੇ ਵਜ਼ੀਰ ਨੇ ਡਾਕੂਆਂ ਵਰਗੇ
ਜਨਤਾ ਦੇ ਹੱਥ 'ਚ ਫੜਿਆ ਠੂਠਾ,
ਲੱਗਦੇ ਬਿਚਾਰੇ ਮੰਗਤਿਆਂ ਵਰਗੇ।

ਕਠਪੁਤਲੀ ਸਰਕਾਰਾਂ ਦੁਨੀਆਂ 'ਤੇ,
ਉਦਯੋਗਪਤੀਆਂ ਦੇ ਹੱਥ ਤਣੀਆਂ
ਜਿੱਦਾਂ ਚਾਹੁੰਦੇ ਬੱਸ ਉਵੇਂ ਨਚਾਉਂਦੇ,
ਸਰਕਾਰੀ ਤੰਤਰ ਨੇ ਭਵਾਂ ਤਣੀਆਂ। *

ਪਹਿਲਾਂ ਚੋਰੀ ਉੱਪਰੋਂ ਸੀਨਾ ਜ਼ੋਰੀ,
ਪੈਰ ਪੈਰ 'ਤੇ ਹੋਵਣ ਧੋਖਾ ਧੜੀਆਂ।
ਚਿਹਰਿਆਂ ਉੱਤੇ ਨਕਾਬ ਨੇ ਪਾਏ,
ਫੋਕੀਆਂ ਫੋਕੀਆਂ ਬੜ੍ਹਕਾਂ ਬੜੀਆਂ।

***-ਸੇਵਾ ਸਿੰਘ 'ਨੂਰਪੁਰੀ'***
****ਭਵਾਂ - ਭਰਵੱਟੇ***

---

### ਸਾਹ

ਜਦ ਤੱਕ ਮੇਰਾ ਚੱਲੂ ਸਾਹ।
ਤੱਕਾਂਗਾ ਮੈਂ ਤੇਰਾ ਰਾਹ।
ਮੇਰੀ ਜ਼ਿੰਦਗੀ ਦੀ ਬੇੜੀ ਦਾ,
ਤੂੰਹੀਓਂ ਤਾਂ ਏਂ ਇੱਕ ਮਲਾਹ।

ਤੇਰੇ ਵਰਗਾ ਨਾ ਕੋਈ ਦੂਜਾ,
ਸਾਰੀ ਦੁਨੀਆਂ ਵੇਖੀ ਗਾਹ।
ਦੂਰ ਕਿਵੇਂ ਤੂੰ ਕੀਤਾ ਖ਼ੁਦ ਨੂੰ,
ਖਾਂਦਾ ਨਹੀਂ ਸੀ ਪਲ ਵਸਾਹ।

ਜਦ ਮੈਂ ਸੋਚਾਂ ਮੁੜ ਨਹੀਂ ਮਿਲਣਾ,
ਨਿਕਲ ਜਾਂਦੀ ਮੇਰੀ ਧਾਹ।
ਦਿਲ ਮੇਰੇ ਦੇ ਸੁੰਨੇ ਵਿਹੜੇ,
ਗ਼ਮ ਦਾ ਉੱਗਣ ਲੱਗਾ ਘਾਹ।

ਭੁੱਲ-ਭੁਲੇਖੇ ਪਿੰਡ ਮੇਰੇ ਦਾ,
ਤੈਨੂੰ ਰੱਬ ਲਭਾਵੇ ਰਾਹ।
ਅੰਤਿਮ ਸਾਹ ਹੋਏ ਤੇਰੇ ਨਾਂ ਦਾ,
ਦਿਲ ਮੇਰੇ ਦੀ ਇਕੋ ਚਾਹ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***
***ਫੋਨ:+13604481989***

---

### ਕਹਾਣੇ ਸੂਰਮਗਤੀ ਦੇ!

ਗੁੰਡਿਆਂ ਦੀ ਸਲਤਨਤ ਦਾ ਕਿਹੜਾ ਰੱਖੀਏ ਨਾਮ।
ਲੋਕੀਂ ਤੁਰ ਪਏ ਪਿਛਲ ਖੁਰੀਂ, ਮਾਡਲ ਬਣੇ ਗਰਾਮ।

ਸੀਤਾ ਹੋ ਗਈ ਗਾਇਬ ਹੈ, ਕਹਿੰਦੇ ਜੈ ਸ੍ਰੀ ਰਾਮ।
ਖ਼ਲਕਤ ਨੂੰ ਸ਼ਿਸ਼ਕੇਰ ਕੇ, ਫੜ ਲਈ ਹੱਥ ਲਗਾਮ।

ਨਿੱਤ ਡਰਾਮੇ ਚੱਲਦੇ ਅਤੇ ਸੜਕਾਂ ਹੁੰਦੀਆਂ ਜਾਮ।
ਕਾਂਜੀ ਦੀ ਛਿੱਟ ਘੋਲ ਕੇ, ਖੁਦ ਪੀਂਦੇ ਦੁੱਧ ਬਦਾਮ।

ਕਿਰਤ ਦਾ ਹੋਕਾ ਦੇ ਰਹੇ, ਕਰਦੇ ਰਹਿਣ ਆਰਾਮ।
ਸੂਤਰ ਦੰਡ ਤੇ ਭੇਦ ਦੇ, ਨਾਲੇ ਚੱਲਣ ਸਾਮ ਤੇ ਦਾਮ।

ਕੱਢੀ ਫਿਰਕੂ ਲੀਕ ਨੇ, ਵੱਖ ਕੀਤੇ ਰਾਮ ਤੇ ਸ਼ਾਮ।
ਕਹਾਣੇ ਸੂਰਮ ਗਤੀ ਦੇ, ਕਰ ਦਿੱਤੇ ਖਤਮ ਤਮਾਮ।
ਫੇਰ ਕਿਉਂ ਰੱਖੇ ਸਿਰਾਂ 'ਤੇ, ਹਾਕਮਾਂ ਬੜੇ ਇਨਾਮ।

***-ਗੁਲਪੁਰ***

# ਬਦਲ ਰਹੇ ਪੰਜਾਬ ਦੀ ਹੋਣੀ ਦੇ ਕਾਰਕਾਂ ਦੀ ਨਿਸ਼ਾਨਦੇਹੀ —ਇਤਿ ਕਥਾ

ਕਿਰਪਾਲ ਕਜ਼ਾਕ ਸਮਿਆਂ ਦੀ ਨਬਜ਼ 'ਤੇ ਉਂਗਲ ਰੱਖਣ ਵਾਲਾ ਸਾਡਾ ਵੱਡਾ ਤੇ ਵਿਲੱਖਣ ਮੁਹਾਵਰੇ ਵਾਲਾ ਗਲਪਕਾਰ ਹੈ। ਉਸ ਕੋਲ ਜ਼ਿੰਦਗੀ ਦਾ ਵਿਸ਼ਾਲ ਅਨੁਭਵ ਹੈ। ਵੱਖ-ਵੱਖ ਵਰਗਾਂ ਅੰਦਰਲੇ ਆਪਸੀ ਤਣਾਅ, ਅੰਤਰ-ਵਿਰੋਧਾਂ ਅਤੇ ਅੰਦਰੂਨੀ ਸੰਘਰਸ਼ਾਂ ਨੂੰ ਉਸਨੇ ਬੜੀ ਨੇੜਿਓਂ ਤੱਕਿਆ ਹੈ। ਹਾਸ਼ੀਆਗਤ ਵਰਗਾਂ ਦੀਆਂ ਹੋਣੀਆਂ, ਵਿਸੰਗਤੀਆਂ, ਉਨ੍ਹਾਂ ਅੰਦਰਲੀ ਵੇਦਨਾ, ਬੇਚੈਨੀ ਅਤੇ ਚੇਤਨਾ ਨੂੰ ਸਮਝਣ ਲਈ ਉਸ ਕੋਲ ਤੀਸਰੀ ਅੱਖ ਹੈ। ਸਾਡੇ ਇਸ ਗਲਪਕਾਰ ਕੋਲ ਆਪਣੀ ਗੱਲ ਕਹਿਣ ਲਈ ਲੋਕ ਮੁਹਾਵਰਾ ਹੈ। ਭਾਸ਼ਾ ਅਤੇ ਲੋਕਧਾਰਾ ਦਾ ਵਿਸ਼ਾਲ ਭੰਡਾਰ ਤੇ



**ਗੁਰਮੀਤ ਕੜਿਆਲਵੀ**
**ਫੋਨ: 98726-40994**
gurmeetkaryalvi@gmail.com

ਫਿਰ ਕਹਾਣੀ ਨੂੰ ਕਲਾਮਈ ਢੰਗ ਨਾਲ ਗੁੰਦਣ ਅਤੇ ਪੇਸ਼ ਕਰਨ ਦਾ ਹੁਨਰ ਹੈ। ਕਜ਼ਾਕ ਕੋਲ ਰਵਾਇਤੀ ਬਿਰਤਾਂਤਕ ਸ਼ੈਲੀ ਦੀ ਥਾਂ ਨਵੇਂ ਨਵੇਂ ਤਜਰਬੇ ਕਰਨ ਦਾ ਸਾਹਸ ਹੈ। ਵੱਡੀ ਗੱਲ, ਸਾਡਾ ਇਹ ਵੱਡਾ ਗਲਪਕਾਰ ਕਾਹਲ ਤੋਂ ਕੋਹਾਂ ਦੂਰ ਹੈ। ਉਹ ਮੈਦਾਨੀ ਦਰਿਆ ਵਾਂਗ ਬੜੀ ਸਹਿਜ ਚਾਲੇ ਚੱਲਦਾ ਨਿੱਕੇ-ਨਿੱਕੇ ਵਾਕਾਂ ਰਾਹੀਂ ਵੱਡੀਆਂ-ਵੱਡੀਆਂ ਗੱਲਾਂ ਕਰੀ ਜਾਂਦਾ ਹੈ। ਪਾਣੀ 'ਚ ਮਧਾਣੀ ਪਾ ਬਿਰਤਾਂਤ ਨੂੰ ਬੇਲੋੜਾ ਵਿਸਥਾਰ ਦੇ ਕੇ ਗੱਲ ਨੂੰ ਖਾ-ਮਖਾਹ ਲਮਕਾਉਂਦਾ ਨਹੀਂ।

'ਇਤਿ ਕਥਾ' ਪੜਦਿਆਂ ਕਿਰਪਾਲ ਕਜ਼ਾਕ ਜੀ ਦੀ ਸਮਾਜਿਕ ਰਾਜਨੀਤਿਕ ਸਮਝ, ਪ੍ਰਤੱਖਣ ਸ਼ਕਤੀ ਤੇ ਅਸੀਮ ਕਲਪਨਾ ਸ਼ਕਤੀ ਦੇ ਅਦਭੁਤ ਝਲਕਾਰੇ ਵੇਖਣ ਨੂੰ ਮਿਲਦੇ ਹਨ। ਕਿਰਪਾਲ ਕਜ਼ਾਕ ਸ਼ਬਦਾਂ ਦਾ ਜਾਦੂਗਰ ਹੈ। ਸ਼ਬਦਾਂ ਦੀ ਜਾਦੂਗਰੀ ਸਦਕਾ ਪਹਿਲੇ ਪੰਜ ਸੱਤ ਵਾਕਾਂ ਨਾਲ ਹੀ ਪਾਠਕ ਨੂੰ ਉਂਗਲੀ ਫੜ ਕੇ ਆਪਣੇ ਨਾਲ ਤੋਰ ਲੈਂਦਾ ਹੈ। ਪਾਠਕ ਅੰਦਰ ਅੱਗੇ-ਹੋਰ ਅੱਗੇ-ਹੋਰ ਅੱਗੇ ਤੇ ਫਿਰ ਨਾਵਲ ਦੇ ਅੰਤ ਤੱਕ ਪੁੱਜਣ ਦੀ ਬੇਚੈਨੀ ਪੈਦਾ ਹੋਣ ਲੱਗਦੀ ਹੈ। ਕੀ ਹੋਇਆ? ਕਿਵੇਂ ਹੋਇਆ? ਕਿਉਂ ਹੋਇਆ? ਦੇ ਸਵਾਲ ਉਸਦੇ ਜ਼ਿਹਨ ਚ ਖੌਰੂ ਪਾਉਣ ਲੱਗਦੇ ਹਨ।

ਜੋਰੇ ਵੈਲੀ ਦਾ ਕਤਲ।
ਚਾਚੀ ਸ਼ੀਸ਼ੋ ਦੀ ਧੀ ਭਈਏ ਨਾਲ ਫੁਰਰ।
ਬਿਹਾਰਨ ਕਲਿਆਣੀ ਜੱਟਾਂ ਬਰਾਬਰ ਜਾ ਖੜ੍ਹੀ।
ਹਾਕੂ ਕਲਾਲ ਦੀ ਤੀਵੀ ਨੰਗੀ ਨੱਸ ਤੁਰੀ ਅੱਧੀ ਰਾਤ।
ਤੋਤੀ ਰਵਿਦਾਸੀਏ ਦਾ ਮੁੰਡਾ ਡੀ. ਐਸ. ਪੀ ਜਾ ਲੱਗਾ।
ਸ਼ਹਿਰੀ ਵੱਸੋਂ ਦਾ ਦੈਂਤ ਦਿੱਤਪੁਰੇ ਦੀ ਇੱਕ ਵੱਖੀ ਹੋਰ ਚੱਬ ਗਿਆ।
ਠੱਠੀ ਦੇ ਨਵੇਂ ਉਸਰੇ ਘਰ ਦੇਖ ਲਾਲ ਜੀ ਨੂੰ ਲਕਵਾ ਮਾਰ ਗਿਆ।

○

ਕਜ਼ਾਕ ਇਨ੍ਹਾਂ ਸੱਤ ਨਿੱਕੇ ਨਿੱਕੇ ਵਾਕਾਂ ਰਾਹੀਂ ਪਾਠਕਾਂ ਦੁਆਲੇ ਇੱਕ ਰਹੱਸ ਦੀ ਇਕ ਤਾਣੀ ਤਣ ਦਿੰਦਾ ਹੈ। ਹੁਣ ਅੱਗੇ ਜਾ ਕੇ ਉਸਨੇ ਇਕੱਲੀ-ਇਕੱਲੀ ਤੰਦ ਫੜ੍ਹ ਕੇ ਬਿਰਤਾਂਤ ਸਿਰਜਣਾ ਹੈ ਤੇ ਪਾਠਕ ਅੰਦਰ ਖੌਰੂ ਪਾਉਣ ਲੱਗੇ ਸਵਾਲਾਂ ਦਾ ਜਵਾਬ ਦੇਣਾ ਹੈ। ਜਵਾਬ ਹੀ ਨਹੀਂ ਦੇਣਾ ਸਗੋਂ ਨਵੇਂ ਸਵਾਲ ਵੀ ਖੜੇ ਕਰ ਦੇਣੇ ਹਨ। ਉਹ ਕਹਾਣੀ 'ਚੋਂ ਕਹਾਣੀ ਕੱਢਦਾ ਜਾਂਦਾ ਹੈ। 'ਇਤਿ ਕਥਾ' ਦੇ ਪਹਿਲੇ ਸਰਗ ਨਾਲ ਹੀ ਪਾਠਕ ਇੰਨਾ ਕੁ ਸਮਝ ਜਾਂਦਾ ਹੈ ਕਿ ਨਾਵਲਕਾਰ ਪਿੰਡ 'ਦਿੱਤਪੁਰੇ' ਰਾਹੀਂ ਪੰਜਾਬ ਤੇ ਖਾਸ ਕਰ ਮਾਲਵੇ ਦੇ ਦੱਖਣੀ ਪੂਰਬੀ ਰਿਆਸਤੀ ਪਿੰਡਾਂ ਵਿਚ ਆਈ ਸਮਾਜਿਕ-ਆਰਥਿਕ ਤਬਦੀਲੀ ਦੀ ਚਲਦੀ ਹਨੇਰੀ ਦੀ ਕਥਾ ਛੋਹ ਰਿਹਾ ਹੈ। ਪਿੰਡਾਂ 'ਚ ਪ੍ਰਵਾਸੀ ਮਜ਼ਦੂਰਾਂ ਨੇ ਡੇਰੇ ਹੀ ਨਹੀਂ ਲਾਏ ਬਲਕਿ ਪਿੰਡ ਦੀ ਵੱਡੀ ਧਿਰ ਬਣ ਖਲੋਤੇ ਹਨ। ਜਿਸ ਨਾਲ ਭੂਗੋਲਿਕ ਦੇ ਨਾਲ-ਨਾਲ ਸਮਾਜਿਕ ਤੇ ਸੱਭਿਆਚਾਰਕ ਮੁਹਾਂਦਰਾ ਵਿਗੜਨ ਲੱਗਾ ਹੈ। ਇਸ ਦੇ ਨਾਲ ਹੀ ਪਿੰਡ ਦੀਆਂ ਸਥਾਨਕ ਹਾਸ਼ੀਆਗਤ ਜਾਤੀਆਂ ਦੇ ਪਰਿਵਾਰਾਂ 'ਚ ਆਰਥਿਕ ਸਮਾਜਿਕ ਪੱਧਰ 'ਤੇ ਆਈ ਤਬਦੀਲੀ ਨੇ ਅਖੌਤੀ ਖ਼ਾਨਦਾਨੀ ਲੋਕਾਂ ਦੇ ਮੱਥੇ ਦੀਆਂ ਤਿਓੜੀਆਂ ਵੀ ਸੰਘਣੀਆਂ ਕਰ ਦਿੱਤੀਆਂ ਹਨ। ਨਾਵਲ ਦੇ ਇੱਕ ਪਾਤਰ ਦੇ ਸ਼ਬਦਾਂ 'ਚ -'ਸੁਣਿਆ ਲਾਲ ਜੀ ਆਇਆ ਪਿੰਡ। ਠੱਠੀ ਕੋਲੋਂ ਲੰਘਦਾ ਜੀਪ ਵਿਚੋਂ ਉਤਰਿਆ। ਪੁੱਛਿਆ, ਇਹ ਘਰ ਕਿੰਨ੍ਹਾਂ ਪਾਏ ਓਏ ਨਵੇਂ? ਕਿਸੇ ਕਿਹਾ ਜੀ ਬਿਹੜੇ ਵਾਲਿਆਂ। ਕਹਿੰਦਾ ਬਾਲਮੀਕੀਆਂ ਰਵਿਦਾਸੀਆਂ? ਪਤਾ ਲੱਗਾ ਹਾਂ ਤਾਂ ਜੀਪ 'ਚ ਬੈਠਿਆ ਹੀ ਨਹੀਂ ਗਿਆ। ਖੜ੍ਹ ਗਏ ਹੱਥ ਪੈਰ। ਲਕਵਾ ਮਾਰ ਗਿਆ ਥੱਹੇਂ।'

ਇਸ ਵਾਕ ਰਾਹੀਂ ਨਾਵਲਕਾਰ ਇਸ਼ਾਰਾ ਕਰ ਦਿੰਦਾ ਹੈ ਕਿ ਸਮਾਜ ਦੀਆਂ ਅਖੌਤੀ ਨਿਮਨ ਜਾਤੀਆਂ ਅੰਦਰ ਆ ਰਹੀਆਂ ਤਬਦੀਲੀਆਂ ਅਤੇ ਉਨ੍ਹਾਂ ਦੀ ਤਰੱਕੀ ਕਾਬਜ਼ ਧਿਰਾਂ ਲਈ ਚਿੰਤਾ ਦਾ ਕਾਰਨ ਬਣ ਗਈਆਂ ਹਨ। ਉਨ੍ਹਾਂ ਦੇ ਹੱਥ ਪੈਰ ਖੜ ਗਏ ਹਨ। ਲਕਵਾ ਮਾਰ ਗਿਆ ਹੈ। ਕਿਸੇ ਸਮੇਂ ਇਨ੍ਹਾਂ ਕਾਬਜ਼ ਧਿਰਾਂ ਤੋਂ ਪੁੱਛੇ ਬਿਨਾਂ ਪੱਤਾ ਵੀ ਨਹੀਂ ਸੀ ਹਿਲਦਾ। ਇਨ੍ਹਾਂ ਦੀ ਆਗਿਆ ਬਿਨਾਂ ਪੰਛੀ ਵੀ ਪਰ ਨਹੀਂ ਸੀ ਮਾਰਦਾ। ਇਹ ਧਿਰਾਂ, ਜਿਨ੍ਹਾਂ ਦੇ ਮਹਿਲਾਂ ਦੀਆਂ ਚੌੜੀਆਂ ਫਸੀਲਾਂ ਅਤੇ ਹਰਮਾਂ ਦੇ ਸਿੱਲੇ ਹਨੇਰਿਆਂ ਵਿਚ ਸੈਂਕੜੇ ਹਜ਼ਾਰਾਂ ਮਸੂਮ ਹਿਰਨੀਆਂ ਵਰਗੀਆਂ ਕੁੜੀਆਂ ਦੀਆਂ ਆਹਾਂ ਦਫ਼ਨ ਹਨ।

ਕਿਰਪਾਲ ਕਜ਼ਾਕ ਦਿਸਦਾ ਹੀ ਨਹੀਂ, ਅਣਦਿਸਦਾ ਵੀ ਵੇਖਦਾ ਹੈ। ਉਹ ਸਭ ਕੁਝ ਉਲਟੇ ਦਾ ਖੜ੍ਹਾ ਕਰ ਦਿੰਦਾ ਹੈ। 'ਇਤਿ ਕਥਾ' ਦਾ ਆਰੰਭ ਉਹ ਅੰਤ ਨਾਲ ਕਰਦਾ ਹੈ। ਫਿਰ ਸਭ ਕੁੱਝ ਪਿਛਲ ਝਾਤ ਰਾਹੀਂ ਚੱਲਦਾ ਹੈ। ਨਾਵਲਕਾਰ ਪਹਿਲੇ ਕੁੱਝ ਪੰਨਿਆਂ 'ਚ ਹੀ ਸਪਸ਼ਟ ਕਰ ਦਿੰਦਾ ਹੈ ਕਿ 'ਦਿੱਤਪੁਰੇ' ਐਵੇਂ ਕਿਵੇਂ ਹੋਂਦ 'ਚ ਨਹੀਂ ਆਉਂਦੇ। ਦਿੱਤਪੁਰਿਆਂ ਦੀ ਉਸਾਰੀ ਲਈ ਅਣਖ ਇੱਜ਼ਤ ਤੇ ਹਓਂ ਗੁਆਉਣੀ ਪੈਂਦੀ ਹੈ। ਦਿੱਤ ਸਿੰਘ ਵਰਗੇ ਦੀ ਚੰਨ ਵਰਗੀ ਧੀ ਜਿਸਨੂੰ ਨਾਵਲਕਾਰ ਨੇ 'ਰੱਕੜਾਂ 'ਚ ਖਿੜਿਆ ਫੁੱਲ' ਕਿਹਾ ਹੈ, ਬੀੜ ਵਾਲੀ ਸਰਕਾਰ ਦੀ ਹਵਸ਼ ਦਾ ਸ਼ਿਕਾਰ ਬਣਦੀ ਹੈ ਤਾਂ ਪਿੰਡ 'ਚ ਭੁੱਖੇ ਮਰਦੇ ਕਿਸਾਨ ਦਿੱਤ ਸਿੰਘ ਹਿੱਸੇ ਸੱਠ ਕਿੱਲੇ ਜ਼ਮੀਨ ਤੇ ਸ਼ਾਹੀ ਹਵੇਲੀ ਆਉਂਦੀ ਹੈ। ਪਰ ਇਤਿ ਕਥਾ ਦੀ ਕਥਾ ਸਿਰਫ ਇੰਨੀ ਨਹੀਂ ਹੈ। ਲੇਖਕ ਫਿਰ ਸਵਾਲ ਪੈਦਾ ਕਰ ਦਿੰਦਾ ਹੈ:

ਫਿਰ ਕਿਵੇਂ ਇਨ੍ਹਾਂ ਟੱਬਰਾਂ ਦੀਆਂ ਜੜ੍ਹਾਂ ਲੱਗੀਆਂ?
ਕਿਵੇਂ ਦਿੱਤ ਸਿਉਂ ਦੀ ਕੀਰਤੀ ਫੈਲੀ?
ਕਿਵੇਂ ਕੰਜਕ ਵਿਸਰੀ?
ਕਿਵੇਂ ਦਿੱਤ ਸਿਉਂ ਦੇ ਸਿਰ ਨੂੰ ਸਰਦਾਰੀ ਚੜ੍ਹੀ?

○

ਸਥਿਤੀ ਦੀ ਅਜੀਬ ਵਿਡੰਬਨਾ ਹੈ ਕਿ ਧੀ ਦੀ ਕਬਰ 'ਤੇ ਖੜ੍ਹਿਆ ਦਿੱਤ ਸਿੰਘ ਉਹੋ ਜਿਹਾ ਹੀ ਵਿਹਾਰ ਕਰਨ ਲੱਗਦਾ ਹੈ ਜਿਹੋ ਜਿਹਾ ਰਜਵਾੜਾ ਸ਼ਾਹੀ ਦੀ ਰਹਿੰਦ-ਖੂੰਹਦ ਕਰਦੀ ਹੁੰਦੀ ਹੈ। ਦਿੱਤ ਸਿੰਘ ਚੌੜਾ ਹੋ ਕੇ ਤੁਰਨ ਲੱਗਦਾ ਹੈ। ਉਸਨੂੰ ਲੱਗਦਾ ਹੈ ਕਿ ਲੋਕ ਉਸਦੀ ਸਰਦਾਰੀ ਅੱਗੇ ਝੁਕਦੇ ਹਨ। ਸਮਾਜ ਵਿਚ ਉਸਦਾ ਚੰਗਾ ਸਨਮਾਨ ਹੈ ਪਰ ਉਹ ਨਹੀਂ ਜਾਣਦਾ ਕਿ ਸਮਾਜ ਅਜੇ ਵੀ ਉਨ੍ਹਾਂ ਵਰਗਿਆਂ ਨੂੰ ਧੀ ਦੀ ਕਮਾਈ ਖਾਣ ਵਾਲਾ ਦੱਲੇ ਸਮਝਦਾ ਹੈ। ਕਜ਼ਾਕ ਸ਼ਬਦਾਂ ਦੀ ਬੁਣਤੀ ਦਾ ਮਾਹਰ ਬੁਣਤੀਕਾਰ ਹੈ। ਉਹ ਛੋਟੇ ਛੋਟੇ ਸੰਕੇਤਮਈ ਵਾਕਾਂ ਨਾਲ ਦਿੱਤ ਸਿੰਘ ਦੇ ਪਰਿਵਾਰ ਦੀ ਉਸਾਰੀ ਕਰਦਾ ਜਾਂਦਾ ਹੈ:

-ਛਾਂ ਆਰਿਆਂ ਨਾਲ ਕੱਟੀ ਜਾਣ ਲੱਗੀ। ਜਿਵੇਂ ਹੀ ਜੰਗਲ ਸ਼ਹਿਰ 'ਚ ਵਿਕਿਆ, ਮੁੜ੍ਹਕਾ ਹੋਰ ਜੋਸ਼ ਨਾਲ ਡੁੱਲ੍ਹਿਆ। ਮੁੜਕਾ ਡੁੱਲ੍ਹਿਆ ਤਾਂ ਦੌਲਤ ਆਈ। ਦੌਲਤ ਆਈ ਤਾਂ ਰੱਜ ਨੂੰ ਚੱਜ ਆਇਆ।—

ਦਿੱਤ ਸਿਉਂ ਧੁੱਪ ਦੀ ਬੁੱਕਲ ਮਾਰ ਕੇ ਤੁਰਨ ਲੱਗਾ।
ਅੱਖਾਂ ਅੱਗੇ ਜਾਲੇ ਤਣੇ।
ਜਿਨ੍ਹਾਂ ਕਾਮਿਆਂ ਦੀ ਬਦੌਲਤ ਜੰਗਲ ਚ ਮੰਗਲ ਹੋਇਆ। ਦਿੱਤ ਸਿਉਂ ਨੂੰ ਕੀੜੇ-ਪਤੰਗੇ ਦਿਸਣ ਲੱਗੇ। ਉਹ ਪਹਿਨ-ਪੱਚਰ ਕੇ ਸ਼ਹਿਰ ਨਿਕਲਦਾ। ਮੋਢ੍ਹਿਆਂ 'ਤੋਂ ਥੁੱਕਣ ਲੱਗਾ।

*

ਦੌਲਤ ਦੇ ਆਉਣ ਨਾਲ ਦਿੱਤ ਸਿੰਘ ਦਾ ਚੱਜ ਆਚਾਰ, ਸੁਭਾਅ, ਆਦਤਾਂ, ਪਹਿਰਾਵਾ, ਬੋਲੀ ਸਭ ਕੁੱਝ ਬਦਲਦਾ ਹੈ। ਉਸਦਾ ਹੀ ਨਹੀਂ ਉਸਦੀ ਘਰਵਾਲੀ ਚਿੰਤ ਕੁਰ ਦਾ ਵੀ। ਦਿੱਤ ਸਿੰਘ ਨੇ ਪੁੱਤ ਭੂਰੇ ਨੂੰ ਵੀ ਸਰਦਾਰੀ ਲਿਬਾਸ 'ਚ ਬੰਨ੍ਹ ਦਿੱਤਾ। ਸਾਰਾ ਪਰਿਵਾਰ ਭੁੱਲ ਗਿਆ ਕਿ ਇਹ ਸਰਦਾਰੀ ਧੀ ਦੀ ਇੱਜਤ ਦਾ ਮੁੱਲ ਤਾਰ ਕੇ ਮਿਲੀ ਹੈ। ਪਰਿਵਾਰ 'ਤੇ ਪੂਰੀ ਤਰ੍ਹਾਂ ਜਗੀਰਦਾਰੀ ਦੀ ਪਰਤ ਚੜ੍ਹ ਜਾਂਦੀ ਹੈ। ਸ. ਬਖ਼ਤਾਵਰ ਸਿੰਘ ਡਿਓਢੀਆ ਆਪਣੀ ਧੀ ਗੁਰ ਕੌਰ ਦਾ ਰਿਸ਼ਤਾ ਭੂਰਾ ਸਿੰਘ ਨੂੰ ਕਰਦਾ ਹੈ। ਬਖ਼ਤਾਵਰ ਸਿੰਘ ਵੀ ਰਜਵਾੜਾਸ਼ਾਹੀ ਦੀ ਉਹ ਰਹਿੰਦ-ਖੂੰਹਦ ਹੈ ਜੋ ਸਿਰੇ ਦਾ ਅਯਾਸ਼ ਹੈ। ਜੋ ਅਯਾਸ਼ ਸਰਦਾਰਾਂ ਦੇ ਘਰ ਵਾਪਰਦਾ ਹੈ ਉਸਦੇ ਘਰ ਵੀ ਵਾਪਰਦਾ ਹੈ। ਉਸਦੀ ਘਰਵਾਲੀ ਭਾਵ ਗੁਰੋ ਦੀ ਮਾਂ ਰੂਪ ਕੌਰ ਦਾ ਆਪਣਾ ਸੰਸਾਰ ਹੈ। ਰੂਪ ਕੌਰ, ਬਖ਼ਤਾਵਰ ਸਿੰਘ ਨਾਲ ਵਿਆਹ ਤੋਂ ਪਹਿਲਾਂ ਕਿਸੇ ਹੋਰ ਦੀ ਰਖੈਲ ਸੀ। ਬਖ਼ਤਾਵਰ ਦੀ ਪ੍ਰਵਾਹ ਕਰੇ ਬਿਨਾਂ ਆਪਣੇ ਪੁਰਾਣੇ ਆਸ਼ਕ ਨੂੰ ਮਿਲਦੀ ਹੈ। ਇਓਂ ਨਾਵਲਕਾਰ ਬਖ਼ਤਾਵਰ ਸਿੰਘ ਦੀ ਕਥਾ ਰਾਹੀਂ ਜਗੀਰਦਾਰੀ ਸਮਾਜ ਦੇ ਉਸ ਸਮਾਜਿਕ ਤਾਣੇ-ਬਾਣੇ ਦਾ ਹੀਜ਼-ਪਿਆਜ਼ ਨੰਗਾ ਕਰਦਾ ਹੈ। ਜਗੀਰਦਾਰੀ ਜਾਂ ਰਾਜਾਸ਼ਾਹੀ ਉਸ ਲਈ ਸਮਾਜ ਦੀ ਕੋਈ ਮਾਣਮੱਤੀ ਵਿਰਾਸਤ ਨਹੀਂ ਹੈ। ਇਸਦੇ ਟੁੱਟਣ ਭੁਰਨ 'ਤੇ ਕਿਸੇ ਕਿਸਮ ਦਾ ਰੁਦਨ ਜਾਂ ਹਉ ਕੁਰਲਾਪ ਨਹੀਂ ਕਰਦਾ, ਜਿਵੇਂ ਕੁੱਝ ਪੂਰਬਲੇ ਵੱਡੇ ਨਾਵਲਕਾਰ ਕਰਦੇ ਸਨ। ਉਹ ਤਾਂ ਹਵੇਲੀ ਦੇ ਭੁਰਦੇ ਕਿੰਗਰਿਆਂ ਅਤੇ ਹਵੇਲੀ ਅੰਦਰ ਟੁੱਟ ਰਹੀਆਂ ਕਦਰਾਂ-ਕੀਮਤਾਂ ਦਾ ਸੱਚ ਪੇਸ਼ ਕਰਨ ਵਿਚ ਯਕੀਨ ਰੱਖਦਾ ਹੈ। ਇਕ ਸੁਚੇਤ ਗਲਪਕਾਰ ਹੋਣ ਕਰਕੇ ਉਹ ਜਾਣਦਾ ਹੈ ਕਿ ਰਚਨਾ ਨੂੰ ਨਾਅਰਾ ਬਣਾਏ ਤੋਂ ਬਿਨਾਂ ਹੀ ਕਿਹੜੀ ਧਿਰ ਦੇ ਹੱਕ 'ਚ ਡੱਕਾ ਸੁੱਟਣਾ ਹੈ। ਇਸੇ ਕਰਕੇ ਜਗੀਰਦਾਰੀ ਪ੍ਰਬੰਧ ਵਿਚ ਕਿਰਤੀ ਸ਼੍ਰੇਣੀਆਂ ਅੰਦਰ ਤੇਜ਼ੀ ਨਾਲ ਆ ਰਹੀ ਚੇਤਨਾ ਨੂੰ ਪੇਸ਼ ਕਰਨਾ ਉਸਦਾ ਮੁੱਖ ਮਨੋਰਥ ਹੈ। ਨਾਵਲਕਾਰ ਸਮੇਂ-ਸਮੇਂ ਥਾਂ-ਪੁਰ-ਥਾਂ ਕਿਰਤੀਆਂ ਮੂੰਹੋਂ ਕਰਵਾਈਆਂ ਟਿੱਪਣੀਆਂ ਰਾਹੀਂ ਕਥਾ ਨੂੰ ਅੱਗੇ ਤੋਰਦਾ ਹੈ:


'ਕੰਜਰਖਾਨੇ ਸਿਰ ਸਰਦਾਰ ਬਣਿਆ ਫਿਰਦਾ। ਐਦੂੰ ਤਾਂ ਡੁੱਬ ਕੇ ਮਰ ਜੇ ਸਾਲਾ।'

'ਤਾਂ ਹੀ ਤਾਂ ਕਹਿੰਦੇ, ਪਾਪਾਂ ਬਾਝਹੁੰ ਹੋਵੈ ਨਾਹੀਂ।'

'ਆਪਾਂ ਹੀ ਲਈ ਫਿਰਦੇ ਆਂ ਦੂਏ 'ਚ ਪੁੰਨ ਪਾਪ। ਇਨ੍ਹਾਂ ਲਈ ਤਾਂ ਸਭ ਪੁੰਨ ਈ ਪੁੰਨ ਐ।'

ਇਓਂ ਉਹ ਕਿਰਤੀ ਵਰਗਾਂ ਅੰਦਰ ਆਪਣੀ ਹੋਣੀ ਸਬੰਧੀ ਪੈਦਾ ਹੋ ਰਹੀ ਚੇਤਨਾ ਨੂੰ ਬੜੇ ਬਰੀਕ ਢੰਗ ਨਾਲ ਪੇਸ਼ ਕਰਦਾ ਹੈ। ਇਹ ਲੋਕ ਜਾਣ ਗਏ ਹਨ ਕਿ ਵੱਡੀਆਂ ਜਾਇਦਾਦਾਂ 'ਪੁੰਨ ਪਾਪ ਦੇ ਦੂਏ 'ਚ ਵੜਿਆਂ' ਨਹੀਂ ਬਣਦੀਆਂ।

'ਇਤਿ ਕਥਾ' ਦੀ ਕਥਾ ਆਜ਼ਾਦੀ ਤੋਂ ਕੁੱਝ ਵਰੇ ਪਹਿਲਾਂ ਸ਼ੁਰੂ ਹੁੰਦੀ ਹੈ ਜਦੋਂ ਪੰਜਾਬ ਦਾ ਅਰਥਚਾਰਾ ਪੂਰੀ ਤਰ੍ਹਾਂ ਖੇਤੀ ਅਧਾਰਿਤ ਸੀ। ਪੰਜਾਬ ਖਾਸ ਕਰ ਰਿਆਸਤੀ ਪੰਜਾਬ ਜਾਗੀਰਦਾਰੀ ਦੀ ਜਕੜ ਹੇਠ ਸੀ। ਰਿਆਸਤ ਦੀਆਂ ਆਯਾਸ਼ ਸਰਕਾਰਾਂ ਦੀ ਨਿਗਾਹ ਪਿੰਡਾਂ ਦੀਆਂ ਮੂਰਤ ਵਰਗੀਆਂ ਸੁੰਦਰ ਕੁੜੀਆਂ 'ਤੇ ਰਹਿੰਦੀ। ਇਨ੍ਹਾਂ ਮਾਸੂਮ ਕੁੜੀਆਂ ਨੂੰ ਹਰਮ ਦਾ ਸ਼ਿੰਗਾਰ ਬਣਾਉਣ ਬਦਲੇ ਉਨ੍ਹਾਂ ਦੇ ਮਾਪਿਆਂ ਨੂੰ ਸ਼ਾਹੀ ਹਵੇਲੀਆਂ ਤੇ ਜ਼ਮੀਨਾਂ ਦੇ ਖੁੱਲੇ ਮੁਰੱਬੇ ਦੇ ਕੇ ਚੁੱਪ ਕਰਾ ਦਿੱਤਾ ਜਾਂਦਾ। ਧੀਆਂ ਦੀਆਂ ਕਬਰਾਂ 'ਤੇ ਉਸਰੀ ਇਹ ਨਵੀਂ ਜਗੀਰਦਾਰੀ ਆਪਣਾ ਦਰਦ ਭੁੱਲ ਕੁਲੀਨ ਵਰਗਾਂ ਜਿਹਾ ਹੀ ਵਿਹਾਰ ਕਰਨ ਲੱਗਦੀ। ਸਮਾਜ ਦੀਆਂ ਨੈਤਿਕ ਕਦਰਾਂ ਕੀਮਤਾਂ ਦੀ ਇਨ੍ਹਾਂ ਦੀ ਨਿਗਾ 'ਚ ਕੋਈ ਕੀਮਤ ਨਾ ਰਹਿੰਦੀ। ਆਜ਼ਾਦੀ ਉਪਰੰਤ ਬਣੇ ਸਰਪਲਸ ਜ਼ਮੀਨ ਦੇ ਕਾਨੂੰਨਾਂ ਸਦਕਾ ਜਗੀਰਦਾਰੀ ਨੂੰ ਕੁਝ ਜ਼ਮੀਨ ਗਵਾਉਣੀ ਪਈ, ਪਰ ਉਨ੍ਹਾਂ ਦੀ ਸਰਦਾਰੀ ਠਾਠ ਵਿਚ ਕੁੱਝ ਫ਼ਰਕ ਨਾ ਪਿਆ। ਆਲੇ ਦੁਆਲ਼ੇ ਦੇ ਲੋਕਾਂ ਖਾਸ ਕਰ ਦਸਤਕਾਰ ਸ਼੍ਰੇਣੀਆਂ ਉੱਪਰ ਉਨ੍ਹਾਂ ਦਾ ਦਾਬਾ ਬਰਕਰਾਰ ਰਿਹਾ। ਜਾਗੀਰਦਾਰੀ ਦੀ ਇਹ ਰਹਿੰਦ-ਖੂਹੰਦ ਪਿੰਡਾਂ ਦੇ ਨਿਮਨ ਅਤੇ ਦਰਮਿਆਨੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਵੀ ਚਿੜੀਆਂ ਜਨੌਰ ਸਮਝਦੀ। ਹਰੀ ਕ੍ਰਾਂਤੀ ਦੇ ਆਉਣ ਨਾਲ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਇਆ ਤਾਂ ਮੱਧ ਵਰਗੀ ਕਿਸਾਨੀ ਪਰ ਤੋਲਣ ਲੱਗੀ ਤੇ ਜਗੀਰਦਾਰੀ ਦੀ ਰਹਿੰਦ-ਖੂੰਹਦ ਨੂੰ ਅੱਖਾਂ ਵਿਖਾਉਣ ਲੱਗੀ। ਸਮਾਂ ਹੋਰ ਕਰਵਟ ਲੈਂਦਾ ਹੈ। ਨਿਮਨ ਸ਼੍ਰੇਣੀਆਂ ਖੇਤੀ ਦੇ ਧੰਦੇ 'ਚੋਂ ਬਾਹਰ ਹੋਣ ਲੱਗੀਆਂ। ਕਿੱਤਾ ਬਦਲੀ ਉਨ੍ਹਾਂ ਲਈ ਤਰੱਕੀ ਦੇ ਨਵੇਂ ਰਾਹ ਖੋਲ੍ਹਦੀ ਹੈ। ਕਾਰੀਗਰ ਸ਼ਹਿਰ ਕੰਮਾਂ ਧੰਦਿਆਂ 'ਤੇ ਜਾ




ਲੱਗੇ। ਨਾਵਲਕਾਰ ਦੇ ਸ਼ਬਦਾਂ ਵਿਚ:

'ਮਜ਼ਦੂਰ ਅਤੇ ਕਾਰੀਗਰ ਸ਼੍ਰੇਣੀਆਂ ਦੋ ਡੰਗ ਦੀ ਰੋਟੀ ਬਦਲੇ ਫੋਕੀ ਟੈਂਅ ਮੰਨਣ ਤੋਂ ਇਨਕਾਰੀ ਹੋਈਆਂ। ਇਥੋਂ ਤੱਕ ਕਿ ਸੁੱਖੇ ਤਖਾਣ ਜਿਹੇ ਕੰਮੀ ਪਿੰਡ ਦੀ ਫਾਲ ਛਿੰਗ ਛੱਡ ਸ਼ਹਿਰ ਦੁਕਾਨ ਪਾ ਕੇ ਬੈਠ ਗਏ।'

ਨਾਵਲਕਾਰ ਦੱਸਦਾ ਹੈ ਕਿ ਮਿਲੇ ਸੰਵਿਧਾਨਕ ਹੱਕਾਂ ਨੇ ਮਜ਼ਦੂਰ ਜਮਾਤ ਨੂੰ ਰੱਜ ਜਿਉਣ ਵੱਲ ਪ੍ਰੇਰਿਤ ਕੀਤਾ। ਨੰਜਾ, ਘੀਚਰ, ਗੁੱਲੂ, ਲੱਖਾ ਅਤੇ ਗਾਮੇ ਧੂਸ ਵਰਗੇ ਡਰਾਈਵਰੀ ਦੇ ਟੇਟੇ ਜਾ ਚੜ੍ਹੇ। ਧੰਮੇ ਅਤੇ ਹਰੀਏ ਜਿਹੇ ਲੱਕੜ ਵੱਢਣ ਵੇਚਣ ਲੱਗੇ। ਕੁਝ ਕਬਾੜੀਏ ਬਣ ਸਮਾਨ ਖਰੀਦਣ-ਵੇਚਣ ਲੱਗੇ। ਦੂਜੇ ਸਰਗ ਦੇ 'ਪਰੀਦ੍ਰਿਸ਼' ਸਿਰਲੇਖ ਹੇਠ ਲੇਖਕ ਪੰਜਾਬ ਦੇ ਜਨ ਜੀਵਨ 'ਚ ਆਏ ਬਦਲਾਅ ਨੂੰ ਕੁੱਝ ਸਤਰਾਂ 'ਚ ਹੀ ਬਿਆਨ ਕਰ ਦਿੰਦਾ ਹੈ: ਇਸ ਸਮੇਂ ਦੌਰਾਨ ਜਿਸ ਤੇਜ਼ੀ ਨਾਲ ਦਿੱਤਪੁਰਾ ਬਦਲਿਆ। ਨਾ ਕਲਪਣਾ। ਨਾ ਉਮੀਦ। ਸਮੇਂ ਦੀ ਤੋਰ ਜਾਂ ਹੋਣੀ ਦੀ ਵਿਡੰਬਨਾ ਸੀ। ਹਵੇਲੀ ਦਾ ਤਲਿਸਮ ਮਿਟਿਆ। ਦਸਤਕਾਰੀ ਮਸ਼ੀਨ ਨਿਗਲ ਗਈ। ਖੇਤੀ ਟਰੈਕਟਰ, ਬਿਜਲੀ, ਡੀਜ਼ਲ, ਨਹਿਰਾਂ, ਸਿਆਸਤ ਅਤੇ ਤਜ਼ਾਰਤ ਹੱਥੇ ਜਾ ਚੜ੍ਹੀ। ਰੇਡੀਓ, ਟੀਵੀ, ਅਖ਼ਬਾਰ ਅਤੇ ਬਾਜ਼ਾਰ ਦੀ ਗ੍ਰਿਫਤ ਵਿਚ ਹਰ ਬਸ਼ਰ ਆਇਆ। ਬਿਹਾਰੀਆਂ ਜਿਵੇਂ ਹੀ ਖੇਤੀ ਦਾ ਭਾਰ ਚੁੱਕਿਆ; ਘਰ ਘਰ ਚਿੱਟ ਕੱਪੜੀਆ ਸਰਦਾਰੀ ਪੈਦਾ ਹੋਈ। ਜੱਟ ਬੇ-ਮਤਲਬ ਸ਼ਹਿਰ ਦੀਆਂ ਗੇੜੀਆਂ ਕੱਢਣ ਲੱਗਾ। ਰਿਸ਼ਤੇ, ਆਦਰਸ਼, ਸਰਦਾਰੀ, ਇਖ਼ਲਾਕ, ਧਰਮ, ਜਾਤ-ਪਾਤ ਸਭ ਪੈਸਾ ਤੈਅ ਕਰਨ ਲੱਗਾ।

ਇਸ ਤਰ੍ਹਾਂ ਨਾਵਲਕਾਰ ਤੇਜੀ ਨਾਲ ਬਦਲਦੇ ਪੰਜਾਬ ਦੀ ਕਲਾਤਮਕ ਪੇਸ਼ਕਾਰੀ ਕਰਦਾ ਹੈ। ਸ਼ਾਹੀ ਹਵੇਲੀ ਦੀ ਮੱਠੀ ਪੈਂਦੀ ਜਾ ਰਹੀ ਚਮਕ ਨੂੰ ਚਿਤਰਨਾ ਹੀ ਉਸਦਾ ਮਨੋਰਥ ਨਹੀਂ ਹੈ, ਬਲਕਿ ਹਾਸ਼ੀਏ ਤੋਂ ਪਰ੍ਹੇ ਧੱਕ ਦਿੱਤੀਆਂ ਕਿਰਤੀ ਸ਼੍ਰੇਣੀਆਂ ਵਿਚ ਪੈਦਾ ਹੋਈ ਚੇਤਨਾ ਨੂੰ ਪੇਸ਼ ਕਰਨਾ ਉਸਦਾ ਮੁੱਖ ਮਕਸਦ ਹੈ। ਸਮੇਂ ਨੇ ਇੰਨੀ ਵੱਡੀ ਕਰਵਟ ਬਦਲ ਲਈ ਹੈ ਕਿ ਦਲਿਤਾਂ ਦੇ ਬੱਚੇ ਪੜ੍ਹ-ਲਿਖ ਕੇ ਨੌਕਰੀਆਂ ਕਰਨ ਜਾ ਲੱਗੇ ਹਨ। ਇਨ੍ਹਾਂ ਸ਼੍ਰੇਣੀਆਂ 'ਚੋਂ ਨਾਬਰੀ ਦੀ ਉਠਦੀ ਸੁਰ ਲੇਖ਼ਕ ਦੀ ਕਲਮ ਦੀ ਨੋਕ 'ਤੇ ਆਉਂਦੀ ਹੈ। ਕਈ ਦਹਾਕੇ ਹਵੇਲੀ ਦੀਆਂ ਬੁੱਤੀਆਂ ਕਰਨ ਵਾਲਾ ਚੰਦ ਦਾਤੀ ਪੱਲੀ ਸਰਦਾਰ ਭੂਰਾ ਸਿੰਘ ਦੇ ਪੈਰਾਂ 'ਚ ਵਗਾਹ ਮਾਰਦਾ ਹੈ। ਤਬਦੀਲੀ ਬੜੀ ਤੇਜ਼ੀ ਨਾਲ ਵਾਪਰ ਰਹੀ ਹੈ। ਗੱਲ ਕਿੱਤਾ ਬਦਲੀ ਸਦਕਾ ਕਿਰਤੀ ਸ਼੍ਰੇਣੀਆਂ ਦੇ ਜਿਉਣ ਢੰਗ ਵਿਚ ਆਈ ਤਬਦੀਲੀ 'ਤੇ ਵੀ ਨਹੀਂ ਰੁਕਦੀ। ਪ੍ਰਵਾਸੀ ਲੇਬਰ ਖਾਸ ਕਰ ਬਿਹਾਰੀ ਲੇਬਰ ਨੇ ਦਿੱਤਪੁਰੇ ਦਾ ਦ੍ਰਿਸ਼ ਪੂਰਨ ਤੌਰ 'ਤੇ ਬਦਲ ਦਿੱਤਾ ਹੈ।

-ਰਾਤੋ ਰਾਤ ਝੁੱਗੀਆਂ ਉਸਰੀਆਂ। ਧੂਆਂ ਉਠਿਆ। ਜੀਵਨ ਧੜਕਿਆ। ਥਾਂ ਥਾਂ ਖੋਖੇ ਦਿਸਣ ਲੱਗੇ। ਚਾਹ, ਬੀੜੀ, ਸਿਗਰਟ, ਜਰਦਾ, ਭੁੱਕੀ ਅਤੇ ਲੁੱਟਾਂ ਖੋਹਾਂ ਦਾ ਸਿਲਸਿਲਾ।

ਦਿੱਤਪੁਰੇ ਦੀ ਕਥਾ ਬਿਆਨਦਿਆਂ ਲੇਖਕ ਛੋਟੇ ਵੱਡੇ ਅਨੇਕਾਂ ਸਵਾਲਾਂ ਦੇ ਰੂਬਰੂ ਕਰਵਾਉਂਦਾ ਤੁਰਿਆ ਜਾਂਦਾ ਹੈ। ਕਿਸੇ ਸਾਜਿਸ਼ ਤਹਿਤ ਬਿਹਾਰੀਆਂ ਦੀਆਂ ਪੰਜਾਬ 'ਚ ਉਤਰ ਰਹੀਆਂ ਧਾੜਾਂ ਦੀਆਂ ਧਾੜਾਂ ਬਾਰੇ ਉਹ ਮਾਸਟਰ ਮੱਦੀ ਦੇ ਮੂੰਹੋਂ ਅਖਵਾਉਂਦਾ ਹੈ,

'ਕੀ ਬਿਹਾਰੀਆਂ ਨੂੰ ਰੋਕ ਤੁਸੀਂ? ਓ ਭਾਈ ਸਰਕਾਰ ਪੰਜਾਬ 'ਚ ਹਿੰਦੂ ਵੋਟ ਵਧਾਅ ਰਹੀ। ਬਿਹਾਰੀਏ ਕੀ ਸਿਰਫ਼ ਇਥੇ ਆਏ? ਝੁੰਡਾਂ ਦੇ ਝੁੰਡ ਉਤਰ ਰਹੇ। ਕਈ ਜੱਟ ਤਾਂ ਗੱਡੀਓਂ ਉਤਰਦਿਆਂ ਨੂੰ ਝੋਪ ਰਹੇ। ਜਿੰਨੀ ਲੇਬਰ ਚਾਹੀਦੀ, ਉਨੀ ਹੈ ਨਹੀਂ। ਬਿਹਾਰ 'ਚੋਂ ਇਹ ਬੰਧੂਆ ਮਜ਼ਦੂਰੀ ਤੋਂ ਭੱਜ ਕੇ ਆਉਂਦੇ। ਮੇਰੇ ਹਿਸਾਬ ਤਾਂ ਕੁੱਝ ਹੋਰ ਸਾਲਾਂ ਨੂੰ ਇਨ੍ਹਾਂ ਫੱਟੀ ਪੋਚ ਦੇਣੀ।'

ਅੰਤਲੇ ਅਧਿਆਇ 'ਖੱਖ' ਰਾਹੀ ਕਜ਼ਾਕ ਪਾਠਕ ਨੂੰ ਉੱਥੇ ਲੈ ਜਾਂਦਾ ਹੈ ਜਿੱਥੇ ਲਿਜਾਣਾ ਚਾਹੁੰਦਾ ਹੈ। ਜਾਂ ਜਿੱਥੇ ਪਾਠਕ ਨੂੰ ਜਾਣਾ ਚਾਹੀਦਾ ਹੈ। ਇੱਕ ਤਰ੍ਹਾਂ ਉਹ ਪਾਠਕ ਨੂੰ ਤਬਦੀਲੀ ਦੀ ਉਸ ਵਗਦੀ ਹਵਾ ਦੇ ਰੂਬਰੂ ਕਰਦਾ ਹੈ ਜਿੱਥੇ ਹੁਣ ਹਵਾ 'ਚ ਠੱਠੀ 'ਚੋਂ ਮਾਸਟਰ ਬੱਲੂ ਅਤੇ ਰਾਣਾ ਦੇ ਵਿਆਹ ਦੀਆਂ ਖ਼ਬਰਾਂ ਤੈਰ ਰਹੀਆਂ ਹਨ। ਇਹ ਵਿਆਹ ਬਿਨਾਂ ਦਾਜ ਦੇ ਅਤੇ ਅੰਤਰਜਾਤੀ ਹਨ। ਨਾਵਲਕਾਰ ਇਨ੍ਹਾਂ ਵਿਆਹਾਂ ਰਾਹੀਂ ਵੀ ਵੱਡੇ ਸਵਾਲ ਖੜ੍ਹੇ ਕਰਦਾ ਹੈ। ਇਨ੍ਹਾਂ ਵਿਆਹਾਂ ਬਾਰੇ ਠੱਠੀ ਕੀ ਸੋਚਦੀ ਹੈ ਤੇ ਉੱਚ ਵਰਗ ਕੀ ਸੋਚਦੇ ਹਨ। ਮਾਸਟਰ ਮੱਦੀ ਦੀਆਂ ਟਿੱਪਣੀਆਂ ਠੱਠੀ ਦੀ ਸੋਚ ਦੀ ਪ੍ਰਤੀਨਿਧਤਾ ਕਰਦੀਆਂ ਨੇ ਤੇ ਵਿਰਕ ਦੀ ਟਿੱਪਣੀ ਅਖੌਤੀ ਉਚ ਵਰਗਾਂ ਅੰਦਰਲੀ ਬੇਵਸੀ ਦਰਸਾਉਂਦੀ ਹੈ।

ਨਾਵਲ ਦੀ ਹੋਰ ਵੱਡੀ ਖ਼ੂਬਸੂਰਤੀ ਇਸਦੀਆਂ ਨਾਰੀ ਪਾਤਰਾਂ ਦੀ ਪਾਤਰ ਉਸਾਰੀ ਹੈ। ਕਜ਼ਾਕ ਦੀਆਂ ਨਾਰੀ ਪਾਤਰ ਔਰਤਾਂ ਅਸੀਲ ਰਾਮ ਗਊਆਂ ਨਹੀਂ ਹਨ ਸਗੋਂ ਦਬੰਗ ਅਤੇ ਬਾਗੀਆਨਾ ਸੁਭਾਅ ਦੀਆਂ ਹਨ। ਉਹ ਪਰੰਪਰਾ ਨੂੰ ਤਾਕ 'ਤੇ ਲਾ ਸਕਦੀਆਂ ਹਨ। ਵਲਗਣਾਂ ਨੂੰ ਤੋੜ ਕੇ ਉਨ੍ਹਾਂ ਨੂੰ ਸਕੂਨ ਮਿਲਦਾ ਹੈ। ਡਿਊਢੀਏ ਬਖ਼ਤਾਵਰ ਦੀ ਪਤਨੀ ਰੂਪ ਕੌਰ ਆਪਣੀ ਮਰਜ਼ੀ ਨਾਲ ਆਪਣੇ ਆਸ਼ਿਕ ਨਾਲ ਸੰਬੰਧ ਬਣਾਉਂਦੀ ਹੈ। ਜਿਸ ਬਾਰੇ ਆਪਣੀ ਧੀ ਗੁਰੋ ਨੂੰ 'ਤੇਰਾ ਮਾਮਾ' ਦੱਸਦੀ ਹੈ। ਆਪਣੇ ਇਸ ਆਸ਼ਕ ਨੂੰ ਆਪਣੇ ਘਰ ਬੁਲਾਉਂਦੀ ਹੈ। ਰੂਪ ਕੌਰ ਇੰਨੀ ਕੁ ਦਬੰਗ ਹੈ ਕਿ ਬਖ਼ਤਾਵਰ ਉਸਦੇ ਇਨ੍ਹਾਂ ਸੰਬੰਧਾਂ ਬਾਰੇ ਚੂੰਅ ਵੀ ਨਹੀਂ ਕਰਦਾ। ਇਸੇ ਤਰ੍ਹਾਂ ਦਿੱਤ ਸਿਉਂ ਦੀ ਨੂੰਹ ਬਣ ਕੇ ਆਈ ਬਖ਼ਤਾਵਰ ਤੇ ਰੂਪ ਦੀ ਧੀਅ ਗੁਰੋ ਵੀ ਡਾਹਢੀ ਅੱਥਰੀ ਹੈ। ਉਸਦਾ ਅੱਥਰਾਪਨ ਉਸ ਅੰਦਰਲੀ ਬਾਗੀ ਨਾਰੀ ਦਾ ਪ੍ਰਤੀਬਿੰਬ ਹੈ। ਉਹ ਵੀ ਆਪਣੇ ਪਤੀ ਸਰਦਾਰ ਭੂਰਾ ਸਿੰਘ ਨੂੰ ਪੂਰੀ ਤਰ੍ਹਾਂ ਵੱਸ 'ਚ ਕਰਕੇ ਮੇਮਣਾ ਬਣਾ ਕੇ ਰੱਖਦੀ ਹੈ। ਸੱਸ ਸਹੁਰੇ ਨੂੰ ਬੜੀ ਸਫ਼ਾਈ ਨਾਲ ਟਿਕਾਣੇ ਲਾ ਦਿੰਦੀ ਹੈ। ਆਪਣੇ ਕੋਲ ਆਉਣ ਵਾਲੇ ਆਪਣੇ ਪੁਰਾਣੇ ਆਸ਼ਿਕ ਲਈ ਉਸਨੇ ਵੱਖਰਾ ਦਰਵਾਜ਼ਾ ਬਣਵਾਇਆ ਹੈ। ਗੁਰੋ ਆਪਣੀਆਂ ਸ਼ਰਤਾਂ 'ਤੇ ਜਿਉਂਦੀ ਹੈ ਅਤੇ ਹਵੇਲੀ ਦੇ ਪ੍ਰਬੰਧ ਨੂੰ ਵੀ ਆਪਣੀਆਂ ਸ਼ਰਤਾਂ 'ਤੇ ਹੀ ਚਲਾਉਂਦੀ ਹੈ। ਗੁਰੋ ਅੰਦਰਲੀ ਬਾਗ਼ੀ ਨਾਰੀ ਪੂਰੀ ਤਰ੍ਹਾਂ ਨਾਵਲੀ ਕਥਾ ਦੇ ਆਰ ਪਾਰ ਫੈਲੀ ਰਹਿੰਦੀ ਹੈ। ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਉਹ ਕਿਸੇ ਨਾਲ ਵੀ ਹੱਥ ਮਿਲਾ ਸਕਦੀ ਹੈ। ਕੁੱਝ ਵੀ ਕਰ ਸਕਦੀ ਹੈ ਤੇ ਕਿਵੇਂ ਵੀ ਕਰ ਸਕਦੀ ਹੈ। ਉਹ ਪੂਰੀ ਤਰ੍ਹਾਂ ਪਿਤਰਕੀ ਪ੍ਰਬੰਧ ਨੂੰ ਜੁੱਤੀ ਦੀ ਨੋਕ 'ਤੇ ਰੱਖਦੀ ਹੈ। ਆਪਣੇ ਦੋਵੇਂ ਪੁੱਤਰਾਂ ਨੂੰ ਵੀ ਆਪਣੇ ਅਨੁਸਾਰ ਢਾਲਣ ਦੀ ਇੱਛਾ ਰੱਖਦੀ ਹੈ।

ਨਾਵਲ ਦੀਆਂ ਪ੍ਰਵਾਸੀ ਔਰਤਾਂ ਕਲਿਆਣੀ ਤੇ ਗੋਮਤੀ ਵੀ ਸਾਮ, ਦਾਮ, ਦੰਡ ਭੇਦ ਰਾਹੀਂ ਆਪਣੇ ਅਕੀਦੇ ਪੂਰੇ ਕਰਨ ਦੀਆਂ ਚਾਹਵਾਨ ਹਨ। ਇਸ ਲਈ ਉਨ੍ਹਾਂ ਨੂੰ ਇੱਕ ਕਿੱਲੇ ਨਾਲ ਬੱਝੇ ਰਹਿਣਾ ਮਨਜ਼ੂਰ ਨਹੀਂ ਹੈ। ਇਹ ਪਾਤਰ ਛੋਟੇ-ਮੋਟੇ ਕੰਮਾਂ ਡੇਅਰੀ, ਦੁੱਧ ਵੇਚਣ, ਛੋਟੀ ਮੋਟੀ ਦੁਕਾਨਦਾਰੀ, ਪਾਨ ਬੀੜੀ ਵੇਚਣ ਜਿਹੇ ਕੰਮ ਕਰਦਿਆਂ ਆਪਣੇ ਵੱਡੇ ਕਾਰੋਬਾਰ ਸੈਂਟ ਕਰਦੀਆਂ ਹਨ। ਇਹ ਦੋਵੇਂ ਪੰਜਾਬ 'ਚ ਕੰਮ ਕਰਦੀ ਪ੍ਰਵਾਸੀ ਲੇਬਰ ਦੀ ਭਰਵੀਂ ਪ੍ਰਤੀਨਿਤਾ ਕਰਦੀਆਂ ਹਨ। ਇਹ ਲੇਬਰ ਖੇਤੀ, ਉਸਾਰੀ, ਦੁਕਾਨਦਾਰੀ ਅਤੇ ਵਪਾਰ ਜਿਹੇ ਕਿੱਤੇ ਕਰਦੀ ਹੈ। ਕਿਸੇ ਤਰ੍ਹਾਂ ਦੀ ਵੀ ਮਿਹਨਤ ਮੁਸ਼ੱਕਤ ਉਨ੍ਹਾਂ ਲਈ ਸ਼ਰਮਿੰਦਗੀ ਦਾ ਕਾਰਨ ਨਹੀਂ, ਜੋ ਕਿ ਸਥਾਨਕ ਪੰਜਾਬੀ ਲੇਬਰ ਲਈ ਹੁੰਦਾ ਹੈ। ਕਲਿਆਣੀ ਵੀ ਦਬੰਗ ਪਾਤਰ ਹੈ। ਉਹ ਨਿੰਜੇ ਅਤੇ ਜੋਰੇ ਨੂੰ ਉਂਗਲਾਂ 'ਤੇ ਨਚਾਉਂਦੀ ਹੈ। ਉਹ ਆਪਣਾ ਗੌਂਅ ਕੱਢਣ ਤੋਂ ਬਾਅਦ ਕਿਸੇ ਨੂੰ ਵੀ ਠੇਂਗਾ ਦਿਖਾ ਸਕਦੀ ਹੈ। ਨਾਵਲਕਾਰ ਨੇ ਇਸੇ ਪਾਤਰ ਰਾਹੀਂ ਪੰਜਾਬ 'ਚ ਕੰਮ ਕਰਦੀ ਪ੍ਰਵਾਸੀ ਲੇਬਰ ਸਦਕਾ ਸਮਾਜ ਅੰਦਰ ਆ ਰਹੀਆਂ ਸੱਭਿਆਚਾਰਕ ਤਬਦੀਲੀਆਂ ਦੀ ਨਿਸ਼ਾਨਦੇਹੀ ਕੀਤੀ ਹੈ। ਕਲਿਆਣੀ ਆਪਣੇ ਪੁੱਤਰ ਨੂੰ ਸਿੱਖ ਬਣਾਉਂਦੀ ਹੈ ਤੇ ਉਸਦਾ ਵਿਆਹ ਸ਼ੀਸ਼ੋ ਦੀ ਕੁੜੀ ਨਾਲ ਹੁੰਦਾ ਹੈ ਜੋ ਅਸਲ ਵਿਚ ਹਵੇਲੀ ਵਾਲੀ ਜਗੀਰਦਾਰਨੀ ਗੁਰੋ ਦੇ ਪੁੱਤਰ ਦੀ ਹੀ ਅੰਸ਼ ਹੈ। ਪ੍ਰਵਾਸੀ ਮਜ਼ਦੂਰਾਂ ਦੇ ਬੱਚੇ ਸਰਕਾਰੀ ਸਕੂਲਾਂ 'ਚ ਪੰਜਾਬੀ ਪੜ੍ਹਦੇ ਹਨ। ਇਥੋਂ ਦੇ ਸੱਭਿਆਚਾਰ ਨੂੰ ਅਪਣਾਉਂਦੇ ਹਨ। ਇਥੋਂ ਦੀ ਰਹਿਤਲ 'ਚ ਰਚ-ਮਿਚ ਗਏ ਹਨ। ਇਥੋਂ ਤੱਕ ਕਿ ਇਥੋਂ ਦੇ ਟਕਸਾਲੀ ਧਰਮ 'ਚ ਵੀ ਉਨ੍ਹਾਂ ਦੀ ਦਖ਼ਲ ਅੰਦਾਜ਼ੀ ਹੋਣ ਲੱਗੀ ਹੈ। ਇਸ ਤਰ੍ਹਾਂ ਪੰਜਾਬ ਦੀ ਡੈਮੋਗਰਾਫਿਕ ਤਬਦੀਲੀ ਨੂੰ ਨਾਵਲਕਾਰ ਨੇ ਇਨ੍ਹਾਂ ਔਰਤ ਪਾਤਰਾਂ ਰਾਹੀਂ ਭਰਪੂਰਤਾ ਨਾਲ ਪੇਸ਼ ਕੀਤਾ ਹੈ। ਕਜ਼ਾਕ ਦੀਆਂ ਉਕਤ ਜਾਂ ਸ਼ੀਸ਼ੋ ਵਰਗੀਆਂ ਹੋਰ ਨਾਰੀ ਪਾਤਰ ਮਕਾਨਕੀ ਕਿਸਮ ਦੀਆਂ ਨਹੀਂ ਹਨ। ਉਨ੍ਹਾਂ ਦੇ ਅਜਿਹੇ ਸੁਭਾਅ ਐਵੇਂ ਹੀ ਨਹੀਂ ਚਿਤਰ ਦਿੱਤੇ ਗਏ। ਉਨ੍ਹਾਂ ਅੰਦਰਲੀ ਬਾਗੀ ਨਾਰੀ ਨੂੰ ਬਾਗੀਆਨਾ ਸੁਰ ਸਮਾਜ ਨੇ ਹੀ ਦਿੱਤੀ ਹੈ। ਰੂਪ ਕੌਰ ਤੇ ਗੁਰੋ ਵਰਗੀਆਂ ਔਰਤਾਂ ਜਗੀਰਦਾਰੀ ਤੇ ਰਜਵਾੜਾਸ਼ਾਹੀ ਦੇ ਅਯਾਸ਼ ਮਰਦ ਸਮਾਜ ਦੀ ਹੀ ਉਪਜ ਹਨ। ਕਲਿਆਣੀ ਤੇ ਗੋਮਤੀ ਵਰਗੀਆਂ ਕੁਦੇਸਣਾਂ ਜੇ ਵਸਤ ਵਾਂਗ ਵਿਕ ਕੇ ਇਕ ਤੋਂ ਦੂਜੀ ਬੁੱਕਲ਼ ਵਿਚ ਜਾਂਦੀਆਂ ਹਨ ਤਾਂ ਉਨ੍ਹਾਂ ਤੋਂ ਕਿਸੇ ਕਿਸਮ ਦੇ ਨੈਤਿਕ ਮੁੱਲਾਂ ਦੀ ਆਸ ਕਰਨੀ ਫਜ਼ੂਲ ਲੱਗਦੀ ਹੈ।

ਨਾਵਲ ਦਾ ਕੈਨਵਸ ਵੱਡਾ ਅਕਾਰੀ ਤੇ ਬਹੁਪਰਤੀ ਹੈ। ਨਾਵਲ

***(ਬਾਕੀ ਅਗਲੇ ਸਫੇ 'ਤੇ)***

# ਜਦੋਂ ਸੁੱਤੀ ਕਿਸਮਤ ਜਾਗੀ !

ਮੇਰਾ ਪਿੰਡ ਬੋਪਾਰਾਏ ਕਲਾਂ ਤਿੰਨ ਸ਼ਹਿਰਾਂ ਮੁੱਲਾਂਪੁਰ, ਜਗਰਾਉਂ ਤੇ ਰਾਏਕੋਟ ਦੀ ਤਿਕੋਣ ਵਿਚ ਘਿਰਿਆ ਹੋਇਆ ਹੈ। ਲੁਧਿਆਣਾ ਸਾਡਾ ਵੱਡਾ ਸ਼ਹਿਰ ਹੈ। ਪਹਿਲਾਂ ਲੋਕ ਇਨ੍ਹਾਂ ਸ਼ਹਿਰਾਂ ਵਿਚੋਂ ਹੀ ਖਰੀਦਦਾਰੀ ਕਰ ਲੈਂਦੇ ਸੀ! ਹੁਣ ਲੋਕਾਂ ਕੋਲ ਆਵਾਜਾਈ ਦੇ ਸਾਧਨ ਹੋ ਗਏ ਹਨ ਤੇ ਲੁਧਿਆਣੇ ਨੂੰ ਬਾਹਰਲਾ ਘਰ ਬਣਾਈ ਬੈਠੇ ਨੇ, ਅਸੀਂ ਵੀ ਕੱਪੜੇ ਖ਼ਰੀਦਣੇ ਸੀ! ਮੈਂ ਜਗਰਾਉਂ ਸ਼ਹਿਰ ਨੂੰ ਜਾਣਾ ਚਾਹਿਆ! ਦੁਕਾਨ 'ਤੇ ਬੈਠੇ ਕੋਟ ਪੈਂਟ ਦਾ ਕੱਪੜਾ ਦੇਖ ਰਹੇ ਸੀ ਇੰਨੇ ਨੂੰ ਇੱਕ ਪਰਿਵਾਰ ਆ ਕੇ ਕੱਪੜੇ ਦਿਖਾਉਣ ਲਈ ਕਹਿਣ ਲੱਗਾ! ਮੈਂ ਧਿਆਨ ਨਾਲ ਦੇਖਣ ਲੱਗਾ! ਇੱਕ ਬਾਈ ਮੇਰੀ ਉਮਰ ਦਾ ਦੋ ਬੀਬੀਆਂ ਦੇ ਇੱਕ ਮੁਟਿਆਰ ਕੁੜੀ ਸੀ, ਉਹ ਸਾਰੇ ਸਾਡੇ ਨਾਲ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

ਵਾਲੇ ਸੋਫ਼ੇ 'ਤੇ ਹੀ ਬੈਠ ਗਏ ਸਨ! ਬਾਈ ਦੇ ਨੈਣ ਨਕਸ਼ਾਂ ਨੂੰ ਮੈਂ ਕਿਸੇ ਜੋਹਰੀ ਵਾਂਗ ਦੇਖਣ ਲੱਗ ਗਿਆ! ਮੈਨੂੰ ਇੰਜ ਲੱਗਦਾ ਸੀ ਜਿਵੇਂ ਇਸ ਬਾਈ ਨੂੰ ਮੈਂ ਜਾਣਦਾ ਹੋਵਾਂ! ਮੈਂ ਦਿਲ ਤਕੜਾ ਕਰਕੇ ਪੁੱਛ ਹੀ ਲਿਆ! ਬਾਈ ਜੀ! ਤੁਹਾਡਾ ਨਾਮ ਹਰਦੀਪ ਸਿੰਘ ਆ? ਹਾਂ ਜੀ, ਬਾਈ ਜੀ! ਉਸ ਨੇ ਉੱਤਰ ਦਿੱਤਾ! ਮੈਨੂੰ ਲੱਗਾ ਕਿ ਤੀਰ ਨਿਸ਼ਾਨੇ ਲੱਗ ਗਿਆ! ਤੁਸੀ ਕੌਣ ਮੈਂ ਪਹਿਚਾਣਿਆ ਨਹੀਂ? ਬਾਈ ਨੇ ਮੈਨੂੰ ਪੁੱਛਿਆ! ਫਿਰ ਮੈਂ ਆਪਣੇ ਬਾਰੇ ਦੱਸਿਆ ਤਾਂ ਉਸ ਨੇ ਵੀ ਪਹਿਚਾਣ ਲਿਆ। ਆਹ ਮੇਰੀ ਘਰਵਾਲੀ ਆ ਤੇ ਉਹ ਦੂਜੀ ਮੇਰੀ ਭਰਜਾਈ ਆ, ਆਹ ਮੇਰੀ ਧੀ ਆ। ਬਾਈ ਨੇ ਸਭ ਦੀ ਜਾਣ-ਪਹਿਚਾਣ ਕਰਵਾਈ ਤੇ ਮੈਂ ਵੀ ਆਪਣੇ ਪਰਿਵਾਰ ਦੀ ਜਾਣ-ਪਹਿਚਾਣ ਕਰਵਾ ਦਿੱਤੀ!

ਹੋਰ ਗੱਲਾਂ-ਬਾਤਾਂ ਤੋ ਬਾਅਦ ਬਾਈ ਹਰਦੀਪ ਨੇ ਆਪਣੀ ਜ਼ਿੰਦਗੀ ਦੀ ਕਹਾਣੀ ਇੰਜ ਸਾਂਝੀ ਕੀਤੀ! ਬਾਈ ਤੁਸੀਂ ਤਾਂ ਸਿੱਪ ਚੜ੍ਹ ਕੇ ਅਮਰੀਕਾ ਚਲੇ ਗਏ ਤੇ ਮੈਂ ਏਜੰਟਾਂ ਨੂੰ ਪੈਸੇ ਫਸਾ ਬੈਠਾ ਵਿਆਜ 'ਤੇ ਲਏ ਪੈਸੇ ਮੁੜੇ ਨਹੀਂ ਸਗੋਂ ਮੇਰੇ ਦੋ ਕਿੱਲੇ ਬੈ ਹੋ ਗਏ। ਬਾਜ਼ੀ ਹਾਰੀ ਦੇਖ ਕੇ ਭਰਾਵਾਂ ਨੇ ਇੱਕ ਕਿੱਲਾ ਜ਼ਮੀਨ ਤੇ ਪੰਜ ਵਿਸਵੇ ਦਾ ਘਰ ਦੇ ਦਿੱਤਾ। ਮੈਂ ਮਨ ਸਮਝਾਇਆ ਕਿ ਮਾੜੇ ਸਮੇਂ ਦੀਆਂ ਭਾਜੜਾਂ ਇੱਥੇ ਰਹਿ ਕੇ ਪਵਾਵਾਂਗਾ! ਇੱਕ ਸਾਲ ਮੈਂ ਯੂਨੀਵਰਸਿਟੀ ਵਿਚ ਸਬਜ਼ੀਆਂ ਵਾਲੇ ਕਿੱਤੇ ਵਿਚ ਦਿਹਾੜੀ 'ਤੇ ਜਾਂਦਾ ਰਿਹਾ ਪੈਸੇ ਕਮਾਉਣ ਦੇ ਨਾਲ ਮੈਂ ਸਬਜ਼ੀਆਂ ਉਗਾਉਣੀਆਂ ਵੀ ਸਿੱਖ ਆਇਆ! ਫਿਰ ਕੀ ਸੀ ਬਾਬੇ ਦਾ ਨਾਮ ਲੈ ਕੇ ਸੁੱਤੀ ਪਈ ਕਿਸਮਤ ਦੇ ਪੱਤੇ ਖੇਤ ਖਿਲਾਰ ਦਿੱਤੇ ਪਹਿਲੀ ਬਾਜ਼ੀ ਮਾਰੀ ਤਾਂ ਮੁੱਖ 'ਤੇ ਲਾਲੀ ਆ ਗਈ ਨਾਲ ਹੀ ਕਿਸਮਤ ਜਾਗ ਉੱਠੀ! ਅੱਜ ਕੁਝ ਕੱਲ੍ਹ ਕੁਝ ਹੋਰ ਤੁਣਕੇ ਨਾਲ ਤਰੱਕੀ ਦੀ ਗੁੱਡੀ ਚੜ੍ਹਨ ਲੱਗੀ! ਮੇਰਾ ਮਕਸਦ ਸੀ ਕਿ ਤਿੰਨੇ ਕੁੜੀਆਂ ਨੂੰ ਵਧੀਆ ਪਾਲਣਾ ਹੈ ਤੇ ਚੰਗੇ ਸਕੂਲ ਵਿਚ ਪੜ੍ਹਾਉਣਾ ਹੈ! ਮੈਂ ਤੇ ਘਰਵਾਲੀ ਨੇ ਬਹੁਤ ਮੇਹਨਤ ਕੀਤੀ! ਮੇਰੀ ਘਰਵਾਲੀ ਕੁੜੀਆਂ ਨੂੰ ਸਕੂਲ ਤੋਰ ਕੇ ਖੇਤ ਆ ਜਾਂਦੀ ਤੇ ਕੁੜੀਆਂ ਦੇ ਵਾਪਸ ਆਉਣ ਤੋਂ ਪਹਿਲਾਂ ਘਰ ਪਹੁੰਚ ਜਾਂਦੀ ਸੀ! ਪਹਿਲਾਂ-ਪਹਿਲਾਂ ਲੋਕਾਂ ਨੇ ਬਹੁਤ ਟਿੱਚਰਾਂ ਕੀਤੀਆਂ ਪਰ ਪਰਮਾਤਮਾ ਨੇ ਮੇਹਰਾਂ ਭਰਿਆ ਹੱਥ ਰੱਖ ਕੇ ਸਭ ਨੂੰ ਚੁੱਪ ਕਰਵਾ ਦਿੱਤਾ! ਮੇਰੀਆਂ ਤਿੰਨੇ ਧੀਆਂ ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ! ਮੈਂ ਤਿੰਨਾਂ ਨੂੰ ਕਿਸੇ ਚੀਜ਼ ਵੱਲੋਂ ਤਰਸਣ ਨਹੀਂ ਦਿੱਤਾ ਤੇ ਕਦੇ ਵੀ ਪਰਮਾਤਮਾ ਅੱਗੇ ਪੁੱਤਰ ਦੀ ਮੰਗ ਨਹੀਂ ਕੀਤੀ। ਮੈਂ ਤਿੰਨਾਂ ਧੀਆਂ ਨੂੰ ਪੁੱਤਰ ਹੀ ਸਮਝਦਾ ਸੀ! ਮੇਰੇ ਬੇਬੇ ਬਾਪੂ ਦੂਜੇ ਭਰਾਵਾਂ ਨਾਲ ਰਹਿੰਦੇ ਸੀ ਇਸ ਕਰਕੇ ਮੇਰੀ ਘਰਵਾਲੀ ਸੱਸ ਦੇ ਪੁੱਤਰ ਵਾਲੇ ਤਾਨਿਆਂ ਤੋਂ ਬਚੀ ਰਹੀ, ਜ਼ਿਆਦਾਤਰ ਸੱਸਾਂ ਨੂੰ ਹੀ ਨੂੰਹਾਂ ਤੋਂ ਪੋਤਿਆਂ ਦੀ ਉਮੀਦ ਹੁੰਦੀ ਹੈ। ਬੰਦਾ ਤਾਂ ਰੱਬ ਦੀ ਮਰਜ਼ੀ ਕਹਿ ਕੇ ਮਨ ਸਮਝਾ ਲੈਂਦਾ ਹੈ! ਮੇਰੇ ਦਿੱਤੇ ਹੌਸਲੇ ਨਾਲ ਘਰਵਾਲੀ ਦੋ ਜਾਣੀਆਂ ਜਿੰਨਾ ਕੰਮ ਕਰਵਾਉਂਦੀ! ਵਿਹਲੇ ਸਮੇਂ ਧੀਆਂ ਵੀ ਹੱਥ ਵਟਾ ਦਿੰਦੀਆਂ ਵਕਤ ਸੋਹਣਾ ਲੰਘਦਾ ਸੀ! ਮੈਨੂੰ ਲੱਗਣ ਲੱਗਾ ਕਿ ਦੋ ਕਿੱਲੇ ਜ਼ਮੀਨ ਦੇ ਮਾਮਲੇ 'ਤੇ ਲੈ ਕੇ ਕੰਮ ਨੂੰ ਹੋਰ ਵਧਾ ਲਵਾਂ! ਰੱਬ ਜਿਵੇਂ ਕੋਲ ਬੈਠਾ ਮੇਰੇ ਦਿਲ ਦੀ ਗੱਲ ਸੁਣਦਾ ਹੋਵੇ! ਦੂਜੇ ਦਿਨ ਹੀ ਨਾਲ ਵਾਲੇ ਖੇਤ ਵਾਲਾ ਬਾਈ ਆ ਕੇ ਕਹਿੰਦਾ ਕਿ ਮੇਰਾ ਤਾਂ ਦੁਬਈ ਦਾ ਕੰਮ ਬਣ ਗਿਆ ਹੈ, ਤੂੰ ਦੋ ਸਾਲ ਵਾਸਤੇ ਮੇਰੇ ਦੋ ਕਿੱਲੇ ਜ਼ਮੀਨ ਦੇ ਮਾਮਲੇ 'ਤੇ ਰੱਖ ਲੈ! ਮੈਨੂੰ ਇੰਝ ਲੱਗਾ ਜਿਵੇਂ ਅੰਨ੍ਹੇ ਨੂੰ ਅੱਖਾਂ ਮਿਲ ਗਈਆਂ ਹੋਣ, ਬਾਈ ਤਾਂ ਦੁਬਈ ਨੂੰ ਜਹਾਜ਼ ਚੜ੍ਹ ਗਿਆ ਤੇ ਮੈਂ ਬਾਈ ਦੇ ਖੇਤ ਵੜ ਗਿਆ! ਮੈਂ ਦੋ ਭਈਏ ਪੱਕੇ ਤੌਰ 'ਤੇ ਕੰਮ ਵਾਸਤੇ ਨਾਲ ਰੱਖ ਲਏ! ਸਬਜ਼ੀ ਦੀ ਤੁੜਾਈ ਵੀ ਆਪ ਕਰਦੇ ਤੇ ਵੇਚਦੇ ਵੀ ਆਪ ਹੀ ਸੀ! ਕਈ ਸਬਜ਼ੀ ਵੇਚਣ ਵਾਲੇ ਵੀ ਖੇਤੋਂ ਆ ਕੇ ਇਕੱਠੀ ਸਬਜ਼ੀ ਲੈ ਜਾਂਦੇ ਸੀ। ਬਾਈ ਜੀ ਤੁਸੀਂ ਸੱਚ ਜਾਣਿਓਂ ਕਿ ਤੀਹ ਸਾਲ ਸਬਜ਼ੀ ਲਾਈ ਆ ਇੱਕ ਵਾਰ ਵੀ ਘਾਟਾ ਨਹੀਂ ਪਿਆ! ਪੰਜ ਸਾਲਾਂ ਬਾਅਦ ਮੈਂ ਇੱਕ ਕਿੱਲਾ ਜ਼ਮੀਨ ਦਾ ਬੈ ਖਰੀਦ ਲਿਆ! ਹੌਸਲੇ ਨਾਲ ਮਨ ਤਾਂ ਬੋਲੀਆਂ ਪਾਉਣ ਲੱਗ ਗਿਆ। ਸਾਡੀ ਤਾਂ ਰੋਜ਼ ਰੋਸ਼ਨੀ ਤੇ ਦੀਵਾਲੀ ਹੁੰਦੀ ਸੀ। ਅੱਜ ਦੀ ਨੌਜਵਾਨੀ ਤਾਂ ਹੱਥੀਂ ਡੱਕਾ ਦੂਰਾ ਨਹੀਂ ਕਰਦੀ ਪਰ ਅਸੀਂ ਤਾਂ ਕੰਮ ਨੂੰ ਮੂਹਰੇ ਲਾਈ ਰੱਖਦੇ ਸੀ! ਭਈਏ ਰੱਖਣ ਤੋਂ ਬਾਅਦ ਮੈਂ ਆਪਣੀ ਘਰਵਾਲੀ ਤੋਂ ਖੇਤ ਕੰਮ ਨਹੀਂ ਕਰਵਾਇਆ ਇੱਕ ਤਾਂ ਧੀਆਂ ਮੁਟਿਆਰ ਹੋ ਰਹੀਆਂ ਸਨ ਦੂਜਾ ਓਪਰੇ ਬੰਦੇ ਮੇਰੇ ਨਾਲ ਕੰਮ ਕਰਦੇ ਸਨ! ਅੱਜ ਵਾਂਗ ਨਹੀਂ ਕਿ ਭਈਆਂ ਨੂੰ ਚੁੱਲ੍ਹੇ ਚੌਕੇ ਤੱਕ ਲੈ ਆਉ! ਬੀਬੀਆਂ ਵੀ ਕਹੀ ਜਾਣਗੀਆਂ ਰਾਮੂ ਆਹ ਕੰਮ ਕਰ ਤੇ ਔਹ ਕੰਮ ਕਰ ਦੇ, ਬਾਈ ਮੈਂ ਤਾਂ ਕਿਸੇ ਨੂੰ ਦੋਸ਼ ਲਾਉਣ ਨਾਲੋਂ ਆਪਣੀਆਂ ਧੀਆਂ ਦਾ ਆਪ ਖਿਆਲ ਰੱਖਿਆ! ਆਪਣੀ ਇੱਜ਼ਤ ਆਪਣੇ ਹੱਥ ਹੁੰਦੀ ਹੈ! ਸਮੇਂ ਦਾ ਪਹੀਆ ਘੁੰਮਦਾ ਗਿਆ ਪਤਾ ਨਹੀਂ ਲਗਿਆ ਕਦੋਂ ਵੱਡੀ ਧੀ ਹਰਲੀਨ ਨੇ ਬਾਰ੍ਹਵੀਂ ਜਮਾਤ ਪਾਸ ਕਰ ਲਈ! ਉਨ੍ਹਾਂ ਦਿਨਾਂ ਵਿਚ ਆਈਲੈਟਸ ਦਾ ਰਿਵਾਜ ਜਿਹਾ ਨਵਾਂ ਹੀ ਚੱਲਿਆ ਸੀ! ਅਸੀਂ ਵੀ ਹਰਲੀਨ ਨੂੰ ਆਈਲੈਟਸ ਕਰਵਾ ਦਿੱਤਾ! ਸੱਤ ਬੈਂਡ ਆ ਗਏ। ਬਹੁਤਿਆਂ ਨੇ ਕਿਹਾ ਕਿ ਕੁੜੀ ਦਾ ਵਿਆਹ ਕਰਦੇ ਤੇ ਫਾਈਲ ਦੇ ਪੈਸੇ ਤੇ ਵਿਆਹ ਦਾ ਖਰਚਾ ਆਪੇ ਮੁੰਡੇ ਵਾਲੇ ਲਾਉਣਗੇ ਪਰ ਸੱਚ ਜਾਣੀਂ ਮੇਰੀ ਜ਼ਮੀਰ ਨੇ ਹਾਮੀ ਨਹੀਂ ਭਰੀ। ਵੈਸੇ ਲੋਕ ਇੰਝ ਕਰਦੇ ਸੀ ਪਰ ਕੁੜੀ ਮੁੰਡੇ ਦਾ ਅਜਿਹੇ ਵਿਆਹਾਂ ਵਿਚ ਜੋੜ ਸਿਰੇ ਨਹੀਂ ਚੜ੍ਹਦਾ ਸੀ। ਮੈਂ ਆਪਣੇ ਦਮ 'ਤੇ ਪੈਸਾ ਖਰਚ ਕਰਕੇ ਕੁੜੀ ਨੂੰ ਕੈਨੇਡਾ ਦਾ ਸਟੱਡੀ ਵੀਜ਼ਾ ਲਵਾ ਕੇ ਦਿੱਤਾ। ਸਾਡੇ ਪਿੰਡ ਦੇ ਬੰਦੇ ਕਨੇਡਾ ਸੀ ਉਹ ਜਨਾਨੀ ਬਹੁਤ ਲੜਾਕੀ ਸੀ ਘਰੇ ਚੌਵੀ ਘੰਟੇ ਕਲੇਸ਼ ਰਹਿੰਦਾ ਸੀ। ਬੇਬੇ-ਬਾਪੂ ਇਹ ਸਭ ਕੁੱਝ ਝੱਲ ਨਹੀਂ ਸਕਦੇ ਸਨ। ਬੱਸ ਬਾਈ! ਜੋ ਪਰਮਾਤਮਾ ਕਰਦਾ ਚੰਗਾ ਹੀ ਕਰਦਾ, ਪਰ ਕਈ ਵਾਰ ਮਾਪੇ ਵੀ ਔਲਾਦ ਨਾਲ ਪੱਖਪਾਤ ਕਰ ਜਾਂਦੇ ਆ। ਪਰ ਅਸੀਂ ਦੋਵਾਂ ਜੀਆਂ ਨੇ ਬੇਬੇ-ਬਾਪੂ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਆਉਣ ਦਿੱਤੀ ਤੇ ਪਰਮਾਤਮਾ ਨੇ ਸਾਨੂੰ ਕਿਸੇ ਚੀਜ਼ ਦੀ ਘਾਟ ਛੱਡੀ ਨਹੀਂ। ਸਿਆਣੇ ਤਾਹੀਂ ਤਾਂ ਕਹਿੰਦੇ ਨੇ 'ਜੇ ਮਾਂ ਪਿਓ ਦੀ ਸੇਵਾ



ਕੁੜੀ ਨੂੰ ਏਅਰਪੋਰਟ ਤੋਂ ਲੈ ਗਏ। ਪੰਦਰਾਂ ਦਿਨ ਘਰੇ ਰੱਖ ਕੇ ਯੂਨੀਵਰਸਿਟੀ ਛੱਡ ਆਏ। ਅਗਾਂਹ ਕੁੜੀ ਨੇ ਹੋਰ ਕੁੜੀਆਂ ਨਾਲ ਰਲ ਕੇ ਆਪਣੇ ਰਹਿਣ-ਸਹਿਣ ਦਾ ਹੱਲ ਕਰ ਲਿਆ। ਕਈ ਦਿਨ ਸਾਡਾ ਦਿਲ ਨਹੀਂ ਲਗਿਆ ਜਿਹੜੀ ਧੀ ਨੂੰ ਕਦੇ ਇਕੱਲਿਆਂ ਸ਼ਹਿਰ ਨਹੀਂ ਭੇਜਿਆ ਸੀ ਉਸਨੂੰ ਸੱਤ ਸਮੁੰਦਰਾਂ ਤੋਂ ਪਾਰ ਭੇਜ ਦਿੱਤਾ ਸੀ। ਪਰ ਬੱਚੇ ਦੇ ਭਵਿੱਖ ਲਈ ਬਹੁਤ ਕੁੱਝ ਸੋਚਣਾ ਪੈਂਦਾ ਹੈ। ਕੁੜੀ ਸਿਆਣੀ ਸੀ ਉਸ ਨੇ ਬਹੁਤਾ ਸਾਨੂੰ ਡੋਲਣ ਨਹੀਂ ਦਿੱਤਾ। ਪਿੰਡ ਸਾਨੂੰ ਹੌਸਲਾ ਹੋਇਆ ਅਸੀਂ ਵੀ ਦੱਬ ਕੇ ਹੋਰ ਮਿਹਨਤ ਕਰਨ ਲੱਗੇ, ਵਕਤ ਲੰਘਦਾ ਗਿਆ। ਫਿਰ ਦੂਜੀ ਕੁੜੀ ਜਸਵੀਰ ਨੇ ਵੀ ਬਾਰ੍ਹਵੀਂ ਕਰਕੇ ਆਈਲੈਟਸ ਦਾ ਪੇਪਰ ਸਾਡੇ ਸੱਤ ਬੈਂਡ ਲੈ ਕੇ ਪਾਸ ਕਰ ਲਿਆ। ਉਸ ਨੂੰ ਵੀ ਮੈਂ ਆਪ ਪੈਸੇ ਖਰਚ ਕੇ ਕਨੇਡਾ ਹਰਲੀਨ ਕੋਲ ਹੀ ਭੇਜ ਦਿੱਤਾ। ਦੋਵੇਂ ਭੈਣਾਂ ਇਕੱਠੀਆਂ ਹੋ ਗਈਆਂ। ਹਰਲੀਨ ਨੂੰ ਤਾਂ ਉੱਥੇ ਰਿਸ਼ਤੇ ਵੀ ਆਉਣ ਲੱਗ ਗਏ ਸੀ। ਪਰ ਉਹ ਕਹਿੰਦੀ ਮੈਂ ਪੀ ਆਰ ਹੋ ਕੇ ਵਿਆਹ ਕਰਵਾਉਣਾ ਚਾਹੁੰਦੀ ਹਾਂ। ਅਸੀਂ ਕਿਹਾ ਠੀਕ ਆ, ਤੇਰੀ ਮਰਜ਼ੀ ਆ, ਮੇਰਾ ਕੰਮ ਲੋਟ ਆਇਆ ਦੇਖ ਕੇ ਦੋਵੇਂ ਭਰਾ ਵੀ ਨੇੜੇ ਨੂੰ ਆਉਣ ਲੱਗ ਗਏ!

ਮਾਂ ਮੇਰੀ ਤਾਂ ਇੱਕ ਦਿਨ ਕੱਪੜਿਆਂ ਦੀ ਗਠੜੀ ਚੱਕ ਲਿਆਈ, ਕਹਿੰਦੀ ਮੈਂ ਤਾਂ ਹਰਦੀਪ ਸਿਉਂ ਨਾਲ ਹੀ ਰਹਿਣਾ ਹੈ, ਅਸੀਂ ਕਿਹਾ ਮਾਂ ਆਹ ਘਰ ਵੀ ਤੇਰਾ ਹੀ ਹੈ। ਮੇਰੀ ਘਰਵਾਲੀ ਕਹਿੰਦੀ ਬੇਬੇ ਜੀ! ਤੁਸੀਂ ਬਾਪੂ ਜੀ ਨੂੰ ਵੀ ਲੈ ਆਉ। ਮੈਂ ਆਪਣੇ ਭਰਾਵਾਂ ਦੀ ਸਲਾਹ ਨਾਲ ਬੇਬੇ ਬਾਪੂ ਆਪਣੇ ਕੋਲ ਰੱਖ ਲਏ। ਵੱਡੇ ਭਰਾ ਦਾ ਮੁੰਡਾ ਨਸ਼ੇ ਲੱਗ ਗਿਆ ਸੀ ਤੇ ਛੋਟੇ ਭਰਾ ਦੀ ਨਹੀਂ ਕਰਨੀ ਤਾਂ ਤੀਰਥਾਂ 'ਤੇ ਨਹਾਉਣ ਦਾ ਕੀ ਫ਼ਾਇਦਾ' ਬਾਹਰੋਂ ਕੁੜੀਆਂ ਨੇ ਵੀ ਬੇਬੇ ਬਾਪੂ ਦਾ ਚਾਅ ਕੀਤਾ, ਕਿਸੇ ਹੱਥ ਦੋਵਾਂ ਨੂੰ ਜੈਕਟਾਂ ਭੇਜੀਆਂ। ਕੁੜੀਆਂ ਆਪਣੇ ਚਾਚੇ-ਚਾਚੀਆਂ ਨਾਲ ਵੀ ਫੋਨ 'ਤੇ ਗੱਲਾਂ ਕਰ ਲੈਂਦੀਆਂ ਸੀ। ਕਹਿ ਦਿੰਦੇ ਨੇ ਕਿ ਪੈਸਾ ਵੱਡੀ ਚੀਜ਼ ਨਹੀਂ ਪਰ ਮੈਂ ਕਹਿੰਦਾ ਹਾਂ ਪੈਸੇ ਨਾਲ ਹੀ ਸਭ ਰਿਸ਼ਤੇ ਨਾਤੇ ਨੇ, ਯਾਰ ਬੇਲੀ, ਭੈਣ ਭਰਾ ਸਭ ਪੈਸੇ ਨਾਲ ਹੀ ਖੁਸ਼ ਰਹਿੰਦੇ ਹਨ। ਗੱਲ ਮੁਕਾ ਬਾਈ! ਅਸੀਂ ਤਿੰਨੇ ਭਰਾ ਇੱਕ-ਮਿੱਕ ਹੋ ਗਏ ਸੀ! ਪ੍ਰਮਾਤਮਾ ਨੇ ਖੁਸ਼ੀਆਂ ਨੂੰ ਚਾਰ ਚੰਨ ਹੋਰ ਲਾ ਦਿੱਤੇ, ਹਰਲੀਨ ਨੂੰ ਪੀ ਆਰ ਮਿਲ ਗਈ ਸੀ, ਉਹ ਦੋ ਮਹੀਨੇ ਲਈ ਪਿੰਡ ਆ ਗਈ। ਅਸੀਂ ਹਰਲੀਨ ਲਈ ਰਿਸ਼ਤਾ ਦੇਖਣ ਲੱਗੇ। ਕਈ ਥਾਈਂ ਦੱਸ ਪਈ, ਪਰ ਗੱਲ ਨਾ ਬਣੀ, ਹਰਲੀਨ ਵਾਪਿਸ ਮੁੜ ਗਈ। ਫਿਰ ਸਾਡੇ ਪਿੰਡ ਵਾਲਿਆਂ ਨੇ ਵਧੀਆ ਘਰ ਦਾ ਮੁੰਡਾ ਕਨੇਡਾ ਹੀ ਲੱਭ ਲਿਆ। ਹਰਲੀਨ ਨੇ ਸਾਨੂੰ ਵੀ ਵਿਆਹ 'ਤੇ ਸੱਦ ਲਿਆ, ਮੇਰਾ ਤੇ ਘਰਵਾਲੀ ਦਾ ਨਾਲ ਹੀ ਆਹ ਜਿਹੜੀ ਛੋਟੀ ਬੈਠੀ ਹੈ ਕਿਰਨ, ਇਸ ਦਾ ਵੀ ਵੀਜ਼ਾ ਲੱਗ ਗਿਆ। ਅਸੀਂ ਤਿੰਨੇ ਇੱਕ ਮਹੀਨਾ ਕਨੇਡਾ ਰਹਿ ਕੇ ਵਾਪਸ ਆ ਗਏ। ਇਸੇ ਤਰ੍ਹਾਂ ਫਿਰ ਜਸਵੀਰ ਨੂੰ ਪੀ ਆਰ ਮਿਲ ਗਈ, ਫਿਰ ਉਹ ਵੀ ਵਿਆਹ ਕਰਵਾਉਣ ਪਿੰਡ ਆ ਗਈ, ਉਸ ਦੀ ਕਿਸਮਤ ਤੇਜ਼ ਨਿਕਲੀ, ਮੋਗੇ ਕੋਲ ਚੰਗੇ ਤਕੜੇ ਘਰ ਦਾ ਮੁੰਡਾ ਮਿਲ ਗਿਆ। ਮੈਂ ਵਧੀਆ ਵਿਆਹ ਕੀਤਾ, ਕੁੜੀ ਆਪਣੇ ਘਰ ਤੁਰ ਗਈ, ਅਜੇ ਵਿਆਹ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ, ਜਦ ਨੂੰ ਭਰਾ ਦਾ ਮੁੰਡਾ ਨਸ਼ੇ ਦੀ ਓਵਰਡੋਜ਼ ਨਾ਼ਲ ਸੁਰਗਵਾਸ ਹੋ ਗਿਆ। ਸਾਡੇ ਘਰ ਤਾਂ ਜਿਵੇਂ ਦੁੱਖਾਂ ਦਾ ਪਹਾੜ ਟੁੱਟ ਗਿਆ ਹੋਵੇ। ਭਰਾ ਦਾ ਇਕਲੌਤਾ ਪੁੱਤਰ ਸਦਾ ਲਈ ਤੁਰ ਗਿਆ। ਸਾਡੀ ਭਰਜਾਈ ਦੇ ਕੀਰਨੇ ਸੁਣ ਨਹੀਂ ਸੀ ਹੁੰਦੇ। ਰੱਬ ਨਾਲ ਗਿਲਾ ਕਰਦੀ ਸੀ ਕਿ ਅਜਿਹੇ ਨਸ਼ੇੜੀ ਪੁੱਤ ਨਾਲੋਂ ਧੀ ਹੀ ਦੇ ਦਿੰਦਾ। ਮੇਰੇ ਭਰਾ ਦਾ ਬੁਰਾ ਹਾਲ ਸੀ। ਉਸ ਦੇ ਅੱਗੇ ਕੋਈ ਹੋਰ ਔਲਾਦ ਨਹੀਂ ਸੀ। ਹਿੱਕ 'ਤੇ ਪੱਥਰ ਰੱਖ ਕੇ ਸਾਰਾ ਕਿਰਿਆਕ੍ਰਮ ਕੀਤਾ। ਬੇਬੇ ਬਾਪੂ ਨੂੰ ਬੁਢਾਪੇ ਵਿਚ ਪੋਤੇ ਦੀ ਮੌਤ ਦਾ ਦੁੱਖ ਲੱਗ ਗਿਆ ਸੀ। ਮੇਰੇ ਬਾਹਰਲੇ ਦੇਸ਼ ਜਾਣ ਦੀ ਜ਼ਿੱਦ ਨੇ ਬਹੁਤ ਪੈਸਾ ਖਰਾਬ ਕਰਵਾਤਾ, ਜਿਸ ਦੀ ਬਦੌਲਤ ਮੈਨੂੰ ਆਪਣੀ ਜ਼ਮੀਨ ਤੋਂ ਵੀ ਹੱਥ ਧੋਣੇ ਪਏ। ਪਰ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਖੋਟਾ ਸਿੱਕਾ ਡਾਲਰਾਂ ਵਿਚ ਖੇਡਣ ਲੱਗ ਗਿਆ ਸੀ। ਜਸਵੀਰ ਵੀ ਵਾਪਸ ਚਲੀ ਗਈ। ਆਪਣੇ ਪਤੀ ਦੇ ਪੇਪਰ ਭਰ ਦਿੱਤੇ ਸੀ। ਮੈਂ ਆਪਣੇ ਭਰਾਵਾਂ ਨੂੰ ਵੀ ਸਬਜ਼ੀਆਂ ਵਾਲੇ ਪਾਸੇ ਲੈ ਆਇਆ। ਤਿੰਨਾਂ ਭਰਾਵਾਂ ਨੇ ਰਲ ਕੇ ਮਿਹਨਤ ਸ਼ੁਰੂ ਕਰ ਦਿੱਤੀ। ਰਿਵਾਇਤੀ ਫਸਲਾਂ ਨੂੰ ਛੱਡ ਕੇ ਭਰਾਵਾਂ ਨੇ ਸਬਜ਼ੀ ਦੀ ਕਮਾਈ ਨਾਲ ਹੱਥ ਰੰਗ ਲਏ। ਹਰਲੀਨ ਨੇ ਸਾਡੇ ਪੱਕੇ ਪੇਪਰ ਭਰ ਦਿੱਤੇ। ਮੈਂ ਆਪਣੇ ਸਬਜ਼ੀ ਵਾਲੇ ਖੇਤ ਦੋਵਾਂ ਪਰਵਾਸੀਆਂ ਨੂੰ ਵਟਾਈ 'ਤੇ ਦੇ ਦਿੱਤੇ। ਉਹ ਦੋਵੇਂ ਕਈ ਸਾਲਾਂ ਤੋਂ ਮੇਰੇ ਨਾਲ ਹੀ ਕੰਮ ਕਰਦੇ ਸੀ ਉਨ੍ਹਾਂ 'ਤੇ ਮੈਨੂੰ ਪੂਰਾ ਭਰੋਸਾ ਸੀ।

ਫਿਰ ਉਹ ਦਿਨ ਆ ਗਿਆ ਜਿਸ ਦਿਨ ਦੀ ਉਡੀਕ ਸੀ ਬੇਬੇ ਬਾਪੂ ਫਿਰ ਵੱਡੇ ਭਰਾ ਨਾਲ ਜਾ ਕੇ ਰਹਿਣ ਲੱਗ ਗਏ, ਮੈਂ ਆਪਣੇ ਭਰਾਵਾਂ ਨੂੰ ਘਰ ਸੰਭਾਲ ਕੇ ਤੁਰ ਪਿਆ, ਤੁਰਨ ਲੱਗੇ ਨੂੰ ਮਾਂ ਕਹਿੰਦੀ ਮਰੀ ਦਾ ਮੂੰਹ ਦੇਖਣ ਆ ਜਾਈਂ। ਬਾਪੂ ਨੇ ਮੋਢੇ 'ਤੇ ਹੱਥ ਰੱਖ ਦਿੱਤਾ, ਅਸੀਂ ਤਿੰਨੇ ਜਣੇ ਕਨੇਡਾ ਪਹੁੰਚ ਗਏ। ਉੱਥੇ ਵੀ ਮੈਂ ਖੇਤਾਂ ਵਿਚ ਕੰਮ ਕੀਤਾ। ਚੰਗੇ ਡਾਲਰ ਬਣਾਏ ਦੋ ਕਿੱਲੇ ਜ਼ਮੀਨ ਹੋਰ ਲੈ ਲਈ। ਹੁਣ ਐਤਕੀਂ ਪੰਜ ਸਾਲਾਂ ਬਾਅਦ ਆਏ ਆ ਕਿਰਨ ਦਾ ਵਿਆਹ ਕਰਨ, ਇਸ ਭਰਜਾਈ ਦਾ ਪੁੱਤ ਨਸ਼ਾ ਕਰਕੇ ਪੂਰਾ ਹੋ ਗਿਆ ਸੀ, ਅਸੀਂ ਇਸ ਨੂੰ ਸਾਰੇ ਕਾਰਜ ਵਿਚ ਮੂਹਰੇ ਰੱਖਿਆ ਹੈ। ਅੱਜ ਅਸੀਂ ਕਿਰਨ ਦੇ ਵਿਆਹ ਵਾਸਤੇ ਕੱਪੜੇ ਲੈਣ ਆਏ ਹਾਂ, ਮੁੰਡੇ ਵਾਲੇ ਸਾਰੇ ਕਨੇਡਾ ਹੀ ਹਨ ਹਰਲੀਨ ਨੇ ਰਿਸ਼ਤਾ ਕਰਵਾਇਆ ਹੈ। ਮੈਂ ਕਿਰਨ ਦਾ ਵਿਆਹ ਕਰਕੇ ਫ੍ਰੀ ਹੋ ਜਾਣਾ ਹੈ ਫਿਰ ਪੱਕੇ ਤੌਰ 'ਤੇ ਪਿੰਡ ਹੀ ਰਹਿਣਾ ਹੈ, ਪਹਿਲਾਂ ਵਾਂਗ ਬੇਬੇ ਬਾਪੂ ਨਾਲ ਰੱਖ ਲੈਣੇ ਹਨ ਉਨ੍ਹਾਂ ਦੀ ਸੇਵਾ ਕਰਨੀ ਹੈ। ਭਈਏ ਸਬਜ਼ੀ ਲਾਈ ਜਾਂਦੇ ਹਨ ਗੇੜਾ ਮਾਰ ਆਇਆ ਕਰਾਂਗਾ। ਜੋ ਜ਼ਿੰਦਗੀ ਵਿਚ ਚਾਹੀਦਾ ਸਭ ਕੁਝ ਪਰਮਾਤਮਾ ਨੇ ਦੇ ਦਿੱਤਾ, ਬਾਹਰਲੇ ਦੇਸ਼ ਦਾ ਚਾਅ ਸੀ ਉਹ ਧੀਆਂ ਨੇ ਪੂਰਾ ਕਰ ਦਿੱਤਾ। ਇੱਥੇ ਰਹਿ ਕੇ ਮਿਹਨਤ ਕੀਤੀ ਤਾਂ ਪੈਸਿਆਂ ਦੀ ਘਾਟ ਵੀ ਨਹੀਂ ਰਹੀ, ਬਾਕੀ ਪੁੱਤ-ਧੀ ਦਾ ਵੀ ਕੋਈ ਫਰਕ ਨਹੀਂ ਤੁਹਾਡੀ ਸੋਚ 'ਤੇ ਨਿਰਭਰ ਕਰਦਾ ਹੈ। ਮੈਨੂੰ ਕਦੇ ਮਹਿਸੂਸ ਨਹੀਂ ਹੋਇਆ ਕਿ ਮੇਰੇ ਪੁੱਤਰ ਨਹੀਂ ਹੈ। ਸਗੋਂ ਲੋਕ ਕਹਿੰਦੇ ਨੇ ਕਿ ਧੀਆਂ ਪੁੱਤਰਾਂ ਨਾਲੋਂ ਮਾਪਿਆਂ ਨੂੰ ਵੱਧ ਪਿਆਰ ਕਰਦੀਆਂ ਹਨ ਸੱਚੀਂ! ਬਾਈ ਹਰਦੀਪ ਦੀਆਂ ਗੱਲਾਂ ਨੇ ਮੈਨੂੰ ਵੀ ਹੈਰਾਨ ਕਰ ਦਿੱਤਾ, ਮੈਂ ਬਾਹਰਲੇ ਦੇਸ਼ ਆ ਕੇ ਕਿੰਨਾ ਸੰਘਰਸ਼ ਕੀਤਾ। ਸਤਾਰਾਂ ਸਾਲ ਪਰਿਵਾਰ ਤੋਂ ਦੂਰ ਰਿਹਾ ਤੇ ਬਾਈ ਪਿੰਡ ਰਹਿ ਕੇ ਵੀ ਕਿੰਨਾ ਖੁਸ਼ ਹੈ। ਚਲੋ, ਹਰੇਕ ਦੀ ਆਪਣੀ ਕਿਸਮਤ ਹੈ, ਬਾਈ ਕਿਰਨ ਦੇ ਵਿਆਹ ਦਾ ਸੱਦਾ ਪੱਤਰ ਦੇ ਕੇ ਫਤਹਿ ਬਲਾ ਗਿਆ। ਰੱਬ ਰਾਖਾ!

---

*(ਪਿਛਲੇ ਸਫੇ ਦਾ ਬਾਕੀ)*

ਦਾ ਨਾਇਕ ਕੋਈ ਮਰਦ ਜਾਂ ਔਰਤ ਪਾਤਰ ਨਹੀਂ ਬਲਕਿ ਸਮਾਂ ਹੈ। ਇਹ ਸਮਾਂ ਹੀ ਹੈ ਜਿਸਨੇ ਵੱਡੀਆਂ ਕਾਬਜ਼ ਧਿਰਾਂ ਨੂੰ ਗੋਡਿਆਂ ਪਰਨੇ ਕਰ ਦਿੱਤਾ ਹੈ। ਇਹ ਸਮਾਂ ਹੀ ਹੈ ਜਿਸਨੇ ਕਿਰਤੀ ਸ਼੍ਰੇਣੀਆਂ ਨੂੰ ਅਗਰਭੂਮੀ ਵਿਚ ਲਿਆਂਦਾ ਹੈ। ਬਿਨਾਂ ਕੋਈ ਆਦਰਸ਼ ਸਿਰਜਿਆਂ ਜਾਂ ਵਿਚਾਰਧਾਰਾ ਦਾ ਪ੍ਰਚਾਰ ਕਰਦਿਆਂ ਮਹਿਜ ਢਾਈ ਸੌ ਪੰਨਿਆਂ ਵਿਚ ਹੀ ਕਿਰਪਾਲ ਕਜ਼ਾਕ ਜੀ ਨੇ ਬੀਤੇ ਅੱਠ ਦਹਾਕਿਆਂ ਦੌਰਾਨ ਪੰਜਾਬ ਦੀ ਸਮਾਜਿਕ ਆਰਥਿਕ ਤੇ ਸੱਭਿਆਚਾਰਕ ਸਥਿਤੀ 'ਚ ਆਈ ਤਬਦੀਲੀ ਨੂੰ ਆਪਣੀਆਂ ਵਿਲੱਖਣ ਤੇ ਰੌਚਿਕ ਬਿਰਤਾਂਤਕ ਜੁਗਤਾਂ ਰਾਹੀਂ ਚਿਤਰਿਆ ਹੈ। ਅਜਿਹਾ ਕਾਰਜ ਕੇਵਲ ਤੇ ਕੇਵਲ ਕਿਰਪਾਲ ਕਜ਼ਾਕ ਵਰਗਾ ਚੇਤੰਨ ਬੁੱਧ ਲੇਖਕ ਹੀ ਕਰ ਸਕਦਾ ਸੀ। ਪੰਜਾਬ ਦੀ ਅਜੋਕੀ ਚਿੰਤਾਮਈ ਤਸਵੀਰ ਪਾਠਕਾਂ ਅੱਗੇ ਰੱਖਦਿਆਂ ਉਸਨੇ ਉਨ੍ਹਾਂ ਅੰਦਰ ਭਾਵੁਕਤਾ ਨਹੀਂ ਵੱਡੇ ਸਵਾਲ ਪੈਦਾ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ। ਨਾਵਲ ਦੇ ਅੰਤ ਤੱਕ ਪੁੱਜਦਿਆਂ ਪਾਠਕ ਪੰਜਾਬ ਦੀ ਉਲਝੀ ਤੰਦ ਤਾਣੀ, ਵਿਗੜਦੇ ਸੱਭਿਆਚਾਰਕ ਮੁਹਾਂਦਰੇ ਅਤੇ ਗਰਕ ਰਹੀ ਸਮਾਜਿਕ-ਆਰਥਿਕ ਸਥਿਤੀ ਨੂੰ ਸੁਧਾਰਨ ਲਈ ਤੀਬਰਤਾ ਨਾਲ ਸੋਚਣ ਲੱਗਦਾ ਹੈ।

# ਫਿਲਮ 'ਬੇਗੋ' ਬਿਲਕੁਲ ਹੀ ਨਿਵੇਕਲਾ ਵਿਸ਼ਾ ਹੈ: ਸ਼ਿਵਚਰਨ ਜੱਗੀ ਕੁੱਸਾ

## *ਲਵਲੀ ਸ਼ਰਮਾ ਦੀ ਨਿਰਦੇਸ਼ਨਾ ਹੇਠ ਜਲਦੀ ਪਹੁੰਚੇਗੀ ਸਿਨੇਮਾਘਰਾਂ ਵਿਚ ਫਿਲਮ 'ਬੇਗੋ'*

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ):** ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਆਪਣੇ ਨਾਵਲਾਂ, ਕਹਾਣੀਆਂ ਕਰਕੇ ਤਾਂ 'ਧੁੱਕੀ-ਕੱਢ' ਲੇਖਕ ਵਜੋਂ ਪ੍ਰਸਿੱਧ ਹਨ ਹੀ, ਹੁਣ ਉਹ ਫਿਲਮ ਲੇਖਕ ਵਜੋਂ ਵੀ ਤਰਥੱਲੀ ਮਚਾਉਣ ਆ ਰਹੇ ਹਨ। ਬਹੁਤ ਸਾਰੀਆਂ ਪੰਜਾਬੀ ਫਿਲਮਾਂ ਲਈ ਸੰਵਾਦ ਲੇਖਕ ਦੇ ਤੌਰ 'ਤੇ ਚਰਚਿਤ ਰਹੇ ਜੱਗੀ ਕੁੱਸਾ ਫਿਲਮ 'ਬੇਗੋ' ਰਾਹੀਂ ਦਮਦਾਰ ਹਾਜ਼ਰੀ ਲਗਵਾਉਣ ਆ ਰਹੇ ਹਨ। ਫਿਲਮ 'ਬੇਗੋ' ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਸ਼ਿਵਚਰਨ ਜੱਗੀ ਕੁੱਸਾ ਦੇ ਲਿਖੇ ਹੋਏ ਹਨ। ਇਸ ਫਿਲਮ ਨੂੰ ਨਿਰਦੇਸ਼ਿਤ ਕੀਤਾ ਹੈ ਲਵਲੀ ਸ਼ਰਮਾ ਨੇ।

ਲਵਲੀ ਸ਼ਰਮਾ ਦੀ ਨਿਰਦੇਸ਼ਨਾ ਤੇ ਯੁਗ ਫਿਲਮ ਸਟੂਡੀਓ ਦੀ ਇਸ ਫਿਲਮ ਵਿਚ ਬਤੌਰ ਮੁੱਖ ਅਦਾਕਾਰ ਕੁਲ ਸਿੱਧੂ, ਗਿਰਜਾ ਸ਼ੰਕਰ, ਨਗਿੰਦਰ ਗਾਖੜ, ਰੂਪ ਸੰਧੂ, ਕੁਲਵੰਤ ਖੁਰਮੀ,







ਪਾਲੀ ਸੰਧੂ, ਹਰਸ਼ ਗਿੱਲ ਤੇ ਗੁਰਪ੍ਰੀਤ ਤੋਤੀ ਸਮੇਤ ਹੋਰ ਵੀ ਨਾਮੀ ਕਲਾਕਾਰ ਆਪਣੀ ਕਲਾ ਦੇ ਦੀਦਾਰੇ ਕਰਵਾਉਣਗੇ। ਫਿਲਮ ਦੇ ਪ੍ਰੋਡਿਊਸਰ ਮਨਿੰਦਰਪਾਲ ਸਿੰਘ, ਸ਼ੇਰਾ ਧੂੜਕੋਟੀਆ ਤੇ ਦਿਲਵੀਰ ਸਿੰਘ ਹਨ। ਕਾਬਲ ਗਿੱਲ ਨੂੰ ਪ੍ਰਾਜੈਕਟ ਹੈੱਡ ਦੀ ਸੇਵਾ ਸੌਂਪੀ ਗਈ ਹੈ। ਆਰਟ ਡਾਇਰੈਕਟਰ ਦੀਆਂ ਸੇਵਾਵਾਂ ਪਰਮਿੰਦਰ ਸਿੰਘ ਆਜ਼ਾਦ ਨਿਭਾਉਣਗੇ।

ਡਾਇਰੈਕਟਰ ਲਵਲੀ ਸ਼ਰਮਾ ਨੇ ਦੱਸਿਆ ਕਿ ਫਿਲਮ ਦੇ ਸੰਗੀਤ ਦੀ ਜ਼ਿੰਮੇਵਾਰੀ ਵਿਸ਼ਵ ਪ੍ਰਸਿੱਧ ਸੰਗੀਤਕਾਰ ਗੁਰਮੀਤ ਸਿੰਘ ਨੇ ਸਾਂਭੀ ਹੈ ਤੇ ਇਸ ਫਿਲਮ ਵਿਚ ਨਛੱਤਰ ਗਿੱਲ, ਨੂਰਾਂ ਸਿਸਟਰਜ਼, ਕਮਲ ਖਾਨ ਸਮੇਤ ਹੋਰ ਵੀ ਬੇਹੱਦ ਸੁਰੀਲੀਆਂ ਆਵਾਜ਼ਾਂ ਸੁਣਨ ਨੂੰ ਮਿਲਣਗੀਆਂ।

ਸ਼ਿਵਚਰਨ ਜੱਗੀ ਕੁੱਸਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਫਿਲਮ 'ਬੇਗੋ' ਬਿਲਕੁਲ ਨਿਵੇਕਲੀ ਤੇ ਸੇਧਦਾਇਕ ਕਹਾਣੀ ਹੈ, ਜਿਸਨੂੰ ਪਰਿਵਾਰ ਸਮੇਤ ਦੇਖ ਕੇ ਮਾਣ ਮਹਿਸੂਸ ਕਰੋਗੇ। ਉਨ੍ਹਾਂ ਕਿਹਾ ਕਿ ਫਿਲਮ ਦੇ ਕਾਰਜ ਬਹੁਤ ਹੀ ਤਨਦੇਹੀ ਨਾਲ ਹੋ ਰਹੇ ਹਨ ਤੇ ਜਲਦ ਹੀ ਇਹ ਫਿਲਮ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ।

# ਟਰੰਪ ਵਾਂਗ 'ਸਾਡਾ ਰਾਜਾ' ਵੀ ਵਿਦੇਸ਼ੀਆਂ ਉੱਤੇ ਲਾਉਂਦਾ ਸੀ ਸਖਤ ਸ਼ਰਤਾਂ!

>ਅਮਰੀਕਨ ਰਾਸ਼ਟਰਪਤੀ ਟਰੰਪ ਸਾਹਬ ਦੂਜੀ ਵਾਰ ਰਾਜ ਭਾਗ ਸੰਭਾਲ਼ਦਿਆਂ ਹੀ ਇਕ ਤਰ੍ਹਾਂ ਨਾਲ 'ਪ੍ਰਵਾਸੀ ਮੁਕਤ ਅਮਰੀਕਾ' ਬਣਾਉਣ ਵੱਲ ਵਧ ਰਹੇ ਜਾਪਦੇ ਹਨ। ਅਮਰੀਕਨ ਇੰਮੀਗ੍ਰੇਸ਼ਨ ਦੇ 'ਸਫਾਈ ਮਿਸ਼ਨ' ਦੀ ਮਾਰ ਤਾਂ ਭਾਵੇਂ ਇੱਥੇ ਰਹਿੰਦੇ ਹੋਰ ਦੇਸਾਂ ਦੇ ਲੋਕ ਵੀ ਸਹਿ ਰਹੇ ਹਨ ਪਰ ਅਸੀਂ ਪੰਜਾਬੀ ਲੋਕ ਕੁੱਝ ਜ਼ਿਆਦਾ ਹੀ ਤਕਲੀਫ ਮਨਾ ਰਹੇ ਹਾਂ! ਪੰਜਾਬੀਆਂ ਵਿਚ ਵੀ ਖਾਸ ਕਰਕੇ 'ਸਿੰਘ' ਅਤੇ 'ਕੌਰ' ਉੱਪ-ਨਾਮ ਵਾਲੇ ਭੈਣ-ਭਾਈ, ਟਰੰਪ ਉੱਤੇ ਕੁੱਝ ਜ਼ਿਆਦਾ ਹੀ ਹਿਰਖੇ ਹੋਏ ਹਨ ਕਿ ਉਹ ਸਾਡੇ ਉੱਤੇ ਬਹੁਤ ਸਖਤ ਸ਼ਰਤਾਂ ਲਾ ਰਿਹਾ ਹੈ। ਅਮਰੀਕਨ ਪ੍ਰਸ਼ਾਸਨ ਵਲੋਂ ਲਾਈਆਂ ਜਾ



ਚੋਣਕਾਰ:
ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-905-5517

ਰਹੀਆਂ ਇਨ੍ਹਾਂ ਸ਼ਰਤਾਂ ਵਿਚੋਂ ਸਭ ਤੋਂ ਔਖੀ ਸ਼ਾਇਦ ਅੰਗਰੇਜ਼ੀ ਭਾਸ਼ਾ ਲਾਜ਼ਮੀ ਸਿੱਖਣ ਦੀ ਹੀ ਲਗਦੀ ਹੈ। ਇਸ ਸ਼ਰਤ ਤੋਂ 'ਔਖੇ-ਭਾਰੇ' ਹੋਏ ਪਏ, ਇੱਥੇ 'ਤੀਰ ਤੁੱਕੇ' ਲਾ ਕੇ ਡਾਲਰ ਕਮਾਉਂਦੇ ਕਈ ਪੰਜਾਬੀ ਸੱਜਣ ਨਹੀਂ ਜਾਣਦੇ ਕਿ ਪ੍ਰਸ਼ਾਸਨ ਵਲੋਂ ਵਿਦੇਸ਼ੀਆਂ 'ਤੇ ਸਥਾਨਕ ਬੋਲੀ ਸਿੱਖਣ ਵਾਲੀ ਲਾਜ਼ਮੀ ਸ਼ਰਤ ਲਾਉਣੀ ਕੋਈ ਜੱਗੋ ਤੇਰ੍ਹਵੀਂ ਗੱਲ ਨਹੀਂ ਹੈ!

> ਆਪਣੇ ਇਤਿਹਾਸ ਤੋਂ ਨਾਵਾਕਿਫ ਪੰਜਾਬੀ ਨਹੀਂ ਜਾਣਦੇ ਕਿ ਕਦੇ ਸਾਡੇ ਮਹਾਰਾਜੇ ਨੇ ਵੀ ਪੰਜਾਬ 'ਚ ਰੁਜ਼ਗਾਰ ਖਾਤਰ ਆਏ ਵਿਦੇਸ਼ੀਆਂ ਉੱਤੇ ਸਖਤ ਸ਼ਰਤਾਂ ਲਾਈਆਂ ਸਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਟਲੀ, ਫਰਾਂਸ, ਜਰਮਨ ਵਰਗੇ ਦੇਸ਼ਾਂ ਤੋਂ ਪੰਜਾਬ ਪਹੁੰਚ ਕੇ ਰੋਜ਼ਗਾਰ ਮੰਗਣ ਵਾਲ਼ੇ ਵਿਦੇਸ਼ੀਆਂ 'ਤੇ ਪਹਿਲਾਂ ਪੰਜਾਬੀ ਸਿੱਖਣ ਦੀ ਜਰੂਰੀ ਸ਼ਰਤ ਲਾਈ ਸੀ!

> ਨੈਪੋਲੀਅਨ ਬੋਨਾਪਾਰਟ ਦੀ ਫੌਜ ਵਿਚ ਲੈਫਟੀਨੈਂਟ ਰਹੇ ਇਟਾਲੀਅਨ ਜਨਰਲ ਵੈਨਤੂਰਾ ਨੇ ਮਹਾਰਾਜੇ ਦੀ ਖਾਲਸਾ ਫੌਜ ਵਿਚ ਨੌਕਰੀ ਕਰਨ ਵੇਲੇ ਪੰਜਾਬੀ ਸਿੱਖ ਲਈ ਸੀ।

> ਇਹ ਗੱਲ ਵੱਖਰੀ ਹੈ ਕਿ ਹੁਣ ਅਸੀਂ ਅਰਸ਼ੋਂ ਫਰਸ਼ 'ਤੇ ਡਿਗੇ ਹੋਏ ਪੰਜਾਬ ਦੇ ਵਾਸੀ 'ਆਪਣਾ ਦੇਸ' ਤਿਆਗ ਕੇ ਵੱਖ ਵੱਖ ਮੁਲਕਾਂ 'ਚ ਰੁਜ਼ਗਾਰ ਖਾਤਰ ਦਰ-ਦਰ ਫਿਰ ਰਹੇ ਹਾਂ-

> 'ਜਿਨ ਜ਼ਮੀਨੋਂ ਕੇ ਕਬਾਲੇ (ਪਟੇ) ਥੇ ਮਿਰੇ ਪੁਰਖੋਂ ਕੇ ਨਾਮ

> ਉਨ ਜ਼ਮੀਨੋਂ ਪਰ ਮੇਰੇ ਜੀਨੇ ਕੇ ਲਾਲੇ ਪੜ ਗਏ।' (ਰਾਹਤ ਇੰਦੌਰੀ)

> ਪਰ ਕਦੇ ਉਹ ਵੀ ਦਿਨ ਸਨ ਜਦ ਇਟਲੀ, ਫਰਾਂਸ, ਜਰਮਨ ਤੋਂ ਇਲਾਵਾ ਫਿਰੰਗੀ, ਸਕਾਚ,



ਹੰਗੇਰੀਅਨ, ਆਇਰਸ਼, ਰੂਸੀ, ਗ੍ਰੀਕ, ਸਪੈਨਿਸ਼, ਪੁਰਤਗਾਲੀ, ਪ੍ਰੋਸ਼ੀਅਨ, ਆਸਟਰੀਅਨ ਅਤੇ ਅਮਰੀਕਨ ਲੋਕ ਵੀ ਸਾਡੇ ਪੰਜਾਬ ਵਿਚ ਨੌਕਰੀ ਕਰਨ ਆਉਂਦੇ ਸਨ! ਇਨ੍ਹਾਂ ਵਿਚੋਂ ਬਹੁਤੇ ਵਿਦੇਸ਼ੀ ਪੰਜਾਬ ਦੀ ਸੋਭਾ ਸੁਣ ਕੇ ਇਰਾਨ ਇਰਾਕ ਅਤੇ ਕਾਬਲ ਕੰਧਾਰ ਦੇ ਖੁਸ਼ਕ ਰਸਤੇ ਗਾਹੁੰਦੇ ਹੋਏ ਪੰਜਾਬ ਆਉਂਦੇ ਸਨ ਅਤੇ ਕਈ ਸਮੁੰਦਰੀ ਸਫਰ ਕਰਕੇ ਕਲਕੱਤਾ ਬੰਬਈ ਦਿੱਲੀ ਤੋਂ ਹੁੰਦੇ ਹੋਏ ਪੰਜ ਦਰਿਆਵਾਂ ਦੀ ਧਰਤੀ 'ਤੇ ਪਹੁੰਚਦੇ ਸਨ। ਦਿੱਲੀ ਵਲੋਂ ਪੰਜਾਬ ਆਉਣ ਵਾਲ਼ਿਆਂ ਨੂੰ ਭਾਰਤ ਦੀ ਤਤਕਾਲੀ ਅੰਗਰੇਜ਼ ਹਕੂਮਤ ਪਾਸੋਂ 'ਰਾਹਦਾਰੀ' ਲੈਣੀ ਪੈਂਦੀ ਸੀ! ਅਜਿਹੀ ਰਾਹਦਾਰੀ ਦਾ ਇਕ ਵਚਿੱਤਰ ਵਾਕਿਆ-ਡੀਲਾਫੌਂਟ ਨਾਂ ਦੇ ਇਕ ਫਰਾਂਸੀਸੀ ਸੱਜਣ ਨੇ ਸਮੁੰਦਰੀ ਰਸਤੇ ਭਾਰਤ ਪਹੁੰਚ ਕੇ ਅੰਗਰੇਜ਼ ਹਕੂਮਤ ਤੋਂ ਪੰਜਾਬ ਜਾਣ ਲਈ ਰਾਹਦਾਰੀ ਮੰਗੀ। ਅੰਗਰੇਜ਼ ਅਧਿਕਾਰੀਆਂ ਨੇ ਉਸਦੀ ਅਰਜੀ ਇਹ ਕਹਿ ਕੇ ਵਾਪਸ ਮੋੜ ਦਿੱਤੀ ਕਿ ਇਸ ਵਿਚ ਪੂਰੀ ਜਾਣਕਾਰੀ ਨਹੀਂ ਦਿੱਤੀ ਹੋਈ ਕਿ ਡੀਲਾਫੌਂਟ ਕਿਸ ਮਕਸਦ ਲਈ ਪੰਜਾਬ ਜਾ ਰਿਹਾ ਹੈ? ਦੂਜੀ ਵਾਰ ਅਰਜੀ ਦੇਣ ਦੀ ਬਜਾਏ ਇਹ ਸੱਜਣ ਕਹਿਣ ਲੱਗਾ ਕਿ ਮੈਂ ਖੁਦਮੁਖਤਿਆਰ ਖਾਲਸਾ ਰਾਜ ਵਿਚ ਜਾ ਰਿਹਾ ਹਾਂ, ਜੋ ਕਿਸੇ ਹੋਰ ਸਟੇਟ ਦੇ ਅਧੀਨ ਨਹੀਂ ਹੈ। ਸੋ ਮੈਨੂੰ ਕਿਸੇ ਦੀ ਮੰਨਜੂਰੀ ਦੀ ਲੋੜ ਨਹੀਂ! ਉਹ ਚੁਪ-ਚੁਪੀਤਾ ਹੀ ਪੰਜਾਬ ਆ ਗਿਆ! ਪਤਾ ਲੱਗਣ 'ਤੇ ਲੁਧਿਆਣੇ ਬੈਠੇ ਅੰਗਰੇਜ਼ ਅਧਿਕਾਰੀ ਨੇ ਮਹਾਰਾਜੇ ਨੂੰ ਇਹਦੇ ਖਿਲਾਫ ਖ਼ਤ ਲਿਖਿਆ ਕਿ ਭਾਰਤ 'ਚੋਂ ਗੈਰ-ਕਾਨੂੰਨੀ ਤਰੀਕੇ ਪੰਜਾਬ ਗਏ ਡੀਲਾਫੌਂਟ ਨੂੰ ਨੌਕਰੀ 'ਤੇ ਨਾ ਰਖਿਆ ਜਾਵੇ, ਪਰ ਮਹਾਰਾਜੇ ਨੇ ਅੰਗਰੇਜ਼ਾਂ ਦੀ ਚਿੱਠੀ ਅਣਗੌਲ਼ਿਆ ਕਰ ਦਿੱਤੀ!

> ਫਰਾਂਸੀਸੀ ਡੀਲਾਫੌਂਟ ਅਤੇ ਹੋਰ ਵਿਦੇਸ਼ੀ ਕਾਮਿਆਂ ਉੱਤੇ ਸ਼ੇਰੇ ਪੰਜਾਬ ਜੋ ਸਖਤ ਸ਼ਰਤਾਂ ਲਾਉਂਦਾ ਹੁੰਦਾ ਸੀ, ਉਨ੍ਹਾਂ ਵਿਚੋਂ ਕੁੱਝ ਖਾਸ-

> 1.ਖਾਲਸਾ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨੌਕਰੀ ਨਹੀਂ ਛੱਡ ਸਕੋਗੇ।

> 2.ਦਾਹੜਾ ਸੁੱਚਾ (ਬਿਨਾਂ ਕਟਿੰਗ)ਰੱਖਣਾ ਹੋਵੇਗਾ।

> 3.ਗਊ-ਮਾਸ ਵਰਤਣ ਦੀ ਮਨਾਹੀ ਹੋਵੇਗੀ।

> 4.ਤਮਾਕੂ ਦੀ ਵਰਤੋਂ ਦਾ ਤਿਆਗ

> 5.ਪੰਜਾਬੀ ਲਾਜ਼ਮੀ ਸਿੱਖਣੀ ਹੋਵੇਗੀ।

> ਜਨਰਲ ਵੈਨਤੂਰਾ ਅਤੇ ਉਹਦੇ ਨਾਲ ਆਏ ਐਲਾਰਡ ਨੇ ਇਨ੍ਹਾਂ ਲਿਖਤੀ ਸ਼ਰਤਾਂ ਦੀ ਪ੍ਰਵਾਨਗੀ ਵਜੋਂ ਦਸਤਖਤ ਕਰ ਦਿੱਤੇ। ਮਿਸਟਰ ਐਲਾਰਡ ਚੇਨ-ਸਮੋਕਰ ਸੀ, ਇਸ ਲਈ ਉਸਨੇ 'ਤਮਾਕੂ ਤਿਆਗ' ਤੋਂ ਕੁਝ ਸਮੇਂ ਲਈ ਛੋਟ ਮੰਗੀ ਪਰ ਮਹਾਰਾਜੇ ਨੇ ਛੋਟ ਦੇਣੋ ਇਨਕਾਰ ਕਰ ਦਿੱਤਾ ਸੀ!

> 'ਅਪਨੇ ਪੁਰਖੋਂ ਕੀ ਵਿਰਾਸਤ ਕੋ ਸੰਭਾਲੋ ਵਰਨਾ

> ਅਬ ਕੇ ਬਾਰਿਸ਼ ਮੇਂ ਯੇ ਦੀਵਾਰ ਭੀ ਢਹ ਜਾਏ ਗੀ।'-(ਮੰਜ਼ਰ ਭੋਪਾਲੀ)

***> (ਸ੍ਰੋਤ- 'ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ' ਲੇਖਕ-ਬਾਬਾ ਪ੍ਰੇਮ ਸਿੰਘ ਹੋਤੀ ਛਾਪਕ-ਲਾਹੌਰ ਬੁੱਕ ਸ਼ਾਪ ਲੁਧਿਆਣਾ)***

# ਇੱਕ ਦਰਦ: ਸੁੱਤਾ ਪੰਜਾਬ

ਜਿਵੇਂ ਜਿਵੇਂ ਪੁਰਾਣੇ ਬਜ਼ੁਰਗ ਚਲਾਣੇ ਕਰ ਰਹੇ ਹਨ ਨਵੇਂ ਬੱਚੇ ਜ਼ਮੀਨ ਨਾਲੋਂ ਟੁੱਟ ਰਹੇ ਹਨ ਅਤੇ ਸਰਕਾਰਾਂ ਪਬਲਿਕ ਨੂੰ ਦੋਵੇਂ ਹੱਥੀਂ ਲੁੱਟ ਰਹੀਆਂ ਹਨ, ਮਿਸਾਲ ਵਜੋਂ ਪਿੰਡਾਂ ਵਿਚ ਪੰਚਾਇਤੀ ਜ਼ਮੀਨ ਨੂੰ ਧੱਕੇ ਨਾਲ ਸਰਕਾਰੀ ਜ਼ਮੀਨ ਗਰਦਾਨਿਆ ਜਾ ਰਿਹਾ ਹੈ ਜਦ ਕਿ ਇਹ ਜ਼ਮੀਨਾਂ



ਹਰਦੀਪ ਸਿੰਘ ਸੋਢੀ
ਫੋਨ: 480-794-0325

1947 ਦੀ ਵੰਡ ਵੇਲੇ ਮਾਲਕਾਂ ਦੀ ਜ਼ਮੀਨ 'ਤੇ ਕੱਟ ਲਾ ਕੇ ਪਿੰਡ ਦੇ ਸਾਂਝੇ ਕੰਮਾਂ ਵਾਸਤੇ ਰਿਜ਼ਰਵ ਕੀਤੀ ਸੀ, ਹੁਣ ਦੀ ਪੀੜ੍ਹੀ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਹੈ ਅਤੇ ਸਰਕਾਰਾਂ ਇਸ ਨੂੰ ਸਰਕਾਰੀ ਕਹਿਣ ਤੋਂ ਸ਼ਰਮ ਨਹੀਂ ਕਰਦੀਆਂ। ਜਾਗੋ ਕਿਸਾਨੋ ਜਾਗੋ, ਸਗੋਂ ਕੁਝ ਪਿੰਡਾਂ ਦੇ ਤਾਂ ਸਰਪੰਚ ਹੀ ਇਨ੍ਹਾਂ ਜ਼ਮੀਨਾਂ ਨੂੰ ਬੇਘਰਿਆਂ ਨੂੰ ਪਲਾਟ ਕੱਟ-ਕੱਟ ਕੇ ਵੇਚ ਰਹੇ ਹਨ ਅਤੇ ਉਨ੍ਹਾਂ ਕੋਲੋਂ ਵੋਟਾਂ ਜਾਂ ਅੰਦਰਖਾਤੇ ਪੈਸੇ ਲੈ ਰਹੇ ਹਨ। ਬੇਘਰਿਆਂ ਨੂੰ ਇੱਕ ਵਾਰ ਪਲਾਟ ਦਿੱਤਾ ਤਾਂ ਉਸ ਦੀ ਅਗਲੀ ਪੀੜ੍ਹੀ ਫਿਰ ਬੇਘਰੀ ਹੁੰਦੀ ਹੈ ਹੁਣ ਤਾਂ ਕਈ ਪਿੰਡਾਂ ਵਿਚ ਚੌਥੀ ਪੀੜ੍ਹੀ ਸ਼ੁਰੂ ਹੋ ਗਈ ਉਨ੍ਹਾਂ ਨੂੰ ਵੀ ਪੰਜ ਪੰਜ ਮਰਲੇ ਦਿੱਤੇ ਜਾ ਰਹੇ ਹਨ ਅਤੇ ਆਉਂਦੇ ਪੰਜਾਹ ਕੁ ਸਾਲਾਂ ਤੱਕ ਜ਼ਿਮੀਂਦਾਰਾਂ ਦੀ ਮੌਜੂਦਾ ਮਾਲਕੀ 'ਤੇ ਵੀ ਸਰਕਾਰਾਂ ਕੁਹਾੜਾ ਚਲਾਉਣ ਤੋਂ ਗੁਰੇਜ਼ ਨਹੀਂ ਕਰਨਗੀਆਂ ਕਿਉਂਕਿ ਪੂਰਬੀ ਪ੍ਰਾਂਤਾਂ ਵਿੱਚੋਂ ਆਉਣ ਵਾਲੇ ਉਹ ਉਥੇ ਬੇਸ਼ੱਕ ਜ਼ਿਮੀਂਦਾਰ ਹੀ ਹੋਣ ਪਰ ਪੰਜਾਬ ਵਿਚ ਆ ਕੇ ਬੇਘਰੇ ਹੁੰਦੇ ਹਨ। ਇਸ ਦੀ ਮਿਸਾਲ ਚੰਡੀਗੜ੍ਹ ਦਾ ਆਲਾ-ਦੁਆਲਾ ਹੈ। ਪਹਿਲਾਂ ਟੋਏ ਫਿਰ ਟੋਇਆਂ ਵਿਚ ਕੂੜਾ ਫਿਰ ਕੂੜੇ ਉੱਪਰ ਪੁਰਾਣੀਆਂ ਕੋਠੀਆਂ (ਤੋੜੀਆਂ ਗਈਆਂ) ਦਾ ਮਲਬਾ ਫਿਰ ਮਿੱਟੀ ਅਤੇ ਉਸ ਤੋਂ ਬਾਅਦ ਝੁੱਗੀਆਂ, ਝੁੱਗੀਆਂ ਵਿਚ ਕੁੰਡੀ ਕਨੈਕਸ਼ਨ ਅਤੇ ਬਾਅਦ ਵਿਚ ਰੈਗੂਲਰ ਕਨੈਕਸ਼ਨਾਂ ਨਾਲ ਚਲਦੇ ਟੀਵੀ ਫਰਿੱਜ ਕਿਤੇ ਕਿਤੇ (ਏ.ਸੀ.) ਵੀ ਹੁਣ ਤਾਂ ਖਬਰਾਂ ਆ ਰਹੀਆਂ ਹਨ ਕਿ ਇਨ੍ਹਾਂ ਝੁੱਗੀਆਂ ਦੇ ਬਾਹਰ ਪੁਰਾਣੀਆਂ ਪਰ ਚਾਲੂ ਹਾਲਤ ਵਿਚ ਕਾਰਾਂ-ਜੀਪਾਂ ਅਤੇ ਛੋਟੇ ਹਾਥੀ ਆਦਿ ਵੀ ਖੜ੍ਹੇ ਦਿਸ ਰਹੇ ਹਨ। ਸਕੂਟਰ ਮੋਟਰਸਾਈਕਲ ਤਾਂ ਤੀਹ ਵਰ੍ਹੇ ਪਹਿਲਾਂ ਹੀ ਲੈ ਲਏ ਸਨ ਇਨ੍ਹਾਂ ਬੇਘਰਿਆਂ ਨੇ। ਪੰਜਾਬੀਆਂ ਦੀ ਅਣਗਹਿਲੀ ਅਤੇ ਅਣਦੇਖੀ ਕਾਰਨ ਪੰਜਾਬ ਦਾ ਵਾਤਾਵਰਨ, ਹਵਾ-ਪਾਣੀ ਪਲੀਤ ਹੋ ਗਿਆ ਹੈ। ਡੇਂਗੂ, ਕਾਲਾ ਪੀਲੀਆ ਆਦਿ ਵਰਗੀਆਂ ਬਿਮਾਰੀਆਂ ਨੇ ਦੁਨੀਆ ਦੁਖੀ ਕੀਤੀ ਹੋਈ ਹੈ। 1966 ਵੇਲੇ ਅਣਵੰਡੇ ਪੰਜਾਬ ਦੀ ਜਿੰਨੀ ਜਨਸੰਖਿਆ ਸੀ ਉਸ ਤੋਂ ਵੱਧ ਹੁਣ ਚਿੜੀ ਦੇ ਪਹੁੰਚੇ ਜਿੰਨੇ ਪੰਜਾਬ ਦੀ ਹੈ। ਹਰ ਘਰ ਵਿਚ ਫਲੱਸ਼ ਹੈ, ਕਿਤੇ ਸੀਵਰੇਜ ਅਤੇ ਕਿਤੇ ਸੈਪਟਿਕ ਟੈਂਕ ਅਤੇ ਕਿਤੇ ਸਰਕਾਰੀ ਸਕੀਮਾਂ ਅਧੀਨ ਪਿੰਡਾਂ ਅਤੇ ਝੁੱਗੀਆਂ ਵਿਚ ਬਣੇ ਸਰਕਾਰੀ ਪਖਾਨੇ ਉਨ੍ਹਾਂ ਵਿਚ ਤਾਂ ਮਲਮੂਤਰ ਸਿੱਧਾ ਧਰਤੀ ਵਿਚ ਐਂ ਸੁਟਿਆ ਜਾ ਰਿਹੈ ਜਿਵੇਂ ਪੁਰਾਣੇ ਜ਼ਮਾਨੇ ਵਿਚ ਸਹੁਰਿਆਂ ਘਰੇ ਸ਼ਰਾਬੀ ਫੁੱਫੜ ਸੁੱਟਿਆ ਹੁੰਦਾ ਸੀ। ਅੱਜ ਤਾਂ ਲੋਕ ਲੁਧਿਆਣੇ ਦੇ ਇੱਕ ਬੁੱਢੇ ਦਰਿਆ ਦੀ ਗੰਦਗੀ ਨਾਲ ਕੈਂਸਰ ਪੀੜਤ ਹੋਏ ਹਨ। ਕੁਝ ਕੁ ਸਾਲਾਂ ਤੱਕ ਵੇਖਿਓ ਸਾਰੇ ਪੰਜਾਬ ਹੇਠਾਂ ਹੀ ਬੁੱਢਾ ਦਰਿਆ ਚੱਲੇਗਾ ਅਤੇ ਪੰਜਾਬੀਆਂ ਕੋਲ ਹਿਜਰਤ ਕਰਨ ਤੋਂ ਸਿਵਾ ਕੋਈ ਚਾਰਾ ਹੀ ਨਹੀਂ ਹੋਵੇਗਾ ਜੋ ਦਿੱਲੀ ਵਾਲੇ ਚਾਹੁੰਦੇ ਹਨ। ਜੇ ਅਜੇ ਵੀ ਪੰਜਾਬੀ ਪੰਜਾਬ ਨੂੰ ਆਪਣਾ ਘਰ ਸਮਝ ਕੇ ਨਾ ਜਾਗੇ ਤਾਂ ਰੱਬ ਦੀ ਸਹੁੰ ਵਿਦੇਸ਼ੀ ਲੋਕ ਪੰਜਾਬੀਆਂ ਨੂੰ ਖ਼ਾਨਾਬਦੋਸ਼ ਕਹਿ ਕੇ ਪੁਕਾਰਿਆ ਕਰਨਗੇ।

# ਕੁੱਤਾ-ਚੀਕੀ

ਉਹ ਕੁੱਤਾ ਕਾਹਦਾ ਜੋ ਭੌਂਕੇ ਨਾ ਤੇ ਉਹ ਬੰਦਾ ਕਾਹਦਾ ਜਿਹੜਾ ਭੌਂਕਦਾ ਈ ਰਹੇ! ਉਂਝ ਕੁਝ ਕੁੱਤੇ ਵੀ ਚੁੱਪ ਰਹਿੰਦੇ ਹਨ ਤੇ ਕਈ ਬੰਦੇ ਵੀ!

ਮੇਰੀ ਇੱਕ ਪਰਵਾਸੀ ਰਿਸ਼ਤੇਦਾਰ 'ਕੁੱਤਾ-ਚੀਕੀ' ਉਦੋਂ ਕਹਿੰਦੀ ਹੈ ਜਦ ਸੜਕਾਂ 'ਤੇ ਟ੍ਰੈਫਿਕ ਦਾ ਬਾਹਲਾ ਘੜਮੱਸ ਹੋਵੇ। ਉਹ ਇਸ ਵਾਕ-ਅੰਸ਼ ਨੂੰ ਕਈ ਵਾਰ 'ਕੁੱਤੇ-ਚੀਕੀ' ਵੀ ਕਹਿੰਦੀ ਹੈ। ਪਰ ਅਸੀਂ ਇਥੇ ਇਸ 'ਫਰੇਜ਼' ਦੀ ਵਰਤੋਂ ਉਪਰੋਕਤ ਅਰਥਾਂ 'ਚ ਨਹੀਂ ਕਰਨ ਲਗੇ ਸਗੋਂ ਸਾਡੇ ਦੇਸ਼ 'ਚ ਕੁੱਤਿਆਂ ਬਾਰੇ ਮਚੀ ਕੁੱਤਾ-ਚੀਕੀ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਬਾਰੇ ਕਰਨ ਲੱਗੇ ਹਾਂ।

'ਕੁੱਤੇ-ਕਮੀਨੇ ਮੈਂ ਤੇਰਾ ਖ਼ੂਨ ਪੀ ਜਾਊਂਗਾ'('ਯਾਦੋਂ ਕੀ ਬਰਾਤ'-1973) ਅਤੇ 'ਬਸੰਤੀ ਇੰਨ ਕੁੱਤੋਂ ਕੇ ਸਾਮਨੇ ਮਤ ਨਾਚਨਾ'('ਸ਼ੋਅਲੇ'-1975) ਵਾਲੇ 'ਟਰੇਡ-ਮਾਰਕ' ਮਸ਼ਹੂਰ ਸੰਵਾਦਾਂ ਵਾਲਾ ਸਦਾਬਹਾਰ ਫਿਲਮ ਸਟਾਰ ਧਰਮਿੰਦਰ ਤਾਂ ਚਲ ਵਸਿਐ ਪਰ ਕੁੱਤਿਆਂ ਦੀ ਚਰਚਾ ਬਾ-ਦਸਤੂਰ ਬਰਕਰਾਰ ਹੈ।

ਆਹ ਚੜ੍ਹਦੇ ਦਸੰਬਰ ਈ ਕਾਂਗਰਸ ਦੀ ਰਾਜ ਸਭਾ ਮੈਂਬਰ ਰੇਣੁਕਾ ਚੌਧਰੀ ਆਪਣੀ ਕਾਰ ਵਿਚ ਇੱਕ ਲਾਵਾਰਸ ਕੁੱਤੇ ਨੂੰ ਬਿਠਾ ਕੇ ਸੰਸਦ ਕੰਪਲੈਕਸ 'ਚ ਪਹੁੰਚ ਗਈ। ਇਸ ਗੱਲ ਨੇ ਤਾਂ ਬੂ-ਪਾਹਰਿਆ ਮਚਾਉਣੀ ਈ ਸੀ ਪਰ ਉਤੋਂ ਬਿਆਨ ਵੀ ਅਜਿਹਾ ਦੇ ਬੈਠੀ ਕਿ ਹੋ-ਹੱਲਾ ਹੋਣਾ ਸੁਭਾਵਕ ਸੀ। ਅਖੇ 'ਸੰਸਦ ਅੰਦਰ ਬੈਠੇ ਲੋਕ ਵੱਢਦੇ ਹਨ, ਕੁੱਤੇ ਨਹੀਂ'!

ਜਦ ਪੱਤਰਕਾਰਾਂ ਵਲੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੇ ਅਜਿਹਾ ਕਿਉਂ ਕੀਤੈ ਤਾਂ ਰੇਣੁਕਾ ਚੌਧਰੀ ਦਾ ਜਵਾਬ ਸੀ, 'ਇਸ ਸਰਕਾਰ ਨੂੰ ਜਾਨਵਰ ਪਸੰਦ ਨਹੀਂ। ਜਾਨਵਰਾਂ ਦੀ ਕੋਈ ਆਵਾਜ਼ ਨਹੀਂ ਹੁੰਦੀ। ਉਹ (ਕੁੱਤਾ) ਕਾਰ ਵਿਚ ਸੀ ਤਾਂ ਉਨ੍ਹਾਂ ਨੂੰ ਕੀ ਪ੍ਰੇਸ਼ਾਨੀ ਹੈ? ਉਹ ਇੰਨਾ ਛੋਟਾ ਹੈ, ਕੀ ਲਗਦਾ ਹੈ ਵੱਢ ਲਵੇਗਾ? ਸੰਸਦ 'ਚ ਬੈਠੇ ਲੋਕ ਵੱਢਦੇ ਹਨ, ਕੁੱਤੇ ਨਹੀਂ'। ਉਨ੍ਹਾਂ ਇਹ ਵੀ ਕਿਹਾ ਕਿ ਉਸ ਦਿਨੇ ਪਹਿਲਾਂ ਹੀ ਲਾਵਾਰਸ ਕੁੱਤੇ ਨੂੰ ਚੁੱਕ ਲਿਆ ਸੀ ਤੇ ਉਸ ਨੂੰ ਪਸ਼ੂਆਂ ਦੇ ਡਾਕਟਰ ਕੋਲ ਲਿਜਾ ਰਹੀ ਸੀ। ਉਨ੍ਹਾਂ ਸੱਤਾਧਾਰੀ ਸੰਸਦ ਮੈਂਬਰਾਂ ਵਲੋਂ ਇਸ ਗੱਲ ਉਪਰ ਰੌਲਾ-ਰੱਪਾ ਪਾਉਣ ਉਪਰ ਪ੍ਰਸ਼ਨ ਕਰਦਿਆਂ ਪੁੱਛਿਆ ਕਿ ਕੀ ਲਾਵਾਰਸ ਕੁੱਤੇ ਨੂੰ ਬਚਾਉਣ ਲਈ ਕੋਈ ਕਾਨੂੰਨ ਨਹੀਂ ਹੈ?

ਹੁਣ ਰੇਣੁਕਾ ਚੌਧਰੀ ਦੇ ਇਸ ਵਰਤਾਰੇ ਬਾਰੇ ਸੰਸਦ ਵਿਚ ਵਿਸ਼ੇਸ਼ ਅਧਿਕਾਰ ਮਤਾ ਲਿਆਏ ਜਾਣ ਦੀ ਚਰਚਾ ਚੱਲ ਰਹੀ ਹੈ।

ਖੈਰ, ਗੱਲ ਇਥੇ ਰੁਕੀ ਨਹੀਂ। ਰੇਣੁਕਾ ਮਗਰੋਂ ਰਾਹੁਲ ਗਾਂਧੀ ਵੀ ਮਗਰ ਨਹੀਂ ਰਹੇ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਨੇ ਕਹਿ ਮਾਰਿਆ ਕਿ 'ਬਾਹਰ ਤਾਂ ਪਾਲਤੂ ('ਪੈਟਜ਼') ਲਿਆਉਣ ਦੀ ਆਗਿਆ ਨਹੀਂ ਪਰ ਅੰਦਰ ਹੈ। ਮੇਰਾ ਮੰਨਣੈ ਕਿ ਕੁੱਤਾ ਅੱਜ ਕਲ੍ਹ ਮੁੱਖ ਮੁੱਦਾ ਬਣਿਆ ਹੋਇਆ ਹੈ। ਵਿਚਾਰੇ ਕੁੱਤੇ ਨੇ ਕਿਸੇ ਦਾ ਕੀ ਵਿਗਾੜਿਐ? ਕੁੱਤਾ ਇਥੇ ਆਇਆ। ਉਸ ਨੂੰ ਇਥੇ (ਲਿਆਉਣ/ਆਉਣ) ਦੀ ਅਗਿਆ ਕਿਉਂ ਨਹੀਂ'?

ਫਿਰ ਕਿਹਾ ਜਾਂਦੈ ਕਿ ਉਸ ਨੇ ਪਾਰਲੀਮੈਂਟ ਹਾਊਸ ਵਲ ਇਸ਼ਾਰਾ ਕਰਦਿਆਂ ਕਿਹਾ ਕਿ ਪਾਲਤੂਆਂ ('ਪੈਟਜ਼') ਨੂੰ ਇਥੇ ਆਉਣ ਦੀ ਆਗਿਆ ਨਹੀਂ ਪਰ ਉਨ੍ਹਾਂ ਨੂੰ 'ਅੰਦਰ' ਦੀ ਆਗਿਆ ਹੈ'।

ਇਨ੍ਹਾਂ ਬਿਆਨਾਂ ਉਪਰ ਭਾਜਪਾ ਦੇ ਸੰਸਦ ਮੈਂਬਰ ਅਤੇ ਪਾਰਟੀ ਦੇ ਰਾਸ਼ਟਰੀ ਬੁਲਾਰੇ ਸੰਬਿਤ ਪਾਤਰਾ ਨੇ ਕਾਂਗਰਸ ਦੇ ਦੋਵਾਂ ਨੇਤਾਵਾਂ ਨੂੰ ਪਾਣੀ ਪੀ-ਪੀ ਕੋਸਿਆ। ਉਨ੍ਹਾਂ ਕਿਹਾ ਕਿ ਰੇਣੁਕਾ ਵਲੋਂ ਕੁੱਤੇ ਨੂੰ ਕਾਰ ਵਿਚ ਸੰਸਦ ਕੰਪਲੈਕਸ ਵਿਚ ਲਿਆਉਣਾ ਅਤੇ ਰਾਹੁਲ ਦੇ ਕੁੱਤਿਆਂ ਬਾਰੇ ਬਿਆਨ ਨੇ ਨਾ ਸਿਰਫ ਸੰਸਦ ਦੀ ਮਾਣ-ਮਰਿਆਦਾ ਅਤੇ ਮਹੱਤਤਾ/ਪ੍ਰਤਿਸ਼ਠਾ ਨੂੰ ਠੇਸ ਪਹੁੰਚਾਈ ਹੈ ਸਗੋਂ ਸਭ ਸੰਸਦ ਮੈਂਬਰਾਂ, ਸਕਿਉਰਿਟੀ ਸਟਾਫ, ਅਧਿਕਾਰੀਆਂ ਅਤੇ ਹੋਰ ਸਟਾਫ ਦੀ ਤੌਹੀਨ ਕੀਤੀ ਹੈ। ਭਾਜਪਾ ਦੇ ਇੱਕ ਹੋਰ ਬੁਲਾਰੇ ਪ੍ਰਦੀਪ ਭੰਡਾਰੀ ਨੇ ਤਾਂ ਇਸ ਨੂੰ ਰਾਹੁਲ ਗਾਂਧੀ ਵਲੋਂ ਆਪਣੀ ਪਾਰਟੀ ਕਾਂਗਰਸ ਦੇ ਸੰਸਦ ਮੈਂਬਰਾਂ ਅਤੇ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਦਾ ਕੁੱਤਿਆਂ ਨਾਲ ਮੁਕਾਬਲਾ ਕਰਨਾ ਗਰਦਾਨਦਿਆਂ ਕਿਹਾ ਕਿ 'ਇਹ ਤਰੀਕਾ ਹੈ ਕਿ ਕਿਵੇਂ ਪਰਿਵਾਰਵਾਦ ਲੋਕਤੰਤਰ ਦੇ ਮੰਦਰ ਨਾਲ ਸਲੂਕ ਕਰਦੈ'।

ਇਸ ਤੋਂ ਪਹਿਲਾਂ ਵੀ ਕੁੱਤੇ ਬੜੀ ਚਰਚਾ 'ਚ ਰਹੇ। ਚਰਚਾ ਵੀ ਦੇਸ਼ ਦੀ ਸਰਬ-ਉੱਚ ਅਦਾਲਤ 'ਚ ਹੁੰਦੀ ਰਹੀ, ਅਵਾਰਾ ਕੁੱਤਿਆਂ ਨੂੰ ਲੈ ਕੇ। ਪਿਛੇ ਜਿਹੇ ਇੱਕ ਦੋ-ਮੈਂਬਰੀ ਬੈਂਚ ਨੇ ਸਭ ਅਵਾਰਾ ਕੁੱਤਿਆਂ ਨੂੰ 'ਸ਼ੈਲਟਰਾਂ' ਵਿਚ ਬੰਦ ਕਰਨ ਦੇ ਆਦੇਸ਼ ਦੇ ਦਿਤੇ। ਬੜਾ ਰੌਲਾ ਪਿਆ ਦੇਸ਼ ਵਿਚ। ਕੁੱਤਾ-ਪ੍ਰੇਮੀ ਤੇ ਅਵਾਰਾ-ਕੁੱਤਾ ਵਿਰੋਧੀ ਆਹਮੋ-ਸਾਹਮਣੇ ਡਟ ਗਏ। ਦੇਸ਼ 'ਚ ਐਨੀ ਕੁੱਤੇ-ਚੀਕੀ ਹੋਈ ਕਿ ਐਂ ਲੱਗਣ ਲੱਗਾ ਕਿ ਦੇਸ਼ ਹੀ ਦੋ ਧੜਿਆਂ 'ਚ ਵੰਡ ਹੋ ਗਿਆ-ਕੁੱਤਾ-ਪੱਖੀ ਧੜਾ ਤੇ ਕੁੱਤਾ-ਵਿਰੋਧੀ ਧੜਾ।

ਹਾਰ ਕੇ ਇੱਕ 3 ਮੈਂਬਰੀ ਬੈਂਚ ਨੇ ਪਹਿਲੇ ਹੁਕਮ 'ਚ ਸੋਧ ਕੀਤੀ ਅਤੇ ਅਵਾਰਾ ਕੁੱਤਿਆਂ ਨੂੰ ਕੁਝ ਰਾਹਤ ਦੇ ਦਿਤੀ। ਦੇਸ਼ 'ਚ ਸ਼ਾਂਤੀ ਹੋ ਗਈ, ਭਾਵ ਕੁੱਤਿਆਂ ਦੇ ਮਸਲੇ ਉੱਪਰ ਕੁੱਤਾ-ਚੀਕੀ ਮੱਠੀ ਪੈ ਗਈ।

ਹੈ ਨਾ ਕਮਾਲ!

ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਬੇਤਹਾਸ਼ਾ ਪਰਵਾਸ, ਅਨੇਕਾਂ ਪਰਵਾਸੀਆਂ ਦਾ ਅਮਰੀਕਾ ਵਲੋਂ ਬੇਇੱਜ਼ਤ ਕਰਕੇ ਡਿਪੋਰਟ ਕੀਤੇ ਜਾਣਾ, ਪਰਵਾਸ ਨੂੰ ਠੱਲ੍ਹ ਪਾਉਣ ਦੇ ਉਪਰਾਲੇ ਕਰਨ, ਵਧਦੀਆਂ ਕੀਮਤਾਂ ਨੂੰ ਕਾਬੂ ਕਰਨ, ਰੁਪਏ ਦੀ ਅਮਰੀਕੀ ਡਾਲਰ ਸਾਹਮਣੇ ਲਾਹ-ਪੱਤ ਆਦਿ ਕਿਸੇ ਮੁੱਦੇ ਉਪਰ ਸਾਡੇ ਦੇਸ਼ਵਾਸੀ ਸ਼ੋਰ-ਸ਼ਰਾਬਾ ਨਹੀਂ ਮਚਾਉਂਦੇ ਪਰ ਕੁੱਤਿਆਂ ਨੂੰ ਲੈ ਕੇ ਸੋਸ਼ਲ ਮੀਡੀਆ, ਬਿਜਲਈ ਅਤੇ ਪ੍ਰਿੰਟ ਮੀਡੀਆ ਸਮੇਤ ਹੋਰ ਜਿੰਨੇ ਵੀ ਨਵੇਂ ਸੰਚਾਰ ਸਾਧਨ ਹਨ ਉਪਰ ਸੰਘ-ਪਾੜਵਾਂ ਰੌਲਾ-ਰੱਪਾ ਪਾਉਂਦੇ ਹਨ!

ਦਰਅਸਲ ਬੰਦੇ ਅਤੇ ਕੁੱਤੇ ਦਾ ਬਹੁਤ ਪੁਰਾਣਾ ਸਾਥ ਹੈ। ਪਾਲੀਏ ਭਾਵੇਂ ਨਾ ਪਰ ਕੁੱਤਾ ਕਿਤੇ ਨਾ ਕਿਤੇ ਸਾਡੇ ਇਰਦ-ਗਿਰਦ ਰਹਿੰਦੈ। ਸਾਡੇ ਦੇਸ਼ ਵਿਚ ਤਾਂ ਅਜਿਹਾ ਹੀ ਹੈ, ਬਾਹਰਲੇ ਦੇਸ਼ਾਂ ਦਾ ਪਤਾ ਨਹੀਂ। ਕੁੱਤਾ ਸਵਾਮੀ-ਭਗਤੀ, ਵਫਾਦਾਰੀ, ਨਿਰਛਲ ਪ੍ਰੇਮ ਵਾਲਾ ਜੀਵ ਹੈ। ਇਸ ਦੀ ਬੇਇੰਤਹਾ ਮੁਹੱਬਤ ਬਾਰੇ ਤਾਂ ਇੱਕ ਜਪਾਨੀ ਕੁੱਤੇ 'ਹਾਚੀਕੋ' ਉਪਰ ਫਿਲਮ ਵੀ ਬਣ ਚੁਕੀ ਹੈ।

ਪਰ ਕੁੱਤੇ ਦੀ ਲੱਚਰ ਕਾਮੁਕਤਾ ਅਤੇ ਬੇਲਗਾਮ ਭੁੱਖ ਇਸ ਦੀ ਬਦਨਾਮੀ ਦਾ ਕਾਰਨ ਹਨ।

ਗੁਰਬਾਣੀ ਵਿਚ ਕੁੱਤਿਆਂ ਦੀ ਵਫਾਦਾਰੀ ਦੀ ਸਿਫਤ ਹੈ ਪਰ ਕਾਮੁਕਤਾ ਅਤੇ ਲਾਲਚ ਦੀ ਆਲੋਚਨਾ। ਇਸ ਜਾਨਵਰ ਲਈ ਕੂਕਰ, ਸੁਆਨ, ਕੁੱਤਾ ਆਦਿ ਸ਼ਬਦ ਵਰਤੇ ਗਏ ਹਨ। ਕੁੱਤੇ ਦੀ ਵਫਾਦਾਰੀ ਦੀ ਪ੍ਰਸ਼ੰਸਾ ਕਰਦਿਆਂ ਗੁਰੂ ਤੇਗ ਬਹਾਦਰ ਜੀ ਨੇ ਫੁਰਮਾਇਐ-"ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨ ਹੁਇ ਇਕਿ ਚਿਤ"॥ (ਸ.ਗ.ਗ.ਸ ਅੰਗ-1428)। ਭਗਤ ਕਬੀਰ ਕਹਿੰਦੇ ਹਨ-"ਹਮ ਕੂਕਰ ਤੇਰੇ ਦਰਬਾਰਿ॥ ਭਉਕਹਿ ਆਗੈ ਬਦਨੁ ਪਸਾਰਿ"॥ (ਅੰਗ 969-70)। ਪਰ ਲੋਭ ਬਾਰੇ ਕਿਹਾ ਗਿਐ-"ਅੰਤਰਿ ਲੋਭੁ ਭਉਕੈ ਜਿਸੁ ਕੁਤਾ" (ਅੰਗ-1046)। ਭਾਈ ਗੁਰਦਾਸ ਦੀਆਂ ਵਾਰਾਂ 'ਚ ਆਉਂਦੈ-'ਕੁਤਾ ਰਾਜ ਬਹਾਲੀਐ ਫਿਰ ਚਕੀ ਚਟੈ"। ਸ਼ੇਖ ਫਰੀਦ ਨੇ ਕਿਹੈ-"ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ" (ਅੰਗ-1381)। ਗੁਰਬਾਣੀ ਵਿਚ ਹੋਰ ਵੀ ਅਨੇਕਾਂ ਟੂਕਾਂ ਹਨ ਪਰ ਇਥੇ ਅਸੀਂ ਉਦਾਹਰਣ ਮਾਤਰ ਕੁਝ ਕੁ ਦਿਤੀਆਂ ਹਨ।

ਸੂਫੀ ਦਰਵੇਸ਼ ਬਾਬਾ ਬੁੱਲ੍ਹੇ ਸ਼ਾਹ ਆਪਣੇ ਆਪ ਅਤੇ ਕੁੱਤੇ ਵਿਚਾਲੇ ਮੁਕਾਬਲਾ ਕਰਦਿਆਂ ਕਹਿੰਦੇ ਹਨ-

ਰਾਤੀਂ ਜਾਗੇਂ ਕਰੇਂ ਇਬਾਦਤ,/ਰਾਤੀਂ ਜਾਗਣ ਕੁੱਤੇ। /ਤੈਥੋਂ ਉਤੇ।

ਭੌਂਕਣੋ ਬੰਦ ਮੂਲ ਨਾ ਹੁੰਦੇ,/ਜਾ ਰੂੜੀ ਤੇ ਸੁਤੇ।/ਤੈਥੋਂ ਉਤੇ।

ਖਸਮ ਆਪਣੇ ਦਾ ਦਰ ਨਾਂ ਛੱਡਦੇ,/ਭਾਂਵੇ ਵੱਜਣ ਜੁੱਤੇ।/ਤੈਥੋਂ ਉਤੇ।

ਬੁੱਲ੍ਹੇ ਸ਼ਾਹ ਕੋਈ ਰਖਤ ਵਿਹਾਜ ਲੈ,/ਨਹੀਂ ਤੇ ਬਾਜ਼ੀ ਲੈ ਗਏ ਕੁੱਤੇ।/ਤੈਥੋਂ ਉਤੇ"।

ਕੁੱਤਿਆਂ ਬਾਰੇ ਅਨੇਕਾਂ ਅਖਾਣ ਤੇ ਮੁਹਾਵਰੇ ਹਨ ਪਰ ਬਹੁਤੇ ਨਾਂਹ-ਪੱਖੀ ਹਨ। ਕੁਝ ਕੁ ਪੇਸ਼ ਹਨ-ਕੁੱਤੇ ਖਾਣੀ ਹੋਣੀ, ਕੁੱਤੇ ਦੀ ਮੌਤ ਮਰਨਾ, ਕੁੱਤੇ ਦੇ ਠੀਕਰੇ ਪਾਣੀ ਪਿਲਾਉਣਾ, ਕੁੱਤੇ ਖੱਸੀ ਕਰਨਾ, ਕੁੱਤੇ ਵਾਂਗ ਲਾਰਾਂ ਸੁੱਟਣੀਆਂ, ਕੁੱਤੇ ਦੀ ਬਾਬ ਕਰਨੀ, ਕੁੱਤਾ ਝਾਕ ਰਖਣਾ, ਕੁੱਤਾ ਵੀ ਖਾਧਾ ਤੇ ਢਿਡ ਵੀ ਨਾ ਭਰਿਆ, ਕੁੱਤੇ ਖਾਣ ਜਲੇਬੀਆਂ ਪ੍ਰੋਹਤ ਭੁੱਖੇ, ਕੁੱਤੇ ਦੀ ਹੱਡੀ ਵਾਲਾ ਸੁਆਦ, ਕੁੱਤੇ ਦਾ ਕੁੱਤਾ ਵੈਰੀ, ਕੁੱਤੇ ਨੂੰ ਖੀਰ ਨਹੀਂ ਪਚਦੀ, ਕੁੱਤੇ ਸੰਦੀ ਪੂਛਲੀ ਕਦੀ ਨਾ ਸਿਧੀ ਹੋਇ ('ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ'(ਸ.ਗ.ਗ.ਸ, ਅੰਗ-536) ਆਦਿ।

ਖੈਰ, ਬੜਾ ਕੁਝ ਹੈ ਜੋ ਕੁੱਤਿਆਂ ਬਾਰੇ ਲਿਖਿਆ ਜਾ ਸਕਦੈ। ਪਰ ਹਾਲ ਦੀ ਘੜੀ ਤਾਂ ਅਸੀਂ ਬੰਦਿਆਂ ਨੇ ਜਿਹੜੀ ਇਸ ਦਰਵੇਸ਼ ਨੂੰ ਲੈ ਕੇ 'ਬਊ ਬਊ' ਕਰਨੀ ਸ਼ੁਰੂ ਕੀਤੀ ਹੈ ਉਸ ਨੂੰ ਠੱਲ੍ਹ ਪੈ ਜਾਏ ਤਾਂ ਜਾ ਕੇ ਕਿਤੇ ਇਹ 'ਕੁੱਤਾ-ਚੀਕੀ' ਮੁੱਕੂ! ਨਹੀਂ ਤਾਂ ਪਤਾ ਨਹੀਂ ਕਿਸੇ ਦਿਨ ਗੁੱਸੇ 'ਚ ਆ ਕੇ ਕੋਈ ਕੁੱਤਾ ਬੋਲ ਪਵੇ-'ਉਹ ਬੰਦਿਆ! ਤੂੰ ਬੰਦੇ ਦਾ ਪੁੱਤ ਬਣਨਾ ਕਿ…"!

# ਫ਼ਿਲਮ ਲੋਕ

## ਜਲਦੀ ਆਏਗੀ ਫ਼ਿਲਮ 'ਅਧੂਰੇ ਚਾਅ'



ਦੇਵ ਲੋਕ ਆਰਟਸ ਪ੍ਰੋਡਕਸ਼ਨ ਕਲਾਂ ਵੱਲੋ ਜਲਦ ਤੀਸਰੀ ਫੀਚਰ ਫ਼ਿਲਮ "ਅਧੂਰੇ ਚਾਅ" ਦਰਸ਼ਕਾਂ ਦੇ ਸਨਮੁੱਖ ਹੋਵੇਗੀ! ਡਾਇਰੈਕਟਰ ਤੇ ਪ੍ਰੋਡਿਊਸਰ ਜਗਦੇਵ ਢਿੱਲੋਂ ਪੰਜਾਬੀ ਫਿਲਮ ਇੰਡਸਟ੍ਰੀਜ ਦੇ ਨਾਮਵਰ ਡਾਇਰੈਕਟਰ ਤੇ ਪ੍ਰੋਡਿਊਸਰ ਜਗਦੇਵ ਢਿੱਲੋ ਦੀ ਕੁਝ ਸਮਾਂ ਪਹਿਲਾ ਆਈ ਮੂਵੀ "ਕੂਹਣੀ ਮੋੜ" ਕਾਫੀ ਚਰਚਾ ਵਿਚ ਰਹੀ। ਜਿਸ ਨੂੰ ਦਰਸ਼ਕਾਂ ਵੱਲੋ ਖੂਬ ਪਸੰਦ ਕੀਤਾ

**ਸ਼ਿਵਨਾਥ ਦਰਦੀ ਫ਼ਰੀਦਕੋਟ**


ਗਿਆ। ਓਹ ਸਮਾਜਿਕ ਤਾਣੇ ਬਾਣੇ ਤੋ ਬਾਖੂਬੀ ਜਾਣੂ ਹਨ ਤੇ ਆਪਣੀ ਸੂਖਮ ਸੋਚ ਸਦਕਾ ਇਸ ਤੇ ਕੰਮ ਕਰਦੇ ਹਨ।ਉਨਾਂ ਗੱਲਬਾਤ ਦੌਰਾਨ ਦੱਸਿਆਂ ਕਿ "ਅਧੂਰੇ ਚਾਅ" ਫੀਚਰ ਫ਼ਿਲਮ ਦੀ ਸੂਟਿੰਗ ਜਲਦ ਦਰਸ਼ਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਵੇਗੀ। ਓਨਾਂ ਕਿਹਾ ਜਿਸ ਤਰਾਂ ਸਾਡੀਆਂ ਪਹਿਲੀਆਂ ਫੀਚਰ ਫ਼ਿਲਮਾਂ ਨੂੰ ਦਰਸ਼ਕਾਂ ਵੱਲੋ ਮਣਾਂ ਮੂਹੀ ਪਿਆਰ ਮੁਹੱਬਤ ਦਿੱਤਾ ਗਿਆ , ਉਸ ਤੋ ਵੀ ਵਧ ਕੇ ਪਿਆਰ ਮੁਹੱਬਤ ਇਸ ਫੀਚਰ ਫਿਲਮ ਨੂੰ ਵੀ ਦੇਣਗੇ। ਓਨਾਂ ਦੱਸਿਆ ਇਹ ਫੀਚਰ ਫ਼ਿਲਮ ਪਿਆਰ ਤੇ ਬਦਲੇ ਦੀ ਇੱਕ ਦਾਸਤਾਨ ਪੇਸ਼ ਕਰਦੀ ਹੈ ਅਤੇ ਸਮਾਜਿਕ ਗੰਭੀਰ ਵਿਸ਼ਿਆਂ ਨੂੰ ਉਜਾਗਰ ਕਰਦੀ ਹੈ।

ਇਸ ਫੀਚਰ ਫ਼ਿਲਮ ਵਿਚ ਮੁੱਖ ਭੂਮਿਕਾ 'ਚ ਮੰਝੇ ਅਦਾਕਾਰ ਨਵਰੋਜ,ਅਦਾਕਾਰਾ ਈਸ਼ਾਂ ਅਹੂਜਾ, ਹੈਰੀ ਬਰਾੜ, ਮੋਨਟੀ ਸ਼ਰਮਾਂ, ਦੇਵ ਮਲਿਕ, ਜਸਵਿੰਦਰ ਕੌਰ, ਮਲਕੀਤ ਕਿੱਟੀ ਤੇ ਜਗਜੀਤ ਜੱਗੀ ਆਦਿ ਵੱਲੋ ਆਪਣੀ ਵਿਲੱਖਣ ਅਦਾਕਾਰੀ ਦੇ ਜੌਹਰ ਦਿਖਾਏ ਹਨ। ਇਸ ਤੋ ਇਲਾਵਾ ਸਟੋਰੀ ਤੇ ਸਕ੍ਰੀਨ ਪਲੇਅ 'ਚ ਯੋਗਦਾਨ ਨਵਸ਼ਾਨ ਢਿੱਲੋ ਜੀ ਦਾ ਹੈ। ਇਸ ਫੀਚਰ ਫ਼ਿਲਮ 'ਚ ਕਰੇਵਟ ਡਾਇਰੈਕਟਰ ਭਾਰਤੀ ਦੱਤ, ਆਰਟ ਡਾਇਰੈਕਟਰ ਗਗਨ ਤੇ ਬਲਕਰਨ ਸਿੰਘ ਲੰਬੂ ਅਤੇ ਮੇਕਅਪ ਮੈਨ ਸੁਰਿੰਦਰ ਸੋਹਣਾ ਜੀ ਹਨ। ਜੇਕਰ ਖਾਸ ਤੌਰ ਤੇ ਕਾਸਟਿੰਗ ਜਸਵਿੰਦਰ ਕੌਰ ਢਿੱਲੋ ਚੋਣ ਵੱਲੋ ਕੀਤੀ ਗਈ।

ਪਾਲੀਵੁੱਡ ਦੇ ਚਰਚਿਤ ਕੈਮਰਾਮੈਨ ਪਰਮਿੰਦਰ ਪੈਰੀ ਜੀ ਖੂਬਸੂਰਤ ਫਿਲਮਾਂਕਣ ਨੂੰ ਆਪਣੇ ਕੈਮਰੇ ਵਿੱਚ ਕੈਦ ਕੀਤਾ ਹੈ। ਇਹ ਫੀਚਰ ਫ਼ਿਲਮ ਦਾ ਫ਼ਰੀਦਕੋਟ ਜ਼ਿਲੇ ਦੀ ਵੱਖ ਵੱਖ ਖੂਬਸੂਰਤ ਲੋਕੇਸ਼ਨ ਤੇ ਫਿਲਮਾਂਕਣ ਕੀਤਾ ਗਿਆ। ਇਸ ਦੇ ਪ੍ਰੋਡੈਕਸ਼ਨ ਮਨੇਜਰ ਦੀ ਜੁਮੇਵਾਰੀ ਧਰਮਿੰਦਰ ਬਾਨੀ ਵੱਲੋ ਬਾਖੂਬੀ ਢੰਗ ਨਾਲ ਨਿਭਾਇਆ ਗਿਆ, ਏਨਾਂ ਨਾਲ ਕੈਮਰਾ ਛਾਅ ਫਿਲਮਜ਼ ਤੇ ਲਾਈਟ ਇੰਦਰ ਸਿਨੇ ਲਾਈਟਸ ਪੂਰੇ ਸੈਟਅੱਪ ਤੇ ਕੰਮ ਕੀਤਾ।

ਪੂਰੀ ਫਿਲਮ ਟੀਮ ਲਈ ਇਹ ਸਮਾਜਿਕ ਵਿਸ਼ਿਆਂ ਨੂੰ ਉਜਾਗਰ ਕਰਦੀਆਂ ਫ਼ਿਲਮਾਂ ਦੇ ਯੋਗਦਾਨ ਫਿਲਮ ਇੰਡਸਟ੍ਰੀਜ ਪਾਉਂਦੇ ਰਹਿਣ ਤੇ ਕਦਮ ਦਰ ਕਦਮ ਅੱਗੇ ਵਧਦੇ ਰਹਿਣ ਅਤੇ ਮੰਜ਼ਿਲਾਂ ਨੂੰ ਛੂਹਣਗੇ।

## ਕ੍ਰਿਤੀ ਖਰਬੰਦਾ ਦਾ ਜਾਦੂ ਅਜੇ ਵੀ ਜਾਰੀ ਹੈ



ਹਿੰਦੀ ਸਿਨੇਮਾ ਜਗਤ ਵਿਚ ਹੁਣ ਤੱਕ ਇਕ ਤੋਂ ਵਧ ਕੇ ਇਕ, ਕਈ ਖ਼ੂਬਸੂਰਤ ਅਭਿਨੇਤਰੀਆਂ ਆਈਆਂ ਪਰ ਕੁਝ ਚਿਹਰੇ ਇਸ ਤਰ੍ਹਾਂ ਦੇ ਹਨ ਜੋ ਆਪਣੀ ਸਾਦਗੀ ਨਾਲ ਦਰਸ਼ਕਾਂ ਦੇ ਦਿਲਾਂ ਵਿਚ ਖ਼ਾਸ ਥਾਂ ਬਣਾ ਲੈਂਦੇ ਹਨ। ਇਸ ਤਰ੍ਹਾਂ ਦੀ ਹੀ ਇਕ ਅਦਾਕਾਰਾ ਹੈ ਕ੍ਰਿਤੀ ਖਰਬੰਦਾ ਜਿਸ ਦੀ ਮੁਸਕਾਨ ਵਿਚ ਮਾਸੂਮੀਅਤ ਝਲਕਦੀ ਹੈ।

29 ਅਕਤੂਬਰ, 1990 ਨੂੰ ਦਿੱਲੀ ਵਿਚ ਪੈਦਾ ਹੋਈ ਕ੍ਰਿਤੀ ਖਰਬੰਦਾ ਨੇ ਬਿਨਾਂ ਕਿਸੇ ਫ਼ਿਲਮੀ ਪਿਛੋਕੜ ਦੇ ਆਪਣੀ ਮਿਹਨਤ ਅਤੇ ਲਗਨ ਨਾਲ ਇਸ ਸਨਅਤ ਵਿਚ ਆਪਣੀ ਪਛਾਣ ਬਣਾਈ। ਫ਼ਿਲਮ ਦੀ ਕਹਾਣੀ ਨੂੰ ਕ੍ਰਿਤੀ ਦੇ ਅਭਿਨੈ ਨੇ ਦਿਲ ਨਾਲ ਜੋੜਨ ਵਾਲੀ ਬਣਾ ਦਿੱਤਾ। ਉਸ ਦੀ ਸਧਾਰਨ ਜਿਹੀ ਮੁਸਕਾਨ ਅਤੇ



ਭਾਵੁਕਤਾ ਦੀ ਡੂੰਘਾਈ ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਆਰਤੀ ਸ਼ੁਕਲਾ ਦੇ ਇਸ ਕਿਰਦਾਰ ਨੇ ਉਸ ਨੂੰ ਘਰ-ਘਰ ਵਿਚ ਪਛਾਣ ਦਿਵਾਈ। ਉਸ ਤੋਂ ਬਾਅਦ ਕ੍ਰਿਤੀ ਖਰਬੰਦਾ 'ਵੀਰੇ ਦੀ ਵੈਡਿੰਗ', 'ਹਾਊਸ ਫੁੱਲ-4', 'ਪਾਗਲਪੰਤੀ' ਅਤੇ '14 ਫੇਰੇ' ਵਰਗੀਆਂ ਕੁਝ ਹੋਰ ਫ਼ਿਲਮਾਂ ਵਿਚ ਨਜ਼ਰ ਆਈ।

ਹਰ ਵਾਰ ਉਸ ਨੇ ਕੁਝ ਨਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ। ਹਲਕੀ-ਫੁਲਕੀ ਕਾਮੇਡੀ, ਤਾਂ ਕਦੀ ਭਾਵੁਕਤਾ ਵਾਲਾ ਕਿਰਦਾਰ। ਉਸ ਨੇ ਇਹ ਸਾਬਤ ਕੀਤਾ ਕਿ ਉਹ ਸਿਰਫ਼ ਇਕ ਹੀ ਭੂਮਿਕਾ ਵਿਚ ਬੱਝਣਾ ਨਹੀਂ ਚਾਹੁੰਦੀ ਸਗੋਂ ਇਕ ਹੁਨਰਮੰਦ ਕਲਾਕਾਰ ਹੈ। ਕ੍ਰਿਤੀ ਨੇ ਕੁਝ ਸਮੇਂ ਰਿਸ਼ਤੇ ਵਿਚ ਰਹਿਣ ਤੋਂ ਬਾਅਦ ਸਾਲ 2024 ਵਿਚ ਐਕਟਰ ਪੁਲਕਿਤ ਸਮਰਾਟ ਨਾਲ ਵਿਆਹ ਕੀਤਾ, ਪਰ ਵਿਆਹ ਤੋਂ ਬਾਅਦ ਵੀ ਕ੍ਰਿਤੀ ਦਾ ਫ਼ਿਲਮੀ ਸਫ਼ਰ ਜਾਰੀ ਹੈ। ਸਾਲ 2023 ਵਿਚ ਕ੍ਰਿਤੀ ਨੈੱਟਫਲਿਕਸ 'ਤੇ ਆਨ ਸਟ੍ਰੀਮ ਵੈੱਬ ਸੀਰੀਜ਼ 'ਰਾਨਾ ਨਾਇਡੂ' ਵਿਚ ਨਜ਼ਰ ਆਈ ਸੀ। ਉਸ ਤੋਂ ਬਾਅਦ ਉਹ ਇਸ ਸੀਰੀਜ਼ ਦੇ ਅਗਲੇ ਸੀਜ਼ਨ ਵਿਚ ਨਜ਼ਰ ਆ ਰਹੀ ਹੈ। ਇਸ ਤੋਂ ਇਲਾਵਾ ਉਸ ਦੀ ਇਕ ਫ਼ਿਲਮ 'ਰਿਸਕੀ ਰੋਮੀਓ' ਆਉਣ ਵਾਲੀ ਹੈ, ਜਿਸ ਦੀ ਸ਼ੂਟਿੰਗ ਹਾਲ ਹੀ ਵਿਚ ਉਸ ਨੇ ਖ਼ਤਮ ਕੀਤੀ ਹੈ।

'ਰਾਜ ਰੀਬੂਟ' ਵਿਚ ਇਮਰਾਨ ਹਾਸ਼ਮੀ ਦੇ ਨਾਲ ਉਸ ਦੀ ਜੋੜੀ ਨੂੰ ਨੋਟਿਸ ਕੀਤਾ ਗਿਆ, ਪਰ ਕ੍ਰਿਤੀ ਦਾ ਅਸਲੀ ਜਾਦੂ ਅਗਲੇ ਹੀ ਸਾਲ ਰਿਲੀਜ਼ ਹੋਈ ਉਸ ਦੀ ਦੂਜੀ ਹਿੰਦੀ ਫ਼ਿਲਮ 'ਸ਼ਾਦੀ ਮੇਂ ਜ਼ਰੂਰ ਆਨਾ' (2017) ਵਿਚ ਨਜ਼ਰ ਆਇਆ। ਫ਼ਿਲਮ 'ਸ਼ਾਦੀ ਮੇਂ ਜ਼ਰੂਰ ਆਨਾ' ਸਿਰਫ਼ ਇਕ ਰੋਮਾਂਟਿਕ ਕਹਾਣੀ ਨਹੀਂ ਸੀ ਸਗੋਂ ਭਾਵੁਕਤਾ ਦਾ ਸ਼ੀਸ਼ਾ ਸੀ। ਇਸ ਫ਼ਿਲਮ ਵਿਚ ਉਸ ਨੇ ਇਕ ਇਸ ਤਰ੍ਹਾਂ ਦੀ ਕੁੜੀ ਆਰਤੀ ਸ਼ੁਕਲਾ ਦਾ ਕਿਰਦਾਰ ਨਿਭਾਇਆ ਜੋ ਆਪਣੇ ਸੁਪਨਿਆਂ ਅਤੇ ਸੈਲਫ਼ ਰਿਸਪੈਕਟ ਵਿਚਾਲੇ ਗਜ਼ਬ ਦਾ ਸੰਤੁਲਨ ਬਣਾ ਕੇ ਅੱਗੇ ਵਧਦੀ ਹੋਈ ਨਜ਼ਰ ਆਉਂਦੀ ਵੈ।

## ਮੇਰੇ ਲਈ ਸਭ ਤੋਂ ਪਹਿਲਾਂ ਆਤਮ-ਸਨਮਾਨ

### ਰਾਸ਼ੀ ਖੰਨਾ

***ਦੇਸ਼ ਨਾਲ ਜੁੜੀਆਂ ਫਿਲਮੀ ਕਹਾਣੀਆਂ ਨਾਲ ਜੁੜ ਕੇ ਮਾਣ ਮਹਿਸੂਸ ਕਰਦੀ ਹੈ ਰਾਸ਼ੀ ਖੰਨਾ। ਉਹ ਹੁਣੇ ਜਿਹੇ ਪ੍ਰਦਰਸ਼ਿਤ ਫਿਲਮ '120 ਬਹਾਦਰ 'ਚ ਵੀ ਨਜ਼ਰ ਆਈ। ਹਿੰਦੀ ਦੇ ਨਾਲ ਤਾਮਿਲ ਤੇ ਤੇਲਗੂ ਫਿਲਮਾਂ ਕਰ ਰਹੀ ਅਭਿਨੇਤਰੀ ਰਾਸ਼ੀ ਖੰਨਾ ਨਾਲ ਪੇਸ਼ ਹੈ ਖ਼ਾਸ ਮੁਲਾਕਾਤ...***





**-ਸ਼ੁਰੂ 'ਚ ਤੁਹਾਨੂੰ ਦੱਖਣੀ ਲਈ ਸੁੰਦਰ' ਮੰਨਿਆ ਜਾਂਦਾ ਸੀ ਤੇ ਕਲਾਕਾਰ ਦੇ ਤੌਰ 'ਤੇ ਗੰਭੀਰਤਾ ਨਾਲ ਲਿਆ ਜਾਂਦਾ ਸੀ। ਇਹ ਨਜ਼ਰੀਆ ਬਦਲਣਾ ਬਹੁਤ ਮੁਸ਼ਕਲ ਰਿਹਾ ਹੋਵੇਗਾ?**

(ਹੱਸਦੀ ਹੋਏ ਗੰਭੀਰ ਹੁੰਦਿਆਂ) ਪਹਿਲਾਂ ਤਾਂ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਨੂੰ ਕਮਰਸ਼ੀਅਲ ਫਿਲਮਾਂ ਕਰਨਾ ਬਹੁਤ ਪਸੰਦ ਹੈ।

'ਮੈਂ ਇਨ੍ਹਾਂ ਫਿਲਮਾਂ ਕਰਕੇ ਹੀ ਇਥੋਂ ਤਕ ਪਹੁੰਚੀ ਹਾਂ। ਉਸ ਵੇਲੇ ਮੈਨੂੰ ਆਪਣੀ ਪ੍ਰਤਿਭਾ ਵਿਖਾਉਣ ਦਾ ਮੌਕਾ ਚਾਹੀਦਾ ਸੀ। ਇਸ ਮਕਸਦ ਲਈ ਮੈਨੂੰ ਮੇਰੀ ਤੇਲਗੂ ਫਿਲਮ 'ਥੋਲੀ ਪ੍ਰੇਮਾ' ਬਹੁਤ ਮਦਦਗਾਰ ਸਾਬਿਤ ਹੋਈ। ਹੁਣ ਜਦੋਂ ਵੈੱਬ ਸੀਰੀਜ਼ 'ਫ਼ਰਜ਼ੀ' ਆਈ ਤਾਂ ਮੇਰੇ ਲਈ ਦੋਵਾਂ ਫਿਲਮਾਂ ਨੇ ਇੰਡਸਟਰੀ ਵਿਚ ਕਈ ਚੀਜ਼ਾਂ ਬਦਲ ਦਿੱਤੀਆਂ।



ਮੈਨੂੰ ਲੋਕਾਂ ਨੇ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ। ਦੱਖਣ ਵਿਚ ਮੇਰਾ ਕੰਮ ਹਿੰਦੀ ਸਿਨੇਮਾ ਤੋਂ ਅਲੱਗ ਹੈ। '120 ਬਹਾਦਰ' 'ਚ ਮੈਂ ਰਾਜਸਥਾਨੀ ਔਰਤ ਦੀ ਭੂਮਿਕਾ ਨਿਭਾਈ ਅਤੇ ਉਥੇ ਮੈਂ ਇਕ ਵੈੱਬ ਸ਼ੋਅ ਕੀਤਾ ਹੈ ਜਿਥੇ ਮੇਰਾ ਪਾਤਰ ਪੂਰੇ ਸ਼ੋਅ ਵਿਚ ਪੰਜਾਬੀ ਬੋਲ ਰਿਹਾ ਹੈ। ਦੱਖਣ 'ਚ ਵੀ ਲੋਕਾਂ ਨੂੰ ਮਹਿਸੂਸ ਹੋਣ ਲੱਗਾ ਹੈ ਕਿ ਨਾਨ-ਗਲੈਮਰ ਰੋਲ 'ਚ ਵੀ ਚੰਗਾ ਕਰ ਸਕਦੀ ਹਾਂ।

**-ਹਿੰਦੀ ਸਿਨੇਮਾ 'ਚ ਤੁਹਾਡੀਆਂ "ਯੋਧਾ", "120 ਬਹਾਦਰ", 'ਸਾਬਰਮਤੀ ਰਿਪੋਰਟ', ਆ ਚੁੱਕੀਆਂ ਹਨ। ਦੇਸ਼ ਨਾਲ ਜੁੜੀਆਂ ਕਹਾਣੀਆਂ ਲੁਭਾਉਂਦੀਆਂ ਹਨ?**

-ਮੈਨੂੰ ਲੱਗਦਾ ਹੈ ਕਿ ਇਨ੍ਹਾਂ ਕਹਾਣੀਆਂ ਨੇ ਮੈਨੂੰ ਚੁਣਿਆ। ਇਹ ਮੇਰੇ ਲਈ ਮਾਣ ਵਾਲੀ ਗੱਲ ਹੈ। ਇਹ ਮੇਰਾ ਤਰੀਕਾ ਹੈ ਦੇਸ਼-ਭਗਤੀ ਦਰਸਾਉਣ ਦਾ। '120 ਬਹਾਦਰ ਵਾਸਤਵਿਕ ਕਹਾਣੀ ਹੈ। ਸਾਡੀਆਂ ਪਾਠ-ਕ੍ਰਮ ਦੀਆਂ ਪੁਸਤਕਾਂ 'ਚ ਇਸ ਯੁੱਧ ਬਾਰੇ ਜਾਣਕਾਰੀ ਨਹੀਂ ਹੈ। ਮੈਨੂੰ ਲੱਗਿਆ ਕਿ ਇਨ੍ਹਾਂ ਕਹਾਣੀਆਂ ਦੇ ਬਾਰੇ ਲੋਕਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। 'ਸਾਬਰਮਤੀ ਰਿਪੋਰਟ ਦੇ ਨਾਲ ਵੀ ਅਜਿਹਾ ਹੀ ਰਿਹਾ ਹੈ। ਮੇਰੇ ਅੰਦਰ ਦੀ ਦੇਸ਼-ਭਗਤੀ ਇਨ੍ਹਾਂ ਫਿਲਮਾਂ ਕਰਕੇ ਕਾਫ਼ੀ ਜਾਗੀ ਹੈ।

**-ਅਸਲ ਜ਼ਿੰਦਗੀ ਵਿਚ ਕਿਹੜਾ ਬਹਾਦਰੀ ਦਾ ਕੰਮ ਕੀਤਾ ਹੈ?**

(ਥੋੜ੍ਹਾ ਮੁਸਕਰਾਉਂਦਿਆਂ) ਜੇਕਰ ਤੁਸੀਂ ਬਹਾਦਰੀ ਦੀ ਗੱਲ ਕਰਦੇ ਹੋ ਤਾਂ ਮੇਰੇ ਲਈ ਆਤਮ-ਸਨਮਾਨ ਸਭ ਤੋਂ ਪਹਿਲਾਂ ਹੈ। ਜਦੋਂ ਮੈਨੂੰ ਲੱਗਦਾ ਹੈ ਕਿ ਕਿਸੇ ਤੋਂ ਇੱਜ਼ਤ ਘੱਟ ਮਿਲ ਰਹੀ ਹੈ ਤਾਂ ਮੈਂ ਲੜਨ ਦੀ ਬਜਾਏ ਉਥੋਂ ਚਲੀ ਜਾਂਦੀ ਹਾਂ। ਅਜਿਹੀ ਕਿਸੇ ਵੀ ਸਥਿਤੀ ਵਿਚ ਲੱਗਦਾ ਹੈ ਕਿ ਮੈਂ ਬਹੁਤ ਬਹਾਦਰ ਹਾਂ। ਕਾਫ਼ੀ ਲੋਕ ਉਸ ਹਾਲਾਤ ਵਿਚ ਰਹਿ ਜਾਣਗੇ, ਜਿਥੇ ਉਨ੍ਹਾਂ ਦੇ ਆਤਮ-ਸਨਮਾਨ ਨਾਲ ਸਮਝੌਤਾ ਹੋਵੇਗਾ ਪਰ ਮੇਰੇ ਲਈ ਹਮੇਸ਼ਾ ਤੋਂ ਹੀ ਆਤਮ-ਸਨਮਾਨ ਸਭ ਤੋਂ ਮਹੱਤਵਪੂਰਨ ਰਿਹਾ ਹੈ। ਮੈਂ ਜ਼ਿੰਦਗੀ 'ਚ ਕਈ ਅਜਿਹੇ ਫ਼ੈਸਲੇ ਲਏ ਹਨ, ਜਿਥੇ ਸਾਹਸ ਹੋਣਾ ਚਾਹੀਦਾ ਹੁੰਦਾ ਹੈ।

**-ਤੁਹਾਡੀ ਆਉਣ ਵਾਲੀ ਫਿਲਮ 'ਤਲਾਕੋਂ ਮੇਂ ਏਕ' ਕੀ ਕਹਿਣਾ ਚਾਹੁੰਦੀ ਹੈ?**

ਇਸ ਫਿਲਮ ਲਈ ਮੈਂ ਬਹੁਤ ਮਿਹਨਤ ਕੀਤੀ ਹੈ। ਇਹ ਬਹੁਤ ਇੰਟੈਂਸ ਭਰੀ ਕਹਾਣੀ ਹੈ। ਅੱਜਕੱਲ੍ਹ ਬਹੁਤ ਤਲਾਕ ਹੋ ਰਹੇ ਹਨ। ਜੋ ਲੋਕ ਰਿਲੇਸ਼ਨਸ਼ਿਪ ਵਿਚ' ਹਨ, ਉਹ ਵੀ ਇਸ ਨਾਲ ਜੁੜਿਆ ਹੋਇਆ ਮਹਿਸੂਸ ਕਰਨਗੇ। ਮੈਂ ਇਸ ਵਿਚ ਬੰਗਾਲੀ ਲੜਕੀ ਦੀ ਭੂਮਿਕਾ ਵਿਚ ਹਾਂ। ਹਾਲਾਂਕਿ ਮੇਰੇ ਜ਼ਿਆਦਾ ਡਾਇਲਾਗ ਬੰਗਲਾ ਵਿਚ ਨਹੀਂ ਹਨ। ਪਹਿਰਾਵੇ ਤੇ ਕੁਝ ਬੋਲਾਂ ਨਾਲ ਇਸ ਦੀ ਝਲਕ ਮਿਲੇਗੀ। ਇਸ ਫਿਲਮ ਦੇ ਨਿਰਦੇਸ਼ਕ ਬੰਗਾਲੀ ਹਨ। ਉਨ੍ਹਾਂ ਕਾਫ਼ੀ ਮਦਦ ਕੀਤੀ ਸੀ। ਮੈਂ ਵੀ ਇਸ ਫਿਲਮ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਹਾਂ।

**Reliable** *Trucks & Trailer Repair Shop*

7401 Brookville Road Indianapolis, IN 46239

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**
**Sam Bhullar: 317-995-2020**

## ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

**Indianapolis, IN**

Yard Address: 10318 Pendleton Pike, Indianapolis, IN 46236

**Semiyard**

Parking & Self-Storage Available

Download Semiyard App & Book

916 755 0085
Mobile & Text:
916 610 0033

SCAN ME !

Install via App Store
Install via Google Play

24/7 Access & Support

**PARK MONTHLY!**

